

TANYA'S
BEAUTY SALON
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



Fourteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 19, May 11th, 2013 20451 N Plum Grove Rd. Palatine, IL 60074 Ph:847-359-0746, Fax:847-705-9388


## ਸ਼ਹੀਦੀ ਯਾਦਗਾਰ ਬਾਰੇ ਵਿਵਾਦ ਭਖਿਆ

### ਦੋਵੇਂ ਧਿਰਾਂ ਆਪੋ-ਆਪਣੇ ਪੈਂਤੜਿਆਂ 'ਤੇ ਅੜੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਦਾ ਨਾਂ ਉਕਰਨ ਬਾਰੇ ਪੈਦਾ ਹੋਇਆ ਵਿਵਾਦ ਗੰਭੀਰ ਹੋ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਆਹਮੋ-ਸਾਹਮਣੇ ਹੋ ਗਈਆਂ ਹਨ। ਦੂਜੇ ਬੰਨ੍ਹੇ ਸ਼੍ਰੋਮਣੀ ਅਕਾਲੀ ਦਲ ਆਪਣੀ ਭਾਈਵਾਲ ਪਾਰਟੀ ਭਾਜਪਾ ਦੇ ਦਬਾਅ ਦੇ ਬਾਵਜੂਦ ਸਿੱਧੇ ਰੂਪ ਵਿਚ ਦਖ਼ਲ ਦੇਣ ਤੋਂ ਟਾਲਾ ਵੱਟ ਰਿਹਾ ਹੈ। ਉਧਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਗਈ ਹੈ ਕਿ ਯਾਦਗਾਰ ਦੇ ਨਾਂ 'ਤੇ ਇਤਿਹਾਸ ਬਾਰੇ ਬੋਰਡਾਂ ਨੂੰ ਜਿਵੇਂ ਦਾ ਤਿਵੇਂ ਰੱਖਿਆ ਜਾਵੇ। ਇਸ ਮਾਮਲੇ ਨੂੰ ਵਿਚਾਰਨ ਲਈ ਜਥੇਦਾਰ ਨੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 15 ਮਈ ਨੂੰ ਸੱਦ ਲਈ ਹੈ।



ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਦਮਦਮੀ ਟਕਸਾਲ ਨੇ ਆਪਣੇ ਪੱਧਰ 'ਤੇ ਅਜਿਹਾ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਕੀਤੀ ਹੈ। ਉਂਜ ਵੀ ਇਥੇ ਯਾਦਗਾਰ ਨੂੰ ਸਿਰਫ ਗੁਰਦੁਆਰੇ ਦੇ ਰੂਪ ਵਿਚ ਬਣਾਉਣਾ ਤੈਅ ਹੋਇਆ ਸੀ ਜੋ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੋਵੇਗੀ। ਇਸ ਲਈ ਇਹ ਯਾਦਗਾਰ ਕਿਸੇ ਇਕ ਸ਼ਹੀਦ ਦੇ ਨਾਂ 'ਤੇ ਹੋਣਾ ਜਾਇਜ਼ ਨਹੀਂ। ਇਸ ਮਾਮਲੇ ਨੂੰ ਲੈ ਕੇ ਹੁਣ ਦੋਵੇਂ ਧਿਰਾਂ ਆਪੋ-ਆਪਣੇ ਸਟੈਂਡ 'ਤੇ ਕਾਇਮ ਹਨ।

ਮਾਮਲੇ ਨੂੰ ਹੱਲ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮੱਲ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਗਈ ਸੀ ਪਰ ਇਸ ਬਾਰੇ ਹੋਈ ਮੀਟਿੰਗ ਬੇਸਿੱਟਾ ਰਹੀ। ਲੰਘੇ ਦਿਨੀਂ ਚੌਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਹੈਡ-ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੰਤ ਸਮਾਜ ਦੀ ਹੋਈ ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਉਨ੍ਹਾਂ ਨੇ ਯਾਦਗਾਰ ਦੇ ਨਾਂ ਅਤੇ ਇਤਿਹਾਸ ਵਿਚ ਕੋਈ ਤਬਦੀਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਨਾਲ ਪੰਥ ਵਿਚ ਦੋਫੇੜ ਪੈਦਾ ਹੋਵੇਗਾ ਤੇ ਉਸ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜ਼ਿੰਮੇਵਾਰ ਹੋਣਗੇ।

ਇਸ ਮੀਟਿੰਗ ਮਗਰੋਂ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ (ਧੁੰਮਾ) ਦੀ ਅਗਵਾਈ ਹੇਠ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਕੱਠੇ ਹੋ ਕੇ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ ਤੇ ਮੰਗ ਪੱਤਰ ਸੌਂਪਿਆ।

ਬਾਬਾ ਹਰਨਾਮ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੰਗ ਪੱਤਰ ਦੇ ਕੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਸਿੱਖ ਕੌਮ ਨੂੰ ਦੁਫੇੜ ਤੋਂ ਬਚਾਉਣ ਲਈ ਸ਼ਹੀਦੀ ਯਾਦਗਾਰ ਦੇ ਨਾਂਵਾਂ ਵਾਲੇ ਬੋਰਡ ਤੇ ਇਤਿਹਾਸ ਦੀ ਜਾਣਕਾਰੀ ਦੇਣ ਵਾਲਾ ਬੋਰਡ ਜਿਵੇਂ ਦਾ ਤਿਵੇਂ ਕਾਇਮ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਯਾਦਗਾਰ ਦਾ ਨਾਂ ਰੱਖਣ ਤੇ ਇਤਿਹਾਸ ਬੋਰਡ ਲਾਉਣ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਮਤਾ ਵੀ ਪਾਸ ਕੀਤਾ ਜਾ ਚੁੱਕਾ ਹੈ। ਅਜਿਹਾ ਹੀ ਫੈਸਲਾ ਯਾਦਗਾਰ ਸਬੰਧੀ ਬਣਾਈ ਗਈ ਸਬ ਕਮੇਟੀ ਵੱਲੋਂ ਕੀਤਾ ਜਾ ਚੁੱਕਾ ਹੈ।

*(ਬਾਕੀ ਸਫਾ 6 'ਤੇ)*

## 'ਪੰਥਕ ਇਕੱਤਰਤਾ ਵਿਚ ਹੋਵੇ ਫੈਸਲਾ'

**ਚੰਡੀਗੜ੍ਹ:** ਦਲ ਖਾਲਸਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ 'ਤੇ ਬਣੇ ਗੁਰਦੁਆਰਾ ਯਾਦਗਾਰ ਸ਼ਹੀਦਾਂ ਦਾ ਮਸਲਾ ਸੁਲਝਾਉਣ ਲਈ ਪੰਥਕ ਇਕੱਤਰਤਾ ਸੱਦਣ। ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਥ ਗਹਿਰੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਮੇਂ ਦੇ ਹਾਕਮ ਆਪਣੀ ਸੱਤਾ ਦੇ ਜ਼ੋਰ ਨਾਲ ਸੰਤ ਜਰਨੈਲ ਸਿੰਘ ਖਾਲਸਾ ਦਾ ਨਾਂ ਸ਼ਹੀਦੀ ਯਾਦਗਾਰ ਤੋਂ ਮਿਟਾਉਣ ਤੇ ਸ਼ਹੀਦੀ ਯਾਦਗਾਰ ਨੂੰ ਦਰਸਾਉਂਦੇ ਸਾਈਨ ਬੋਰਡ ਤੇ ਇਤਿਹਾਸ ਬੋਰਡ ਨੂੰ ਹਟਾਉਣ ਦੀਆਂ ਵਿਉਂਤਾਂ ਬਣਾ ਰਹੇ ਹਨ।

ਬੁਲਾਰੇ ਨੇ ਕਿਹਾ ਕਿ ਪੰਥ ਦੇ ਅੰਦਰੂਨੀ ਮਾਮਲਿਆਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਜਿਹੇ ਨਾਜ਼ੁਕ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਮੁੱਚੇ ਪੰਥ ਨੂੰ ਇਕਜੁੱਟ ਰੱਖਣ ਅਤੇ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖਲਅੰਦਾਜ਼ੀ ਨੂੰ ਰੋਕਣ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵੱਲੋਂ ਜੂਨ 2003 ਵਿਚ ਸ਼ਹੀਦ ਦੇ ਰੁਤਬੇ ਨਾਲ ਨਿਵਾਜਿਆ ਗਿਆ ਸੀ ਤੇ ਯਾਦਗਾਰ ਉਨ੍ਹਾਂ ਦੇ ਨਾਂ 'ਤੇ ਹੀ ਰਹਿਣੀ ਚਾਹੀਦੀ ਹੈ।

## ਸੱਜਣ ਕੁਮਾਰ ਖਿਲਾਫ ਰੋਹ ਤੇ ਰੋਸ ਭੜਕਿਆ

### ਲੋਕਾਂ ਨੇ ਮਾਰਿਆ ਹਾਅ ਦਾ ਨਾਅਰਾ



*ਨਵੀਂ ਦਿੱਲੀ ਵਿਚ ਭੁੱਖ ਹੜਤਾਲ ਉਤੇ ਬੈਠੀ ਬੀਬੀ ਨਿਰਪ੍ਰੀਤ ਕੌਰ (ਵਿਚਕਾਰ)।*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ ਚੁਰਾਸੀ ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਵੱਲੋਂ ਬਰੀ ਕੀਤੇ ਜਾਣ ਖ਼ਿਲਾਫ਼ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੇ ਵੀ ਵਿਆਪਕ ਰੋਸ ਪ੍ਰਗਟਾਇਆ ਹੈ ਜਿਸ ਤੋਂ ਬਾਅਦ ਸੀ.ਬੀ.ਆਈ. ਨੇ ਸੱਜਣ ਕੁਮਾਰ ਖ਼ਿਲਾਫ਼ ਹਾਈ ਕੋਰਟ ਜਾਣ ਦਾ ਫੈਸਲਾ ਕੀਤਾ ਹੈ। ਇਸ ਮਾਮਲੇ 'ਤੇ ਜਿਥੇ ਸਿੱਖ ਜਥੇਬੰਦੀਆਂ ਨੇ ਤਿੱਖੇ ਰੋਸ ਪ੍ਰਦਰਸ਼ਨ ਕੀਤੇ, ਉਥੇ ਦੇਸ਼ ਦੀਆਂ ਹੋਰ ਕਈ ਸਿਆਸੀ ਪਾਰਟੀਆਂ ਨੇ ਵੀ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਪੰਜਾਬ ਵਿਚ ਕਈ ਥਾਂਵਾਂ 'ਤੇ ਰੇਲਾਂ ਰੋਕੀਆਂ ਗਈਆਂ ਅਤੇ ਦਿੱਲੀ ਵਿਚ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਿਵਾਸ ਵੱਲ ਰੋਸ ਮਾਰਚ ਕੀਤੇ ਗਏ।

ਇਸ ਕੇਸ ਦੀ ਚਸ਼ਮਦੀਦ ਗਵਾਹ ਬੀਬੀ ਨਿਰਪ੍ਰੀਤ ਕੌਰ ਅਣਮਿਥੇ ਸਮੇਂ ਲਈ ਭੁੱਖ ਹੜਤਾਲ 'ਤੇ ਬੈਠ ਗਈ ਹੈ। ਕੇਸ ਦੇ ਦੂਜੇ ਦੋ ਗਵਾਹ ਬੀਬੀ ਜਗਦੀਸ਼ ਕੌਰ ਤੇ ਜਗਸ਼ੇਰ ਸਿੰਘ ਤੋਂ ਇਲਾਵਾ ਹੋਰ ਪੀੜਤ ਤੇ ਅਰਵਿੰਦ ਕੇਜਰੀਵਾਲ ਟੀਮ ਦੇ ਕਾਰਕੁਨ ਵੀ ਇਨਸਾਫ ਲਈ ਕੀਤੇ ਜਾ ਰਹੇ ਸੰਘਰਸ਼ ਵਿਚ ਪੂਰੇ ਹੌਸਲੇ ਨਾਲ ਡਟ ਗਏ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਹੈ ਕਿ ਸੱਜਣ ਕੁਮਾਰ ਨੂੰ ਨਿਰਦੋਸ਼ ਕਰਾਰ ਦੇ ਕੇ ਅਦਾਲਤ ਨੇ ਪਿਛਲੇ 29 ਵਰ੍ਹਿਆਂ ਤੋਂ ਇਸ ਕਤਲੇਆਮ ਦੀ ਪੀੜਾ ਹੰਢਾ ਰਹੇ ਪੀੜਤਾਂ ਨਾਲ ਮਜ਼ਾਕ ਕੀਤਾ ਹੈ। ਹੁਣ ਜਦ ਤੱਕ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਜਾਂਦਾ, ਉਨ੍ਹਾਂ ਦੀ ਪਾਰਟੀ ਸਿੱਖਾਂ ਨਾਲ ਮਿਲ ਕੇ ਨਾਇਨਸਾਫ਼ੀ ਖਿਲਾਫ਼ ਸੰਘਰਸ਼ ਜਾਰੀ

*(ਬਾਕੀ ਸਫਾ 6 'ਤੇ)*



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.726.6103 • 408.659.9400

# ਕਾਮਯਾਬ ਰਿਹਾ ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਸੁਸਾਇਟੀ ਦਾ ਵਿਸਾਖੀ ਮੇਲਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਇਥੇ 27 ਅਪਰੈਲ ਨੂੰ ਕਰਵਾਏ



ਗਏ ਇਸ ਦੇ ਦੂਜੇ ਵਿਸਾਖੀ ਮੇਲੇ ਵਿਚ ਵਖ ਵਖ ਉਮਰ ਦੇ ਕਲਾਕਾਰਾਂ ਨੇ ਗੀਤ-ਸੰਗੀਤ, ਗਿੱਧੇ-ਭੰਗੜੇ, ਨ੍ਰਿਤ ਦੀਆਂ ਵਖ ਵਖ ਆਈਟਮਾਂ ਅਤੇ ਭੰਡਾਂ ਨੇ ਹਾਸੇ-ਠੱਠੇ ਨਾਲ ਭਰੀਆਂ ਨਕਲਾਂ ਪੇਸ਼



ਕਰਕੇ ਪੰਜਾਬੀ ਸਭਿਆਚਾਰ ਦਾ ਰੰਗ ਬੰਨ੍ਹਿਆ। ਇਸ ਦੇ ਨਾਲ ਹੀ ਸਥਾਨਕ ਗਾਇਕਾਂ ਨਿੰਮਾ ਡਲੇਵਾਲ ਅਤੇ ਲਖਵਿੰਦਰ ਸਿੰਘ ਮਾਵੀ ਨੇ ਆਪਣੀ ਗਾਇਕੀ ਦੇ ਜੌਹਰ ਦਿਖਾਏ।

ਮੇਲੇ ਦਾ ਅਰੰਭ ਸਿੱਖੀ ਪਰੰਪਰਾ ਅਨੁਸਾਰ ਗੁਰਬਾਣੀ ਦੇ ਸ਼ਬਦ ਗਾਇਨ ਨਾਲ ਹੋਇਆ ਅਤੇ ਉਸ ਪਿਛੋਂ ਪ੍ਰਬੰਧਕਾਂ, ਕਲਾਕਾਰਾਂ ਅਤੇ ਦਰਸ਼ਕਾਂ ਨੇ ਬੋਸਟਨ ਸ਼ਹਿਰ ਵਿਚ ਹੋਏ ਬੰਬ ਧਮਾਕੇ ਵਿਚ ਮਾਰੇ ਗਏ ਲੋਕਾਂ ਪ੍ਰਤੀ ਸੋਗ ਵਜੋਂ ਦੋ ਮਿੰਟ ਦਾ ਮੌਨ ਰਖਿਆ।

ਪਰਮਾਤਮਾ ਦੀ ਅਸੀਸ ਲੈਣ ਪਿਛੋਂ ਨੰਨੇ-ਮੁੰਨੇ ਬੱਚਿਆਂ ਨੇ ਨ੍ਰਿਤ ਦੀ ਇਕ ਆਈਟਮ ਪੇਸ਼ ਕਰਕੇ ਇਹ ਦਰਸ਼ਾ ਦਿਤਾ ਕਿ ਉਨ੍ਹਾਂ ਵਿਚ ਵਡੇ ਹੋ ਕੇ ਸਮਰੱਥ ਕਲਾਕਾਰ ਬਣਨ ਦੀ ਸਮਰਥਾ ਹੈ। ਪੰਜਾਬੀ ਸਮਾਜ ਵਿਚ ਦਾਜ ਦੀ ਬੁਰਾਈ ਉਪਰ ਕਰਾਰੀ ਚੋਟ ਕਰਦਿਆਂ ਹਰਭਜਨ ਮਾਨ ਦੇ ਇਕ ਗੀਤ ਉਪਰ ਕੋਰੀਓਗ੍ਰਾਫੀ ਦੀ ਆਈਟਮ ਪੇਸ਼ ਕੀਤੀ ਗਈ ਜਿਸ ਵਿਚ ਬਾਪ ਦਾ ਰੋਲ ਕਰਦਿਆਂ ਜਗਤਾਰ ਸਿੰਘ ਫੰਟੂ ਅਤੇ ਕੁੜੀ ਦੇ ਰੋਲ ਵਿਚ ਜੋਤੀ ਨੇ ਅਜਿਹੀ ਅਦਾਕਾਰੀ ਕੀਤੀ ਕਿ ਬਹੁਤ ਸਾਰੇ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ। 'ਰਹੇ ਮਿੱਤਰਾਂ ਦੀ ਚੜ੍ਹਦੀ ਕਲਾ' ਨਾਂ ਦੀ ਭੰਗੜਾ ਟੀਮ ਦੇ ਮੁੰਡਿਆਂ ਨੇ ਦਰਸ਼ਕਾਂ ਨੂੰ ਜਚਾ ਦਿਤਾ ਕਿ ਉਹ ਸੱਚਮੁਚ ਹੀ ਚੜ੍ਹਦੀ ਕਲਾ ਵਾਲੇ ਮੁੰਡੇ ਹਨ।



ਰੰਗ-ਬਰੰਗੀਆਂ ਚੁਨੀਆਂ ਸਿਰ 'ਤੇ ਲੈ ਕੇ ਕੁੜੀਆਂ ਦੇ ਮਹਿੰਦੀ ਗਰੁਪ ਨੇ ਪੰਜਾਬੀ ਨ੍ਰਿਤ ਪੇਸ਼ ਕੀਤਾ। ਰੰਗ-ਬਰੰਗੇ ਸੂਟ ਤੇ ਲਹਿੰਗੇ ਪਹਿਨੀ ਕੁੜੀਆਂ ਦੇ ਵਖ ਵਖ ਗਰੁਪਾਂ ਨੇ ਗਿੱਧੇ ਅਤੇ ਚਾਦਰੇ ਬੰਨ੍ਹੀ ਮੁੰਡਿਆਂ ਦੀਆਂ ਵਖ ਵਖ ਟੀਮਾਂ ਨੇ ਭੰਗੜੇ ਦੀਆਂ ਆਈਟਮਾਂ ਪੇਸ਼ ਕਰਕੇ ਦਰਸ਼ਕਾਂ ਲਈ ਮੇਲੇ ਦਾ ਨਜ਼ਾਰਾ ਬੰਨ੍ਹ ਦਿਤਾ। ਸਥਾਨਕ ਗਾਇਕਾਂ ਲਖਵਿੰਦਰ ਸਿੰਘ ਮਾਵੀ ਅਤੇ ਨਿੰਮਾ ਡਲੇਵਾਲ ਨੇ ਪੰਜਾਬੀਅਤ ਨੂੰ ਸਮਰਪਿਤ ਸਭਿਆਚਾਰਕ ਗੀਤ ਪੇਸ਼ ਕਰਕੇ ਨਰੋਈ ਗਾਇਕੀ ਨੂੰ ਸਲਾਮ ਕੀਤਾ।

ਗੁਰਦਾਸ ਮਾਨ ਦੇ ਇਕ ਗੀਤ 'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ' 'ਤੇ ਅਨਮੋਲ ਮਾਵੀ ਦੇ ਗਰੁਪ ਨੇ ਇਡੀ ਵਧੀਆ ਕੋਰੀਓਗ੍ਰਾਫੀ ਪੇਸ਼ ਕੀਤੀ ਕਿ ਦਰਸ਼ਕਾਂ, ਖਾਸ ਕਰਕੇ ਵਡੇਰੀ ਉਮਰ ਦੇ ਲੋਕਾਂ ਨੂੰ ਆਪਣੇ ਪਿੰਡ ਦੀਆਂ ਗਲੀਆਂ ਅਤੇ ਕੋਠਿਆਂ 'ਤੇ ਦੋ ਮੰਜੇ ਜੋੜ ਲਗਦੇ ਸਪੀਕਰਾਂ ਦੀ ਯਾਦ ਤਾਜਾ ਕਰਵਾ ਦਿਤੀ। ਅਕਸ਼ੇ ਕੁਮਾਰ ਤੇ ਅਨਮੋਲ ਮਾਵੀ ਦੀ ਸਕਿਟ ਵੀ ਖੂਬ ਰਹੀ ਜਿਸ ਵਿਚ ਹਿੰਦੂ-ਸਿੱਖ ਸਾਂਝੀਵਾਲਤਾ ਦਾ ਸੁਨੇਹਾ ਦਿਤਾ ਗਿਆ ਸੀ। ਕੁੜੀਆਂ ਦੇ ਇਕ ਗਰੁਪ ਨੇ 'ਸੰਮੀ' ਪੰਜਾਬੀ ਲੋਕ ਨਾਚ ਪੇਸ਼ ਕਰਕੇ ਦਰਸ਼ਕਾਂ ਦੀਆਂ ਭਰਪੂਰ ਤਾੜੀਆਂ ਹਾਸਲ ਕੀਤੀਆਂ। 'ਪੰਜਾਬਣਾਂ ਮਜਾਜਣਾਂ' ਨਾਂ ਦੀ ਗਿੱਧਾ ਟੀਮ ਨੇ ਅਡੀਆਂ ਮਾਰ ਮਾਰ ਪਾਏ ਗਿੱਧੇ ਨਾਲ ਧਰਤੀ ਪੁਟਣੀ ਲਾਈ ਰਖੀ।

ਮੇਲੇ ਦੀ ਇਕ ਹੋਰ ਬਹੁਤ ਵਧੀਆ ਆਈਟਮ ਸੀ, 'ਭੰਡ' ਜਿਸ ਵਿਚ ਫਿਲਮ ਕਲਾਕਾਰ ਅਤੇ ਨਿਰਦੇਸ਼ਕ ਬੌਬ ਖਹਿਰਾ ਅਤੇ ਪਵਨਦੀਪ ਨੇ ਦਰਸ਼ਕਾਂ ਦੇ ਅਜਿਹੀਆਂ ਕੁਤਕੁਤਾਰੀਆਂ ਕੱਢੀਆਂ ਕਿ ਕਈਆਂ ਦੀਆਂ ਹੱਸ ਹੱਸ ਵਖੀਆਂ ਪੀੜ ਕਰਨ ਲਗ ਪਈਆਂ। ਮਾਹੌਲ ਨੂੰ ਜਰਾ ਕੁ ਗੰਭੀਰ ਰੁਖ ਦਿੰਦਿਆਂ ਕੁਮਾਰ ਪਵਨਦੀਪ ਨੇ ਭਾਰਤ ਵਿਚ ਰਿਸਵਤਖੋਰੀ ਦੀ ਬੁਰਾਈ 'ਤੇ ਚੋਟ ਕਰਦੀ ਇਕ ਸਕਿਟ 'ਟੋਆ' ਪੇਸ਼ ਕੀਤੀ ਜਿਸ ਦੀ ਦਰਸ਼ਕਾਂ ਨੇ ਭਰਪੂਰ ਦਾਦ ਦਿਤੀ। ਪ੍ਰੋਗਰਾਮ ਦੀ ਆਖਰੀ ਆਈਟਮ ਸੀ-'ਝੂਮਰ' ਜਿਸ ਨੇ








ਦਰਸ਼ਕਾਂ ਨੂੰ ਵਾਹ ਵਾਹ ਕਹਿਣ ਲਈ ਮਜਬੂਰ ਕਰ ਦਿਤਾ।

ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਆਗਿਆਪਾਲ ਸਿੰਘ, ਪਵਨਦੀਪ ਕੁਮਾਰ ਅਤੇ ਭੁਪਿੰਦਰ ਕੌਰ ਮਾਵੀ ਨੇ ਬਾਖੂਬੀ ਕੀਤਾ। ਇਸ ਮੇਲੇ ਲਈ ਦਰਸ਼ਕਾਂ ਵਿਚ ਇਨ੍ਹਾਂ ਉਤਸ਼ਾਹ ਸੀ ਕਿ ਮਨਰੋ ਹਾਈ ਸਕੂਲ ਦਾ ਹਾਲ ਛੋਟਾ ਪੈ ਗਿਆ ਅਤੇ ਕਈ ਦਰਸ਼ਕਾਂ ਨੂੰ ਮੇਲਾ ਖੜੇ ਹੋ ਕੇ ਦੇਖਣਾ ਪਿਆ।

ਬੱਚਿਆਂ ਦੀ ਹੌਸਲਾ ਅਫਜਾਈ ਲਈ ਸ਼ੇਰੇ ਪੰਜਾਬ ਸਪੋਰਟਸ ਅਤੇ ਕਲਚਰਲ ਸੁਸਾਇਟੀ ਵਲੋਂ ਮੈਡਲ ਅਤੇ 25-25 ਡਾਲਰ ਦੇ ਨਗਦ ਇਨਾਮ ਦਿਤੇ ਗਏ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਾਰੇ ਗਰੁਪਾਂ ਦਾ ਸਨਮਾਨ ਕਲੱਬ ਵਲੋਂ ਵਖ ਵਖ ਸਪਾਂਸਰਾਂ ਤੋਂ ਕਰਵਾਇਆ ਗਿਆ। ਇਸ ਮੇਲੇ ਦੀ ਕਾਮਯਾਬੀ ਵਿਚ ਜਿਥੇ ਨਿੱਕੇ-ਵਡੇ ਕਲਾਕਾਰਾਂ ਦੀ ਮਿਹਨਤ ਨੇ ਹਿੱਸਾ ਪਾਇਆਂ ਉਥੇ ਇਸ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਦੀ ਅਗਵਾਈ ਹੇਠ ਸ਼ੇਰੇ ਪੰਜਾਬ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ-ਜਸਵੰਤ ਸਿੰਘ ਜੱਸੀ, ਸੁਰਿੰਦਰ ਸਿੰਘ ਚੀਮਾ, ਸੁਰਜੀਤ ਸਿੰਘ ਮਾਵੀ, ਜਸਦੇਵ ਸਿੰਘ, ਗਿੱਲ, ਬਲਜੀਤ ਸਿੰਘ, ਪਰਮਿੰਦਰ ਸਿੰਘ ਤੱਖਰ, ਗੁਰਮਿੰਦਰ ਸਿੰਘ ਸੰਧੂ, ਸੁਸ਼ੀਲ ਅਗਰਵਾਲ, ਕੁਮਾਰ ਪਵਨਦੀਪ, ਬਲਬੀਰ ਸਿੰਘ ਬਾਠ, ਚਰਨਜੀਤ ਸਿੰਘ ਬਰਾੜ ਅਤੇ ਪਵਿੱਤਰ ਸਿੰਘ ਸਿੱਧੂ ਨੇ ਵੀ ਦਿਨ-ਰਾਤ ਇਕ ਕਰੀ ਰਖਿਆ।

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਨੇ ਆਏ ਦਰਸ਼ਕਾਂ ਅਤੇ ਮੇਲੇ ਦੀ ਮਾਲੀ ਮਦਦ ਕਰਨ ਵਾਲੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਦੇ ਪ੍ਰੋਗਰਾਮਾਂ ਨੂੰ ਹੋਰ ਵੀ ਵਧੀਆ ਬਣਾਉਣ ਲਈ ਭਰਪੂਰ ਯਤਨ ਕੀਤੇ ਜਾਣਗੇ।

## ਡੇਰਾ ਸਿਰਸਾ ਮੁਖੀ ਦੀ ਅਗਲੀ ਪੇਸ਼ੀ 21 ਨੂੰ

**ਸਿਰਸਾ:** ਡੇਰਾ ਸਿਰਸਾ ਮੁਖੀ ਦੀ ਛੱਤਰਪਤੀ ਤੇ ਰਣਜੀਤ ਸਿੰਘ ਕਤਲ ਕਾਂਡ ਵਿਚ ਅਗਲੀ ਪੇਸ਼ੀ 18 ਮਈ ਤੇ ਸਾਧਵੀ ਸਰੀਰਕ ਸ਼ੋਸ਼ਣ ਵਿਚ ਅਗਲੀ ਪੇਸ਼ 21 ਮਈ ਤੈਅ ਕੀਤੀ ਗਈ ਹੈ। ਉਸ ਨੂੰ ਸੱਤ ਮਈ ਨੂੰ ਸਾਧਵੀ ਦੇ ਸਰੀਰਕ ਸ਼ੋਸ਼ਣ, ਡੇਰੇ ਦੇ ਸਾਬਕਾ ਸ਼ਰਧਾਲੂ ਰਣਜੀਤ ਸਿੰਘ ਕਤਲ ਕਾਂਡ ਤੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕਾਂਡ ਵਿਚ ਸੀਬੀਆਈ ਦੀ ਪੰਚਕੂਲਾ ਵਿਚ ਸਥਿਤ ਵਿਸ਼ੇਸ਼ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਇਹ ਪੇਸ਼ੀ ਸਿਰਸਾ ਦੀ ਅਦਾਲਤ ਵਿਚ ਬਣੇ ਵਿਸ਼ੇਸ਼ ਵੀਡਿਓ ਕਾਨਫਰੰਸਿੰਗ ਰੂਮ ਵਿਚ ਹੋਈ। ਇਸ ਪੇਸ਼ੀ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੇਰਾ ਮੁਖੀ ਦੀ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ ਦੇ ਨਾਲ ਨਾਲ ਡੇਰਾ ਪ੍ਰੇਮੀ ਵੀ ਵੱਡੀ ਗਿਣਤੀ ਵਿਚ ਅਦਾਲਤ ਨੂੰ ਜਾਣ ਵਾਲੀਆਂ ਸੜਕਾਂ ਤੇ ਅਦਾਲਤ ਦੇ ਬਾਹਰ ਟੋਲੀਆਂ ਬਣਾ ਕੇ ਖੜ੍ਹੇ ਸਨ।

## ਅਦਾਲਤ ਵੱਲੋਂ ਰਾਜੋਆਣਾ ਵਿਰੁੱਧ ਦੋਸ਼ ਆਇਦ

**ਪਟਿਆਲਾ:** ਪਟਿਆਲਾ ਦੀ ਕੇਂਦਰੀ ਜੇਲ੍ਹ ਦੀ 16 ਨੰਬਰ ਕੋਠੜੀ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਜੋ ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ, ਨੂੰ ਜੁਡੀਸ਼ੀਅਲ ਮੈਜਿਸਟ੍ਰੇਟ ਦੀਪਿਕਾ ਦੀ ਅਦਾਲਤ ਵਿਚ ਭਾਰੀ ਸੁਰੱਖਿਆ ਪ੍ਰਬੰਧਾਂ ਤਹਿਤ ਪੇਸ਼ ਕੀਤਾ ਗਿਆ। ਅਦਾਲਤ ਨੇ 25 ਆਰਮਜ਼ ਐਕਟ ਤਹਿਤ ਰਾਜੋਆਣਾ ਵਿਰੁੱਧ ਦੋਸ਼ ਆਇਦ ਕੀਤੇ ਤੇ ਅਗਲੀ ਸੁਣਵਾਈ ਤੇ ਗਵਾਹੀਆਂ ਦਾ ਸਿਲਸਿਲਾ 15 ਮਈ ਤੋਂ ਸ਼ੁਰੂ ਹੋਵੇਗਾ। ਪੇਸ਼ੀ ਮੌਕੇ ਰਾਜੋਆਣਾ ਦੇ ਕੇਸਰੀ ਦਸਤਾਰ ਤੇ ਨੀਲਾ ਬਾਣਾ ਪਾਇਆ ਸੀ। ਉਹ ਪੁਲਿਸ ਦੀ ਹਿਰਾਸਤ ਵਿਚ ਵੀ ਖ਼ੁਸ਼ ਨਜ਼ਰ ਆਇਆ।

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

DCL Trucking
743 Legacy Blvd,
Greenwood, IN 46143

ਓਨਰ ਅਪਰੇਟਰਾਂ ਦੀ ਲੋੜ ਹੈ



ਪੱਕੇ ਲੋਡ

Quick payment via Direct Deposit

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ

ਸੰਪਰਕ ਕਰੋ: ਪਰਮਿੰਦਰ
ਫੋਨ: 317-399-9800
e-mail: info@DCLTrucking.com

We work in all 48 States
24/7 Dispatch Available

# ਸਿੱਖ ਵਫਦ ਦੀ ਗਵਰਨਰ ਮਲੋਏ ਨਾਲ ਮੁਲਾਕਾਤ

**ਸਾਊਥਿੰਗਟਨ, ਕੁਨੈਕਟੀਕਟ (ਬਿਊਰੋ):** ਸਾਊਥਿੰਗਟਨ ਚੈਂਬਰ ਆਫ ਕਾਮਰਸ ਵਲੋਂ ਕੁਨੈਕਟੀਕਟ ਦੇ ਗਵਰਨਰ ਡੈਨਲ ਪੀ ਮਲੋਏ ਨਾਲ ਇਕ ਡਿਨਰ ਮੀਟਿੰਗ ਕੀਤੀ ਗਈ ਜਿਸ ਵਿਚ ਸਿੱਖ ਭਾਈਚਾਰੇ ਦੇ ਪਤਵੰਤੇ ਵੀ ਸ਼ਾਮਲ ਹੋਏ। ਗਵਰਨਰ ਮਲੋਏ ਸਟੇਟ ਦੇ ੮੮ਵੇਂ



*ਕੁਨੈਕਟੀਕਟ ਦੇ ਗਵਰਨਰ ਨਾਲ ਸਿੱਖ ਭਾਈਚਾਰੇ ਦੇ ਪਤਵੰਤੇ*

ਗਵਰਨਰ ਹਨ ਅਤੇ ਸਟੇਟ ਦੇ ਕਲੀਨ ਇਲੈਕਸ਼ਨ ਪ੍ਰੋਗਰਾਮ ਤਹਿਤ ਚੁਣੇ ਗਏ ਪਹਿਲੇ ਗਵਰਨਰ ਹਨ। ਉਹ ਸਟੈਮ ਫੋਰਡ ਕਲਚਰਲ ਡਿਵੈਲਪਮੈਂਟ ਆਰਗੇਨਾਈਜੇਸ਼ਨ ਦੇ ਮੈਂਬਰ ਵੀ ਰਹੇ ਹਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਟੇਟ ਦੇ ਅਰਥਚਾਰੇ ਨੂੰ ਮਜ਼ਬੂਤ ਬਣਾਉਣ ਅਤੇ ਲੋਕਾਂ ਲਈ ਹੋਰ ਜੌਬਾਂ ਬਣਾਉਣ ਪ੍ਰਤੀ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਸਟੇਟ ਦੇ ਲੋਕਾਂ ਨੂੰ ਸਸਤੀ ਬਿਜਲੀ ਮੁਹੱਈਆ ਕਰਨ ਦੇ ਪ੍ਰੋਗਰਾਮ ਉਪਰ ਤਨਦੇਹੀ ਨਾਲ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਉਹ ਆਪਣੇ ਇਸ ਮਕਸਦ ਵਿਚ ਕਾਮਯਾਬ ਹੋਣਗੇ। ਮੀਟਿੰਗ ਵਿਚ ਸ਼ਾਮਲ ਲੋਕਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਗਵਰਨਰ ਨੇ ਕਿਹਾ ਕਿ ਛੋਟੇ ਬਿਜਨਸਮੈਨਾਂ ਦੀ ਪੂਰੀ ਮਦਦ ਕੀਤੀ ਜਾਵੇਗੀ ਜੋ ਕਿ ਰੁਜ਼ਗਾਰ ਪੈਦਾ ਕਰਨ ਦਾ ਵੱਡਾ ਵਸੀਲਾ ਹਨ।

ਇਸ ਮੀਟਿੰਗ ਵਿਚ ਕੁਨੈਕਟੀਕਟ ਸਿੱਖ ਐਸੋਸੀਏਸ਼ਨ ਦੇ ਮੈਂਬਰ ਕੰਵਲਜੀਤ ਸਿੰਘ ਦੇ ਉਦਮ ਨਾਲ ਸਿੱਖ ਨੁਮਾਇੰਦਿਆਂ ਲਈ ਇਕ ਵੱਖਰਾ ਟੇਬਲ ਰਾਖਵਾਂ ਰੱਖਿਆ ਗਿਆ ਸੀ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੈਂਬਰ ਸਵਰਨਜੀਤ ਸਿੰਘ ਖਾਲਸਾ ਵੀ ਇਨ੍ਹਾਂ ਵਿਚ ਸ਼ਾਮਲ ਸਨ। ਇਸ ਤੋਂ ਇਲਾਵਾ ਗੁਰਦੁਆਰਾ ਸਾਊਥਿੰਗਟਨ ਸਿੱਖ ਟੈਂਪਲ ਦੇ ਹੈਡ ਗ੍ਰੰਥੀ ਭਾਈ ਕੁਲਵੰਤ ਸਿੰਘ ਸਮਰਾ, ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਚਾਵਲਾ, ਹਰਪਾਲ ਸਿੰਘ ਚਾਵਲਾ, ਮਨਿੰਦਰ ਸਿੰਘ, ਮਲਕੀਤ ਸਿੰਘ ਸੇਖੋਂ, ਦਰਸ਼ਨ ਸਿੰਘ ਬਾਜਵਾ ਅਤੇ ਹੋਰ ਸਿੱਖ ਨੁਮਾਇੰਦੇ ਸ਼ਾਮਲ ਸਨ। ਗੁਰਦੁਆਰਾ ਸਿੱਖ ਟੈਂਪਲ ਦੀ ਨੁਮਾਇੰਦਗੀ ਕਰਦਿਆਂ ਦਰਸ਼ਨ ਸਿੰਘ ਬਾਜਵਾ ਅਤੇ ਕੁਲਵੰਤ ਸਿੰਘ ਸਮਰਾ ਨੇ ਸਵਰਨਜੀਤ ਸਿੰਘ ਖਾਲਸਾ ਵਲੋਂ ਲਿਆਂਦੀ ਗਈ ਸ਼ੀਲਡ ਗਵਰਨਰ ਨੂੰ ਭੇਟ ਕੀਤੀ। ਇਸ ਸ਼ੀਲਡ ਉਤੇ ਅੰਗਰੇਜ਼ੀ ਵਿਚ ਲਿਖਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਸਮੁੱਚੀ ਮਨੁੱਖਤਾ ਲਈ ਹੈ। ਇਕ ਮੱਗ ਵੀ ਭੇਟ ਕੀਤਾ ਗਿਆ ਜਿਸ ਉਤੇ ਲਿਖਿਆ ਹੋਇਆ ਸੀ, ਸਰਬੱਤ ਦਾ ਭਲਾ।

# ਪਾਰਟੀ ਹਾਈ ਕਮਾਨ ਤੋਂ ਅਕਾਲੀ ਦਲ-ਅਮਰੀਕਾ ਦਾ ਨਵਾਂ ਪ੍ਰਧਾਨ ਨਿਯੁਕਤ ਕਰਨ ਦੀ ਮੰਗ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਨੇ ਪਾਰਟੀ ਹਾਈ ਕਮਾਨ ਤੋਂ ਅਮਰੀਕਾ ਇਕਾਈ ਦਾ ਨਵਾਂ ਪ੍ਰਧਾਨ ਨਿਯੁਕਤ ਕਰਨ ਦੀ ਮੰਗ ਕੀਤੀ ਹੈ। ਦਲ ਦੀ ਇਥੇ ਹੋਈ



ਇਕ ਮੀਟਿੰਗ ਵਿਚ ਇਸ ਸਬੰਧੀ ਮਤਾ ਪਾਸ ਕੀਤਾ ਗਿਆ। ਇਹ ਮਤਾ ਜੂਨ ਮਹੀਨੇ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਪਾਰਟੀ ਦੇ ਐਨ ਆਰ ਆਈ ਮਾਮਲਿਆਂ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਅੱਗੇ ਰੱਖਣ ਦਾ ਵੀ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਇਸ ਮੀਟਿੰਗ ਵਿਚ ਅਮਰੀਕਾ ਦੀਆਂ ਕੁਝ ਇਕਾਈਆਂ ਵਲੋਂ ਮੌਜੂਦਾ ਪ੍ਰਧਾਨ ਮਨਜੀਤ ਸਿੰਘ ਦਸੂਹਾ ਨੂੰ ਬਦਲਣ ਦੀ ਮੰਗ ਦੀ ਵੀ ਹਮਾਇਤ ਕੀਤੀ ਗਈ ਕਿਉਂਕਿ ਉਨ੍ਹਾਂ ਦੀ ਟਰਮ ਪੂਰੀ ਹੋ ਚੁਕੀ ਹੈ।

ਮੀਟਿੰਗ ਵਿਚ ਹਾਲ ਹੀ ਵਿਚ ਪਾਕਿਸਤਾਨ ਵਿਚ ਕਤਲ ਕੀਤੇ ਗਏ ਸਰਬਜੀਤ ਸਿੰਘ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਿਆ ਗਿਆ। ਕੇਂਦਰ ਸਰਕਾਰ ਤੋਂ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਤੁਰਤ ਰਿਹਾਈ ਦੀ ਵੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਮੀਟਿੰਗ ਵਿਚ ਬੋਲਦਿਆਂ ਵੱਖ ਵੱਖ ਆਗੂਆਂ ਨੇ ਪੰਜਾਬ ਵਿਚ ਹੋ ਰਹੀਆਂ ਜ਼ਿਲ੍ਹਾ ਪ੍ਰੀਸ਼ਦ, ਨਗਰ ਪਾਲਿਕਾ ਅਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਵਿਚ ਅਕਾਲੀ ਉਮੀਦਵਾਰਾਂ ਦੀ ਭਰਵੀਂ ਹਮਾਇਤ ਕਰਨ ਦਾ ਸੱਦਾ ਦਿੱਤਾ ਤਾਂ ਕਿ ਪੰਜਾਬ ਸਰਕਾਰ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ ਜਾ ਸਕਣ।

ਪਾਰਟੀ ਦੇ ਜਨਰਲ ਸਕੱਤਰ ਮਲਕੀਤ ਸਿੰਘ ਸਰੀਂਹ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਗੁਰਤੇਜ ਸਿੰਘ ਵੜੈਚ, ਕਰਨੈਲ ਸਿੰਘ ਬਾਠ, ਡਾ. ਸੁਬੇਗ ਸਿੰਘ ਵਿਰਕ, ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਬਾਠ, ਕੁਲਦੀਪ ਸਿੰਘ ਵੜੈਚ ਤੇ ਹਰਜੀਤ ਸਿੰਘ ਧਾਲੀਵਾਲ, ਪੁਸ਼ਪਿੰਦਰ ਸਿੰਘ ਲਾਲੀ ਅਤੇ ਜਰਨੈਲ ਸਿੰਘ ਗਿਲਜ਼ੀਆਂ ਤੋਂ ਇਲਾਵਾ ਬਹੁਤ ਸਾਰੇ ਅਕਾਲੀ ਹਮਾਇਤੀ ਪਹੁੰਚੇ ਹੋਏ ਸਨ।

# ਹੁਣ ਬਾਂਸਲ ਵੱਢੀ ਕੇਸ ਨੇ ਮਨਮੋਹਨ ਸਰਕਾਰ ਨੂੰ ਵਖਤ ਪਾਇਆ

**ਨਵੀਂ ਦਿੱਲੀ:** ਰੇਲ ਮੰਤਰੀ ਪਵਨ ਕੁਮਾਰ ਬਾਂਸਲ ਦੇ ਭਾਣਜੇ ਵਿਜੈ ਸਿੰਗਲਾ ਵੱਲੋਂ 90 ਲੱਖ ਰੁਪਏ ਵੱਢੀ ਲੈਣ ਦੇ ਮਾਮਲੇ ਨੇ ਮਨਮੋਹਨ ਸਿੰਘ ਸਰਕਾਰ ਨੂੰ ਫਿਰ ਵਖਤ ਪਾ ਦਿੱਤਾ ਹੈ। ਸਰਕਾਰ ਪਹਿਲਾਂ ਹੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਉਲਝੀ ਹੋਈ ਹੈ ਅਤੇ ਵਿਰੋਧੀ ਧਿਰ ਨੇ ਸਬੰਧਤ ਮੰਤਰੀਆਂ ਦੇ ਅਸਤੀਫਿਆਂ ਦੀ ਮੰਗ ਨੂੰ ਲੈ ਕੇ ਇਸ ਵਾਰ ਵੀ ਸੰਸਦ ਦੀ ਕਾਰਵਾਈ ਨਹੀਂ ਚੱਲਣ ਦਿੱਤੀ।

ਗੌਰਤਲਬ ਹੈ ਕਿ ਵਿਜੈ ਸਿੰਗਲਾ ਨੇ ਰੇਲਵੇ ਬੋਰਡ ਦੇ ਮੈਂਬਰ (ਸਟਾਫ) ਮਹੇਸ਼ ਕੁਮਾਰ ਨੂੰ ਮੈਂਬਰ (ਇਲੈਕਟਰੀਕਲ) ਵਜੋਂ ਤਰੱਕੀ ਦਿਵਾਉਣ ਲਈ ਉਸ ਨਾਲ 12 ਕਰੋੜ ਰੁਪਏ ਦਾ ਸੌਦਾ ਕੀਤਾ ਸੀ ਅਤੇ ਇਸ ਦੀ 90 ਲੱਖ ਰੁਪਏ ਦੀ ਪਹਿਲੀ ਹੀ ਕਿਸ਼ਤ ਸੀ.ਬੀ.ਆਈ. ਨੇ ਫੜ ਲਈ। ਵਿਜੈ ਸਿੰਗਲਾ, ਮਹੇਸ਼ ਕੁਮਾਰ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਸ ਦੌਰਾਨ ਸ੍ਰੀ ਪਵਨ ਬਾਂਸਲ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਸਮੇਤ ਕਾਂਗਰਸ ਦੀ ਲੀਡਰਸ਼ਿਪ ਸਾਹਮਣੇ ਆਪਣਾ ਪੱਖ ਪੇਸ਼ ਕੀਤਾ। ਫਿਲਹਾਲ ਕਾਂਗਰਸ ਤੇ ਸਰਕਾਰ ਆਪਣੇ ਰੇਲ ਮੰਤਰੀ ਬਾਂਸਲ ਤੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਦੇ ਹੱਕ ਵਿਚ ਡਟ ਗਏ ਹਨ। ਵਿਰੋਧੀ ਧਿਰ ਵੱਲੋਂ ਕੀਤੀ ਜਾ ਰਹੀ ਇਨ੍ਹਾਂ ਦੇ ਅਸਤੀਫਿਆਂ ਦੀ ਮੰਗ ਨੂੰ ਕਾਂਗਰਸ ਤੇ ਸਰਕਾਰ ਨੇ ਉਕਾ ਹੀ ਨਾਮਨਜ਼ੂਰ ਕਰ ਦਿੱਤਾ ਹੈ। ਚੇਤੇ ਰਹੇ ਕਿ ਕੋਲਾ ਬਲਾਕ ਵੰਡ ਮਾਮਲੇ ਦੀ ਜਾਂਚ ਰਿਪੋਰਟ ਵਿਚ ਤਬਦੀਲੀ ਕਰਨ ਦੇ ਮਾਮਲੇ ਵਿਚ ਕਾਨੂੰਨ ਮੰਤਰੀ ਬੁਰੀ ਤਰ੍ਹਾਂ ਫਸ ਗਏ ਹਨ। ਸੂਤਰਾਂ ਮੁਤਾਬਕ ਇਸ ਮਾਮਲੇ ਵਿਚ ਸੀ.ਬੀ.ਆਈ. ਸ੍ਰੀ ਬਾਂਸਲ ਕੋਲੋਂ ਵੀ ਪੁੱਛ-ਪੜਤਾਲ ਕਰ ਸਕਦੀ ਹੈ।

ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਚੰਡੀਗੜ੍ਹ ਤੋਂ ਸੰਸਦ ਮੈਂਬਰ ਰਹੇ ਸੱਤਪਾਲ ਜੈਨ ਨੇ ਕਿਹਾ ਕਿ ਵੱਢੀ ਵਾਲੇ ਮਾਮਲੇ ਵਿਚ ਬਾਂਸਲ ਪੂਰੀ ਤਰ੍ਹਾਂ ਸ਼ਾਮਲ ਹੈ। ਬਾਂਸਲ ਦੇ ਆਪਣੇ ਭਾਣਜੇ ਵਿਜੈ ਸਿੰਗਲਾ ਨਾਲ ਵਪਾਰਕ ਰਿਸ਼ਤੇ ਸਨ। ਉਨ੍ਹਾਂ ਨੇ ਦਸਤਾਵੇਜ਼ ਦਿਖਾਉਂਦਿਆਂ ਦੱਸਿਆ ਕਿ ਜੇ.ਟੀ.ਐਲ. ਇਨਫਰਾ ਲਿਮਟਿਡ ਨਾਮ ਦੀ ਕੰਪਨੀ ਵਿਚ ਜਿੱਥੇ ਸੀ.ਬੀ.ਆਈ. ਵੱਲੋਂ 90 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਫੜੇ ਵਿਜੇ ਸਿੰਗਲਾ ਡਾਇਰੈਕਟਰ ਹੈ, ਉਥੇ ਇਸ ਮੰਤਰੀ ਦਾ ਭਤੀਜਾ ਵਿਕਰਮ ਬਾਂਸਲ ਵੀ ਡਾਇਰੈਕਟਰ ਹੈ। ਵਿਕਰਮ ਬਾਂਸਲ ਵੱਲੋਂ ਇਸ ਕੰਪਨੀ ਦੇ ਡਾਇਰੈਕਟਰ ਵਜੋਂ ਆਪਣਾ ਪਤਾ ਸ੍ਰੀ ਬਾਂਸਲ ਦਾ ਘਰ (ਮਕਾਨ ਨੰਬਰ 64 ਸੈਕਟਰ 28 ਏ) ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਕੰਪਨੀ ਬੰਸੀ ਰੌਨੈਕ ਐਨਰਜੀ ਗਰੁੱਪ ਲਿਮਟਿਡ ਵਿਚ ਵੀ ਰੇਲ ਮੰਤਰੀ ਦਾ ਭਤੀਜਾ ਵਿਕਰਮ ਬਾਂਸਲ ਅਤੇ ਪੁੱਤਰ ਅਮਿਤ ਕੁਮਾਰ ਬਾਂਸਲ ਡਾਇਰੈਕਟਰ ਹਨ। ਇਸ ਕੰਪਨੀ ਵਿਚ ਵੀ ਵਿਕਰਮ ਬਾਂਸਲ ਨੇ ਆਪਣਾ ਪਤਾ ਸੈਕਟਰ 28 ਏ ਦੀ ਕੋਠੀ ਨੰਬਰ 64 ਲਿਖਾਇਆ ਹੈ।

## ਗੁਰੂ ਗ੍ਰੰਥ ਸਾਹਿਬ ਦੀ ਸੰਭਾਲ ਬਾਰੇ ਚੇਤੰਨ ਹੋਣ ਦੀ ਹਦਾਇਤ

**ਅੰਮ੍ਰਿਤਸਰ:** ਕਰਤਾਰਪੁਰ ਦੇ ਨਾਲ ਲੱਗਦੇ ਪਿੰਡ ਚੱਕਰਾਲਾ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਮੀਰੀ-ਪੀਰੀ ਸਿੰਘ ਸਭਾ ਦੀ ਇਮਾਰਤ ਵਿਚ ਬੀਤੇ ਦਿਨ ਬਿਜਲੀ ਦਾ ਸ਼ਾਟ ਸਰਕਟ ਹੋਣ ਕਰਕੇ ਲੱਗੀ ਅੱਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ, ਅੱਠ ਸੈਂਚੀਆਂ ਤੇ ਕਰੀਬ ਪੰਜਾਹ ਗੁਟਕੇ ਅਗਨ ਭੇਟ ਹੋਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੁਖ ਪ੍ਰਗਟਾਇਆ ਹੈ। ਉਨ੍ਹਾਂ ਸਮੂਹ ਕਮੇਟੀਆਂ, ਸਭਾ ਸੁਸਾਇਟੀਆਂ ਤੇ ਪ੍ਰਬੰਧਕਾਂ ਨੂੰ ਕਿਹਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦ ਹੋਣ।

# ਸਿੱਖ ਕਤਲੇਆਮ ਬਾਰੇ ਅੰਕੜਿਆਂ ਵਿਚ ਵੱਡਾ ਘਾਲਾਮਾਲਾ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਖ਼ਿਲਾਫ਼ ਪੁਲਿਸ ਨੇ 831 ਐਫਆਈਆਰਜ਼ ਰੱਦ ਕਰ ਦਿੱਤੀਆਂ ਹਨ। ਪੁਲਿਸ ਵੱਲੋਂ ਦੇਸ਼ ਭਰ ਵਿਚ 1815 ਪਰਚੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਸਿਰਫ 728 ਮਾਮਲੇ ਅਦਾਲਤ ਵਿਚ ਸੁਣਵਾਈ ਲਈ ਭੇਜੇ ਗਏ ਸਨ। ਅਜੇ 73 ਕੇਸ ਅਦਾਲਤਾਂ ਵਿਚ ਹਨ ਜਦੋਂਕਿ ਬਾਕੀ ਦੇ ਕੇਸਾਂ ਦੀ ਸੁਣਵਾਈ ਪੂਰੀ ਹੋ ਚੁੱਕੀ ਹੈ। ਇਹ ਜਾਣਕਾਰੀ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਗਈ ਹੈ।

ਗ੍ਰਹਿ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਾਰੇ ਮਾਮਲਿਆਂ ਵਿਚ ਅਜੇ ਤੱਕ ਸਿਰਫ 40 ਦੋਸ਼ੀਆਂ ਨੂੰ ਸਜ਼ਾ ਹੋਈ ਹੈ ਜਦੋਂਕਿ 295 ਸਾਫ਼ ਬਰੀ ਹੋ ਗਏ ਹਨ। ਜਿਹੜੇ ਪਰਚੇ ਰੱਦ ਕੀਤੇ ਗਏ ਹਨ ਉਨ੍ਹਾਂ ਵਿਚ ਦੋਸ਼ੀਆਂ ਦੇ ਲਾਪਤਾ ਹੋਣ ਦਾ ਬਹਾਨਾ ਲਾਇਆ ਗਿਆ ਹੈ। ਸੂਚਨਾ ਦੇ ਅਧਿਕਾਰ ਤਹਿਤ ਇਹ ਜਾਣਕਾਰੀ ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਤੇ ਵਕੀਲ ਨਵਕਿਰਨ ਸਿੰਘ ਵੱਲੋਂ ਲਈ ਗਈ ਸੀ।

ਰੋਚਕ ਗੱਲ ਇਹ ਹੈ ਕਿ ਸੰਸਥਾ ਵੱਲੋਂ ਕਤਲੇਆਮ ਬਾਰੇ ਜਾਣਕਾਰੀ ਲੈਣ ਲਈ ਕੇਂਦਰ ਸਰਕਾਰ ਤੇ ਸਬੰਧਤ ਸੂਬਾ ਸਰਕਾਰਾਂ ਕੋਲ ਵੱਖ ਵੱਖ ਅਰਜ਼ੀਆਂ ਦਿੱਤੀਆਂ ਗਈਆਂ ਸਨ। ਸੂਬਾ ਸਰਕਾਰਾਂ ਤੇ ਕੇਂਦਰ ਵੱਲੋਂ ਇਕੋ ਮਾਮਲੇ ਬਾਰੇ ਦਿੱਤੀ ਗਈ ਜਾਣਕਾਰੀ ਵਿਚ ਫਰਕ ਹੈ। ਦਿੱਲੀ ਸਰਕਾਰ ਨੇ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ 1605 ਦੱਸੀ ਹੈ ਜਦੋਂਕਿ ਗ੍ਰਹਿ ਮੰਤਰਾਲੇ ਨੇ ਇਹ ਗਿਣਤੀ 2733 ਦੱਸੀ ਹੈ। ਬੋਕਾਰੋ ਸਟੀਲ ਮਿੱਲ ਵਿਚ ਮਾਰੇ ਗਏ ਸਿੱਖਾਂ ਬਾਰੇ ਛੱਤੀਸਗੜ੍ਹ ਸਰਕਾਰ ਕੋਲ ਰਿਕਾਰਡ ਹੀ ਨਹੀਂ ਹੈ। ਸਰਕਾਰ ਨੇ ਮੰਨਿਆ ਹੈ ਕਿ ਸਿੱਖ ਕਤਲੇਆਮ ਦਾ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਗਿਆ ਹੈ। ਝਾਰਖੰਡ, ਉੜੀਸਾ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਨੇ ਜਾਣਕਾਰੀ ਦੇਣ ਤੋਂ ਟਾਲਾ ਵੱਟਿਆ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਦਿੱਲੀ ਪੁਲਿਸ ਨੇ 255 ਪਰਚੇ ਰੱਦ ਕਰ ਦਿੱਤੇ ਹਨ। ਦੂਜੇ ਰਾਜਾਂ ਵਿਚੋਂ ਝਾਰਖੰਡ ਵਿਚ 130, ਉੜੀਸਾ ਵਿਚ 100, ਉਤਰਾਖੰਡ ਵਿਚ 109, ਪੱਛਮੀ ਬੰਗਾਲ ਵਿਚ 18, ਬਿਹਾਰ ਵਿਚ 121 ਤੇ ਹਰਿਆਣਾ ਵਿਚ 29 ਪਰਚੇ ਰੱਦ ਕੀਤੇ ਗਏ ਹਨ। ਜਿਹੜੇ ਕੇਸ ਚੱਲੇ ਹਨ, ਉਨ੍ਹਾਂ ਵਿਚ ਦਿੱਲੀ ਦੀਆਂ ਅਦਾਲਤਾਂ ਵੱਲੋਂ 45, ਝਾਰਖੰਡ ਤੇ ਉੜੀਸਾ ਦੀਆਂ ਅਦਾਲਤਾਂ ਵੱਲੋਂ ਇਕ-ਇਕ, ਉਤਰਾਖੰਡ ਦੀਆਂ ਅਦਾਲਤਾਂ ਵੱਲੋਂ 15, ਪੱਛਮੀ ਬੰਗਾਲ ਦੀਆਂ ਅਦਾਲਤਾਂ ਵੱਲੋਂ ਤਿੰਨ ਤੇ ਹਰਿਆਣਾ ਦੀਆਂ ਅਦਾਲਤਾਂ ਵੱਲੋਂ ਚਾਰ ਲੋਕਾਂ ਨੂੰ ਬਰੀ ਕਰ ਦਿੱਤਾ ਗਿਆ ਹੈ।

ਦਿੱਲੀ ਦੀ ਅਦਾਲਤ ਵਿਚ ਚਾਰ, ਝਾਰਖੰਡ ਦੀ ਅਦਾਲਤ ਵਿਚ 13, ਉੜੀਸਾ ਦੀ ਅਦਾਲਤ ਵਿਚ 10, ਝਾਰਖੰਡ ਦੀ ਅਦਾਲਤ ਵਿਚ ਛੇ ਤੇ ਪੱਛਮੀ ਬੰਗਾਲ ਦੀ ਅਦਾਲਤ ਵਿਚ ਇਕ ਕੇਸ ਚੱਲ ਰਿਹਾ ਹੈ। ਦਿੱਲੀ ਵਿਚ ਹੱਤਿਆ ਦੇ ਕੁੱਲ 416 ਪਰਚੇ ਦਰਜ ਕੀਤੇ ਗਏ ਸਨ। ਝਾਰਖੰਡ ਵਿਚ 460, ਉੜੀਸਾ ਵਿਚ 143, ਉਤਰਾਖੰਡ ਵਿਚ 102, ਪੱਛਮੀ ਬੰਗਾਲ ਵਿਚ 38, ਬਿਹਾਰ ਵਿਚ 168 ਤੇ ਹਰਿਆਣਾ ਵਿਚ 165 ਪਰਚੇ ਦਰਜ ਹੋਏ ਸਨ। ਇਨ੍ਹਾਂ ਵਿਚੋਂ ਦਿੱਲੀ ਦੀਆਂ ਅਦਾਲਤਾਂ ਵਿਚ 255, ਝਾਰਖੰਡ ਦੀਆਂ ਅਦਾਲਤਾਂ ਵਿਚ 129, ਉੜੀਸਾ ਦੀਆਂ ਅਦਾਲਤਾਂ ਵਿਚ 43, ਉਤਰਾਖੰਡ ਦੀਆਂ ਅਦਾਲਤਾਂ ਵਿਚ 58, ਪੱਛਮੀ ਬੰਗਾਲ ਦੀਆਂ ਅਦਾਲਤਾਂ ਵਿਚ 14, ਬਿਹਾਰ ਦੀਆਂ ਅਦਾਲਤਾਂ ਵਿਚ 45 ਤੇ ਹਰਿਆਣਾ ਦੀਆਂ ਅਦਾਲਤਾਂ ਵਿਚ 36 ਕੇਸ ਸੁਣਵਾਈ ਲਈ ਭੇਜੇ ਗਏ ਸਨ। ਕਤਲੇਆਮ ਦੌਰਾਨ 69 ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਵਿਚ ਦਿੱਲੀ ਦੇ ਸਭ ਤੋਂ ਜ਼ਿਆਦਾ 45 ਗੁਰਦੁਆਰੇ ਸ਼ਾਮਲ ਸਨ। ਉਤਰਾਖੰਡ ਦੇ 15, ਪੱਛਮੀ ਬੰਗਾਲ ਦੇ ਤਿੰਨ, ਹਰਿਆਣਾ ਦੇ ਚਾਰ ਤੇ ਝਾਰਖੰਡ ਤੇ ਉੜੀਸਾ ਦੇ ਇਕ ਇਕ ਗੁਰਦੁਆਰਿਆਂ 'ਤੇ ਹਮਲਾ ਹੋਇਆ ਹੈ। ਲਹਿਰੀ ਦੇ ਜਨਰਲ ਸਕੱਤਰ ਵਕੀਲ ਨਵਕਿਰਨ ਸਿੰਘ ਨੇ ਦੋਸ਼ ਲਾਇਆ ਹੈ ਕਿ ਕਤਲੇਆਮ ਵਿਚ ਪੁਲਿਸ ਦੀ ਭੂਮਿਕਾ ਮੋਹਰੀ ਰਹੀ ਹੈ।

# ਸ਼ਹੀਦ ਬਾਬਾ ਸੰਤਾ ਸਿੰਘ ਤੇ ਬਾਬਾ ਜਗੀਰ ਸਿੰਘ ਦੀ ਬਰਸੀ ਮਨਾਈ

**ਨਿਊ ਯਾਰਕ (ਬਿਊਰੋ):** ਸ਼ਹੀਦ ਬਾਬਾ ਸੰਤਾ ਸਿੰਘ ਵੈਲਫੇਅਰ ਸੁਸਾਇਟੀ, ਨਿਊ ਯਾਰਕ ਵਲੋਂ ਸ਼ਹੀਦ ਬਾਬਾ ਸੰਤਾ ਸਿੰਘ ਤੇ ਬਾਬਾ ਜਗੀਰ ਸਿੰਘ ਦੀ ਬਰਸੀ ਲੰਘੀ 5 ਮਈ ਨੂੰ ਸ਼ਰਧਾ ਨਾਲ ਮਨਾਈ ਗਈ। ਇਹ ਸਮਾਗਮ ਖਾਲਸਾ ਸਿਰਜਣਾ ਦਿਵਸ ਵਿਸਾਖੀ ਨੂੰ ਵੀ ਸਮਰਪਿਤ ਸੀ। ਪਾਠ ਦੇ ਭੋਗ ਉਪਰੰਤ ਕਥਾਵਾਚਕ ਭਾਈ ਅਮਰੀਕ ਸਿੰਘ ਮੁਕੇਰੀਆਂ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ ਅਤੇ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

ਭਾਈ ਅਜੀਤ ਸਿੰਘ ਪਠਾਨਕੋਟ ਦੇ ਰਾਗੀ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਹੈਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਗੁਰਬਾਣੀ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਬਾਬਾ ਮੱਝਾ ਸਿੰਘ ਦੇ ਹੈਡ ਗ੍ਰੰਥੀ ਨੇ ਵੀ ਸੰਗਤ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਇਸ ਸਮਾਗਮ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸਾਬਕਾ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਅਤੇ ਪੱਤਰਕਾਰ ਹਰਬਖਸ਼ ਸਿੰਘ ਟਾਹਲੀ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਭਗਵੰਤ ਸਿੰਘ ਮਿਆਣੀ ਤੇ ਜਨਰਲ ਸਕੱਤਰ ਬਲਵਿੰਦਰ ਸਿੰਘ ਗੁਰਦਾਸਪੁਰ, ਚੇਅਰਮੈਨ ਰਾਜਿੰਦਰ ਸਿੰਘ ਜਿੰਦੀ, ਕੈਸ਼ੀਅਰ ਮਹਿੰਦਰ ਸਿੰਘ ਪਰੋਜ ਤੇ ਹਰਜੀਤ ਸਿੰਘ ਬੇਗੋਵਾਲ, ਐਜੂਕੇਸ਼ਨ ਚੇਅਰਮੈਨ ਅਮਰੀਕ ਸਿੰਘ ਦਿੱਲੀ, ਮੀਡੀਆ ਚੇਅਰਮੈਨ ਚੇਤਨ ਸਿੰਘ ਕਾਲਾ, ਪ੍ਰਧਾਨ ਲਖਵਿੰਦਰ ਸਿੰਘ ਪੱਪੀ, ਰਤਨ ਸਿੰਘ ਗਿਲਜ਼ੀਆਂ, ਅੰਮ੍ਰਿਤ ਸੰਚਾਰ ਚੇਅਰਮੈਨ ਦਲੇਰ ਸਿੰਘ ਅਤੇ ਹੋਰ ਬਹੁਤ ਸਾਰੇ ਸੱਜਣ ਪਹੁੰਚੇ ਹੋਏ ਸਨ।

ਇਹ ਸਮਾਗਮ ਮਹਿੰਦਰ ਸਿੰਘ ਪਰੋਜ, ਦਲੇਰ ਸਿੰਘ ਗਿਲਜ਼ੀਆਂ, ਗੁਰਮੀਤ ਸਿੰਘ ਗਿਲਜ਼ੀਆਂ, ਹਰਭਜਨ ਸਿੰਘ ਪਟਿਆਲਾ, ਹਰਭਜਨ ਸਿੰਘ ਰਾਜਪੁਰਾ, ਮਨਜੀਤ ਸਿੰਘ ਮਿਆਣੀ, ਬਲਦੇਵ ਸਿੰਘ, ਪਰਮਜੀਤ ਸਿੰਘ ਪੰਜ ਢੇਰ, ਲਖਵਿੰਦਰ ਸਿੰਘ ਰਾਜਪੁਰਾ, ਇੰਦਰਜੀਤ ਸਿੰਘ ਪਟਿਆਲਾ, ਜਸਵੰਤ ਸਿੰਘ ਮਿਆਣੀ, ਦਲੇਰ ਸਿੰਘ ਕੁਰਕਸ਼ੇਤਰ, ਗੁਰਵਿੰਦਰਪਾਲ ਸਿੰਘ ਪਿਹੋਵਾ ਅਤੇ ਜਗਦੀਸ਼ ਸਿੰਘ ਦੇ ਉਦਮ ਨਾਲ ਹੋਇਆ।



# ਤੇਈ ਵਰ੍ਹਿਆਂ ਦੀ ਨਰਕ ਭਰੀ ਕੈਦ ਦਾ ਜ਼ਾਲਮਾਨਾ ਅੰਤ

ਚੰਡੀਗੜ੍ਹ: ਪਾਕਿਸਤਾਨ ਦੇ ਲਾਹੌਰ ਸਥਿਤ ਜਿਨਾਹ ਹਸਪਤਾਲ ਵਿਚ ਛੇ ਦਿਨ ਮੌਤ ਨਾਲ ਸੰਘਰਸ਼ ਕਰਨ ਮਗਰੋਂ ਆਖ਼ਰ ਸਰਬਜੀਤ ਸਿੰਘ ਬਾਜ਼ੀ ਹਾਰ ਗਿਆ। ਇਸ ਤਰ੍ਹਾਂ ਸਰਬਜੀਤ ਸਿੰਘ ਦੀ ਲਾਹੌਰ ਦੀ ਕੋਟ ਲਖਪੱਤ ਜੇਲ੍ਹ ਵਿਚ 23 ਵਰ੍ਹਿਆਂ ਦੀ ਲੰਮੀ ਕੈਦ ਦੀ ਦੁਖਦਾਇਕ ਜ਼ਿੰਦਗੀ ਦਾ ਅੰਤ ਹੋ ਨਿਬੜਿਆ।

ਭਿੱਖੀਵਿੰਡ ਵਾਸੀ ਯੂਪੀ ਰੋਡਵੇਜ਼ ਦੀ ਬੱਸ ਦੇ ਡਰਾਈਵਰ ਦਾ ਪੁੱਤ ਸਰਬਜੀਤ ਆਪਣੇ ਪਰਿਵਾਰ ਪਤਨੀ ਸੁਖਪ੍ਰੀਤ ਕੌਰ ਤੇ ਦੋ ਬੇਟੀਆਂ ਸਵੱਪਨਦੀਪ ਤੇ ਪੂਨਮ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਗੁਜ਼ਾਰ ਰਿਹਾ ਸੀ। 28 ਅਗਸਤ, 1990 ਨੂੰ ਉਸ ਦੀ ਕਿਸਮਤ ਨੇ ਅਜਿਹਾ ਜਾਲਮ ਮੋੜ ਲਿਆ ਕਿ ਭਾਰਤੀ ਖੇਤਰ ਵਿਚੋਂ ਪਾਕਿਸਤਾਨੀ ਖਿੱਤੇ ਵਿਚ ਜਾ ਪੁੱਜਿਆ। ਬਸ ਇਥੋਂ ਹੀ ਉਸ ਦੀ ਦੁੱਖਾਂ ਭਰੀ ਜ਼ਿੰਦਗੀ ਸ਼ੁਰੂ ਹੋ ਗਈ। ਉਸ ਦੇ ਪਰਿਵਾਰ ਨੂੰ ਇਸ ਬਾਰੇ ਉਦੋਂ ਹੀ ਪਤਾ ਲੱਗਾ ਜਦੋਂ ਨੌਂ ਮਹੀਨੇ ਬਾਅਦ ਉਸ ਦਾ ਪੱਤਰ ਪਰਿਵਾਰ ਨੂੰ ਮਿਲਿਆ ਜਿਸ ਵਿਚ ਉਸ ਨੇ ਕਿਹਾ ਕਿ ਉਹ ਪਾਕਿਸਤਾਨ ਜੇਲ੍ਹ ਵਿਚ ਹੈ।

ਉਸੇ ਸਾਲ ਪਾਕਿਸਤਾਨ ਦੀ ਅਦਾਲਤ ਨੇ ਲਹਿੰਦੇ ਪੰਜਾਬ (ਪਾਕਿਸਤਾਨ) ਵਿਚ ਹੋਏ ਬੰਬ ਧਮਾਕਿਆਂ ਜਿਨ੍ਹਾਂ ਵਿਚ 14 ਲੋਕ ਮਾਰੇ ਗਏ ਸਨ, ਵਿਚ ਸ਼ਮੂਲੀਅਤ ਦਾ ਦੋਸ਼ ਲਾ ਕੇ ਉਸ ਨੂੰ





ਫਾਂਸੀ ਦੀ ਸਜ਼ਾ ਸੁਣਾਈ ਸੀ। ਉਸ ਦੇ ਪਰਿਵਾਰ ਨੇ ਇਹ ਦਲੀਲ ਦਿੱਤੀ ਸੀ ਕਿ ਉਸ ਦੀ ਗ਼ਲਤ ਸ਼ਨਾਖਤ 'ਤੇ ਉਸ ਨੂੰ ਸਜ਼ਾ ਦਿੱਤੀ ਗਈ। ਉਸ ਨੂੰ ਬੰਬ ਧਮਾਕੇ ਦੇ ਦੋਸ਼ ਵਿਚ ਸਰਬਜੀਤ ਸਿੰਘ ਵਜੋਂ ਨਹੀਂ ਸਗੋਂ ਮਨਜੀਤ ਸਿੰਘ ਵਜੋਂ ਦੋਸ਼ੀ ਕਰਾਰ ਦਿੱਤਾ ਗਿਆ। ਉਸ ਦੇ ਵਕੀਲ ਅਵਾਈਸ ਸ਼ੇਖ ਨੇ ਭਾਰਤੀ ਮੀਡੀਏ ਨੂੰ ਸਰਬਜੀਤ ਦੇ ਬੰਬ ਧਮਾਕਿਆਂ ਵਿਚ ਸ਼ਮੂਲੀਅਤ ਦੇ ਬਿਆਨ ਵਿਖਾਏ ਜਿਨ੍ਹਾਂ ਦੇ ਆਧਾਰ 'ਤੇ ਅਦਾਲਤ ਵੱਲੋਂ ਸਰਬਜੀਤ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਉਸ ਅਨੁਸਾਰ ਸਰਬਜੀਤ ਨੇ ਕਦੇ ਵੀ ਇਹ ਨਹੀਂ ਮੰਨਿਆ ਕਿ ਉਸ ਨੇ ਧਮਾਕੇ ਕੀਤੇ ਸਨ।

ਵਕੀਲ ਨੇ ਇਹ ਵੀ ਦੱਸਿਆ ਕਿ ਸਰਬਜੀਤ ਨੂੰ ਤਾਂ ਕਦੇ ਵੀ ਜੱਜ ਸਾਹਮਣੇ ਪੇਸ਼ ਵੀ ਨਹੀਂ ਕੀਤਾ ਗਿਆ ਪਰ ਇਸ ਦੇ ਬਾਵਜੂਦ ਵੀ ਸਰਬਜੀਤ ਦੀ ਫਾਂਸੀ ਦੀ ਸਜ਼ਾ 2006 ਵਿਚ ਹਾਈ ਕੋਰਟ ਤੇ ਸੁਪਰੀਮ ਕੋਰਟ ਨੇ ਬਹਾਲ ਰੱਖੀ। ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਤਾਂ ਉਸ ਦੀ 2006 ਵਿਚ ਮੌਤ ਦੀ ਸਜ਼ਾ ਦੀ ਮੁਆਫੀ 'ਤੇ ਮੁੜ ਵਿਚਾਰ ਕਰਨ ਬਾਰੇ ਪਾਈ ਪਟੀਸ਼ਨ 2006 ਵਿਚ ਹੀ ਰੱਦ ਕਰ ਦਿੱਤੀ ਸੀ। ਉਦੋਂ ਤੋਂ ਹੀ ਉਸ ਦਾ ਪਰਿਵਾਰ ਪਾਕਿਸਤਾਨ ਸਰਕਾਰ ਤੋਂ ਮੁਆਫੀ ਲਈ ਸੰਘਰਸ਼ ਕਰ ਰਿਹਾ ਹੈ। ਪਰਿਵਾਰ ਨੇ ਸਰਬਜੀਤ ਨੂੰ ਬਚਾਉਣ ਲਈ ਯਤਨ ਜਾਰੀ ਰੱਖੇ ਤੇ ਆਸ ਦਾ ਪੱਲਾ ਫੜੀ ਰੱਖਿਆ। ਪਰਿਵਾਰ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਕੋਲ ਪਾਈ ਰਹਿਮ ਦੀ ਅਪੀਲ 'ਤੇ ਵੀ ਆਸ ਸੀ। ਮੁੰਬਈ 26/11 ਦੇ ਹਮਲੇ ਦੇ ਦੋਸ਼ੀ ਅਜਮਲ ਅਮੀਰ ਕਸਾਬ ਤੇ ਪਾਰਲੀਮੈਂਟ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਨੂੰ ਫਾਂਸੀ 'ਤੇ ਲਟਕਾਏ ਜਾਣ ਤੋਂ ਬਾਅਦ ਸਰਬਜੀਤ ਨੂੰ ਨਤੀਜੇ ਭੁਗਤਣ ਦੀਆਂ ਧਮਕੀਆਂ ਮਿਲ ਰਹੀਆਂ ਸਨ। ਉਸ ਦੇ ਸਾਥੀ ਕੈਦੀਆਂ ਨੇ ਉਸ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਉਸ ਨੂੰ ਕਸਾਬ ਤੇ ਅਫਜ਼ਲ ਗੁਰੂ ਨੂੰ ਭਾਰਤ ਵਲੋਂ ਦਿੱਤੀ ਫਾਂਸੀ ਦੀ ਕੀਮਤ ਅਦਾ ਕਰਨੀ ਪਵੇਗੀ। ਸਰਬਜੀਤ ਸਿੰਘ ਨੇ ਇਹ ਸਾਰੀ ਗੱਲ ਆਪਣੇ ਵਕੀਲ ਅਵਾਈਸ ਸ਼ੇਖ ਨੂੰ ਦੱਸੀ ਸੀ ਤੇ ਆਪਣੀ ਭੈਣ ਦਲਬੀਰ ਕੌਰ ਨੂੰ ਵੀ ਪੱਤਰ ਵਿਚ ਇਸ ਬਾਰੇ ਜਾਣਕਾਰੀ ਦਿੱਤੀ ਸੀ ਜਿਸ ਨੇ ਇਹ ਸਾਰਾ ਮਾਮਲਾ ਭਾਰਤ ਸਰਕਾਰ ਦੇ ਕੋਲ ਉਠਾਇਆ ਸੀ।

## ਭਾਰਤੀ ਕੈਦੀ ਹੋਏ ਪਾਗਲ

**ਚੰਡੀਗੜ੍ਹ:** ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਬੰਦ 36 ਭਾਰਤੀ ਕੈਦੀਆਂ ਵਿਚੋਂ 20 ਪਾਗਲ ਹੋ ਚੁੱਕੇ ਹਨ ਤੇ ਉਨ੍ਹਾਂ ਵਿਚ ਕਿਸੇ ਨੂੰ ਵੀ ਢੁਕਵੀਂ ਡਾਕਟਰੀ ਸਹਾਇਤਾ ਮੁਹੱਈਆ ਨਹੀਂ ਕਰਵਾਈ ਜਾ ਰਹੀ। ਇਹ ਖੁਲਾਸਾ ਕੈਦੀਆਂ ਬਾਰੇ ਭਾਰਤ-ਪਾਕਿ ਜੁਡੀਸ਼ਲ ਕਮੇਟੀ ਨੇ ਕੀਤਾ ਹੈ। ਕਮੇਟੀ ਨੇ ਹਾਲ ਹੀ ਦੌਰਾਨ ਕਰਾਚੀ, ਰਾਵਲਪਿੰਡੀ ਤੇ ਲਾਹੌਰ ਦੀਆਂ ਜੇਲ੍ਹਾਂ ਦਾ ਦੌਰਾ ਕਰਕੇ ਭਾਰਤੀ ਕੈਦੀਆਂ ਦੀ ਸਥਿਤੀ ਦਾ ਜਾਇਜ਼ਾ ਲਿਆ ਹੈ। ਕਮੇਟੀ ਅਨੁਸਾਰ ਕੋਟ ਲਖਪਤ ਜੇਲ੍ਹ ਵਿਚ ਰਾਵਲਪਿੰਡੀ ਦੀ ਅਦੀਆਨਾ ਜੇਲ੍ਹ ਵਿਚ ਦੋ ਤੇ ਕਰਾਚੀ ਦੀ ਮਲੀਰ ਜੇਲ੍ਹ ਵਿਚ ਬੰਦ ਇਕ ਭਾਰਤੀ ਕੈਦੀ ਪਾਗਲ ਹੋ ਚੁੱਕੇ ਹਨ।

ਕਮੇਟੀ ਦਾ ਸੁਝਾਅ ਹੈ ਕਿ ਗੰਭੀਰ ਬਿਮਾਰ, ਮਾਨਸਿਕ ਤਵਾਜਨ ਗਵਾ ਚੁੱਕੇ ਤੇ ਗੂੰਗੇ-ਬੋਲੇ ਕੈਦੀਆਂ ਦੇ ਇਲਾਜ ਦੇਣ ਲਈ ਹਸਪਤਾਲਾਂ ਵਿਚ ਰੱਖਿਆ ਜਾਵੇ। ਕਮੇਟੀ ਅੱਗੇ ਕਰਾਚੀ ਦੀ ਜੇਲ੍ਹ ਵਿਚ ਬੰਦ 535 ਭਾਰਤੀ ਕੈਦੀ ਜਿਨ੍ਹਾਂ ਵਿਚ 483 ਮਛੇਰੇ ਹਨ, ਪੇਸ਼ ਕੀਤੇ ਗਏ। ਰਾਵਲਪਿੰਡੀ ਦੀ ਜੇਲ੍ਹ ਅੱਠ ਤੇ ਕੋਟ ਲਖਪਤ ਜੇਲ੍ਹ ਵਿਚ ਬੰਦ 36 ਭਾਰਤੀ ਕੈਦੀ ਕਮੇਟੀ ਸਾਹਮਣੇ ਲਿਆਂਦੇ ਗਏ। ਇਹ ਕਮੇਟੀ 2007 ਵਿਚ ਦੋਵਾਂ ਮੁਲਕਾਂ ਦਰਮਿਆਨ ਹੋਏ ਇਕ ਸਮਝੌਤੇ ਤਹਿਤ ਬਣਾਈ ਗਈ ਹੈ।

# ਹੁਣ ਕਿਰਪਾਲ ਸਿੰਘ ਦਾ ਪਰਿਵਾਰ ਖੌਫ਼ਜ਼ਦਾ

**ਗੁਰਦਾਸਪੁਰ:** ਪਾਕਿਸਤਾਨ ਦੀ ਕੋਟ ਲਖਪਤ ਜੇਲ੍ਹ ਵਿਚ ਸਰਬਜੀਤ ਸਿੰਘ ਉਤੇ ਜਾਨਲੇਵਾ ਹਮਲੇ ਉਪਰੰਤ ਪੈਦਾ ਹੋਏ ਤਾਜ਼ਾ ਹਾਲਾਤ ਦੇ ਮੱਦੇਨਜ਼ਰ ਪਾਕਿਸਤਾਨ ਜੇਲ੍ਹਾਂ ਅੰਦਰ ਬੰਦ ਭਾਰਤੀ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਵਿਚ ਖੌਫ਼ ਦਾ ਮਾਹੌਲ ਬਣ ਗਿਆ ਹੈ। ਗੁਰਦਾਸਪੁਰ ਦੇ ਪਿੰਡ ਮੁਸਤਫਾਬਾਦ ਦੇ ਵਸਨੀਕ ਕਿਰਪਾਲ ਸਿੰਘ ਦੇ ਪਰਿਵਾਰਕ ਮੈਂਬਰ ਅਜਿਹੇ ਹੀ ਖੌਫਜ਼ਦਾ ਮਾਹੌਲ ਵਿਚੋਂ ਲੰਘ ਰਹੇ ਹਨ।

ਪਿੰਡ ਮੁਸਤਫ਼ਾਬਾਦ ਦਾ ਵਸਨੀਕ ਕਿਰਪਾਲ ਸਿੰਘ ਪੁੱਤਰ ਦਾਸ ਸਿੰਘ ਪਿਛਲੇ ਕਰੀਬ 21 ਵਰ੍ਹਿਆਂ ਤੋਂ ਪਾਕਿਸਤਾਨ ਦੀ ਜੇਲ੍ਹ ਕੋਟ ਲਖਪਤ (ਲਾਹੌਰ) ਵਿਚ ਬੰਦ ਹੈ। ਉਸ ਦੇ ਗੁਰਦਾਸਪੁਰ ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਵੀ ਉਸ ਦੇ ਇਕ ਦਿਨ ਸਹੀ-ਸਲਾਮਤ ਵਾਪਸ ਪਰਤਣ ਦੀ ਆਸ ਹੈ। ਹਾਲਾਂਕਿ ਮੌਜੂਦਾ ਹਾਲਾਤ ਨੇ ਪਰਿਵਾਰ ਨੂੰ ਬੇਚੈਨ ਕੀਤਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਕਿਰਪਾਲ ਸਿੰਘ ਨੇ ਪਾਕਿਸਤਾਨ ਜੇਲ੍ਹ ਅੰਦਰ ਆਪਣਾ ਧਰਮ ਵੀ ਬਦਲ ਲਿਆ ਹੈ ਤੇ ਮੁਸਲਮਾਨ ਬਣ ਚੁੱਕਾ ਹੈ। ਉਸ ਨੇ ਧਰਮ ਕਿਨ੍ਹਾਂ ਹਾਲਾਤ ਵਿਚ ਬਦਲਿਆ ਹੈ ਇਸ ਬਾਰੇ ਉਸ ਦੇ ਪਰਿਵਾਰਕ ਮੈਂਬਰ ਵੀ ਅਨਜਾਣ ਹਨ।

ਕਿਰਪਾਲ ਸਿੰਘ ਦੇ ਭਤੀਜੇ ਅਸ਼ਵਨੀ ਕੁਮਾਰ, ਭਰਜਾਈ ਕਾਂਤਾ ਦੇਵੀ ਤੇ ਹੋਰਾਂ ਨੇ ਦੱਸਿਆ ਕਿ ਕਿਰਪਾਲ ਸਿੰਘ 13 ਵਰ੍ਹੇ ਭਾਰਤੀ ਫੌਜ ਵਿਚ ਰਿਹਾ ਹੈ। ਇਕ ਦਿਨ ਅਚਾਨਕ ਘਰੋਂ ਗਿਆ ਤੇ ਬਾਅਦ ਵਿਚ ਵਾਪਸ ਨਹੀਂ ਪਰਤਿਆ। ਉਸ ਦੇ ਪਾਕਿਸਤਾਨ ਜ਼ੇਲ੍ਹ ਅੰਦਰ ਹੋਣ ਦਾ ਖੁਲਾਸਾ ਵੀ ਉਦੋਂ ਹੋਇਆ, ਜਦੋਂ ਕਿਰਪਾਲ ਸਿੰਘ ਦਾ ਕਾਫੀ ਸਮੇਂ ਬਾਅਦ ਪੱਤਰ ਮਿਲਿਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਐਮ.ਟੀ.ਓ ਬਲਾਕ-ਇਕ ਕੇਂਦਰੀ ਜ਼ੇਲ੍ਹ ਕੋਟ ਲਖਪਤ (ਲਾਹੌਰ) ਵਿਚ ਬੰਦ ਹੈ। ਉਸ ਦੇ ਪਾਕਿਸਤਾਨ ਜੇਲ੍ਹ ਅੰਦਰ ਹੋਣ ਦੀ ਖ਼ਬਰ ਸੁਣ ਕੇ ਮਾਂ ਸਦਮੇ ਨਾਲ ਪਾਗਲ ਹੋ ਗਈ ਸੀ। ਕੁਝ ਸਮਾਂ ਬੀਤਣ ਬਾਅਦ ਮਾਂ-ਪਿਓ ਨੇ ਪੁੱਤਰ ਦੇ ਸਦਮੇ ਵਿੱਚ ਹੀ ਦਮ ਤੋੜ ਦਿੱਤਾ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 22 ਜਨਵਰੀ, 2008 ਵਿਚ ਕਿਰਪਾਲ ਸਿੰਘ ਦਾ ਇਕ ਪੱਤਰ ਮਿਲਿਆ ਸੀ। ਪੱਤਰ ਵਿਚ ਉਸ ਨੇ ਸਪਸ਼ਟ ਕੀਤਾ ਸੀ ਕਿ ਹੁਣ ਹਾਲਾਤ ਠੀਕ ਨਹੀਂ ਜਾਪ ਰਹੇ ਹਨ। ਉਸ ਨੇ ਲਿਖਿਆ ਸੀ ਕਿ ਜੇ ਵਾਹਿਗੁਰੂ ਨੇ ਚਾਹਿਆ ਤਾਂ ਇਕ ਦਿਨ ਪਰਿਵਾਰ ਨਾਲ ਜ਼ਰੂਰ ਮਿਲੇਗਾ। ਉਨ੍ਹਾਂ ਦੱਸਿਆ ਕਿ ਕਿਰਪਾਲ ਸਿੰਘ ਦੇ ਦਿੱਤੇ ਪਤੇ ਉੱਤੇ ਕਈ ਵਾਰ ਪੱਤਰ ਲਿੱਖਣ ਤੋਂ ਇਲਾਵਾ ਸਾਮਾਨ ਭੇਜ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 21 ਵਰ੍ਹਿਆਂ ਦੇ ਇਕ ਲੰਮੇ ਅਰਸੇ ਦੌਰਾਨ ਕਿਰਪਾਲ ਦੇ ਭਰਾਵਾਂ ਦੀ ਮੌਤ ਚੁੱਕੀ ਹੈ।

ਪਾਕਿਸਤਾਨ ਦਾ ਦੋਸ਼ ਹੈ ਕਿ ਕਿਰਪਾਲ ਸਿੰਘ ਨੇ 1991 ਵਿਚ ਫੈਸਲਾਬਾਦ ਦੇ ਰੇਲਵੇ ਸਟੇਸ਼ਨ 'ਤੇ ਧਮਾਕਾ ਕੀਤਾ ਸੀ। ਉਸ ਨੂੰ 20 ਮਈ, 2002 ਵਿਚ ਪੰਜ ਵਾਰ ਫਾਂਸੀ, 60 ਵਰ੍ਹਿਆਂ ਦੀ ਕੈਦ ਤੇ 27 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਪਰਿਵਾਰ ਨੂੰ ਭੇਜੀ ਫੋਟੋ ਵਿਚ ਉਸ ਦਾ ਹੁਲੀਆ ਮੁਸਲਮਾਨਾਂ ਵਾਲਾ ਨਜ਼ਰ ਆਉਂਦਾ ਹੈ ਜਿਸ ਨੂੰ ਵੇਖ ਕੇ ਉਸ ਦੇ ਧਰਮ ਬਦਲ ਕੇ ਮੁਸਲਮਾਨ ਬਣ ਜਾਣ ਦੀ ਸਮਝ ਆਉਂਦੀ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਵਿਦੇਸ਼ ਮੰਤਰਾਲੇ ਵੱਲੋਂ ਪਾਕਿਸਤਾਨ ਜੇਲ੍ਹਾਂ ਅੰਦਰ ਬੰਦ ਭਾਰਤੀ ਕੈਦੀਆਂ ਦੀ ਜਿਹੜੀ ਸੂਚੀ ਭੇਜੀ ਗਈ ਸੀ, ਉਸ ਵਿਚ ਉਸ ਦੇ ਨਾਂ ਅੱਗੇ ਫਤਿਹ ਮੁਹੰਮਦ ਲਿਖਿਆ ਹੋਇਆ ਸੀ। ਪਰਿਵਾਰ ਮੈਂਬਰ ਮੌਜੂਦਾ ਹਾਲਾਤ ਤੋਂ ਭੈਅਭੀਤ ਹਨ ਤੇ ਉਨ੍ਹਾਂ ਕੇਂਦਰ ਸਰਕਾਰ ਤੋਂ ਪਾਕਿਸਤਾਨ ਜੇਲ੍ਹ ਅੰਦਰ ਬੰਦ ਕਿਰਪਾਲ ਸਿੰਘ ਸਮੇਤ ਹੋਰਾਂ ਕੈਦੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਕਾਰਵਾਈ ਦੀ ਮੰਗ ਕੀਤੀ ਹੈ।

## ਸਰਬਜੀਤ 'ਰਾਅ' ਦਾ ਏਜੰਟ !

**ਨਵੀਂ ਦਿੱਲੀ:** ਦਿੱਲੀ ਤੇ ਚੰਡੀਗੜ੍ਹ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਹਿੰਦੋਸਤਾਨ ਟਾਈਮਜ਼' ਨੇ ਆਪਣੀ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਸਰਬਜੀਤ ਸਿੰਘ ਨੂੰ ਖੋਜ ਤੇ ਵਿਸ਼ਲੇਸ਼ਣ ਵਿੰਗ (ਰਾਅ) ਏਜੰਸੀ ਦੇ ਅਧਿਕਾਰੀ ਨੇ ਇਕ ਕੰਮ ਸੌਂਪ ਕੇ ਪਾਕਿਸਤਾਨ ਭੇਜਿਆ ਸੀ ਜਿਹੜਾ ਬਾਅਦ ਵਿਚ ਇਸ ਖੁਫ਼ੀਆ ਏਜੰਸੀ ਦਾ ਮੁਖੀ ਬਣ ਗਿਆ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਸਰਬਜੀਤ ਉਸ ਨੂੰ ਸੌਂਪੇ ਕੰਮ ਨੂੰ ਕਰਨ ਵਿਚ ਸਫਲ ਵੀ ਹੋ ਗਿਆ ਪਰ ਉਥੋਂ ਦੌੜਨ ਸਮੇਂ ਫੜਿਆ ਗਿਆ।

ਖੁਫ਼ੀਆ ਏਜੰਸੀ ਦੇ ਸਾਬਕਾ ਅਧਿਕਾਰੀ ਜਿਹੜਾ ਸਰਬਜੀਤ ਦੇ ਮਾਮਲੇ ਦੀ ਪੈਰਵੀ ਕਰਦਾ ਸੀ, ਨੇ ਦੱਸਿਆ ਕਿ ਸਰਬਜੀਤ ਵੱਲੋਂ ਕੀਤੇ ਕੰਮ ਨਾਲ ਕੋਈ ਖਾਸ ਮਕਸਦ ਹੱਲ ਨਹੀਂ ਹੋਇਆ ਕਿਉਂਕਿ 1990 ਦੇ ਦਹਾਕੇ ਤੋਂ ਪਹਿਲਾਂ ਤੇ ਮੱਧ ਵਿਚ ਏਜੰਸੀ ਨੇ ਪਾਕਿਸਤਾਨ ਵਿਚ ਇਸ ਤਰ੍ਹਾਂ ਦੇ ਕਈ ਹੋਰ ਕੰਮ ਵੀ ਕਰਨੇ ਸੀ। ਅਧਿਕਾਰੀ ਨੇ ਦੱਸਿਆ ਕਿ 'ਰਾਅ' ਵੱਲੋਂ ਇਸ ਸਮੇਂ ਦੌਰਾਨ ਕੀਤੇ ਕੁਝ ਆਪਰੇਸ਼ਨ ਪੂਰੀ ਤਰ੍ਹਾਂ ਪਾਗਲਪਨ ਵਾਲੇ ਸਨ। ਸਰਬਜੀਤ ਵਰਗੇ ਜਸੂਸਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨ੍ਹਾਂ ਲਈ ਵੱਡੀ ਕੀਮਤ ਚੁਕਾਉਣੀ ਪਈ ਹੈ।

## ਵਿਦੇਸ਼ੀ ਜੇਲ੍ਹਾਂ ਵਿਚ 6569 ਭਾਰਤੀ ਕੈਦੀ

**ਚੰਡੀਗੜ੍ਹ:** ਦੁਨੀਆਂ ਦੇ 67 ਮੁਲਕਾਂ ਦੀਆਂ ਜੇਲ੍ਹਾਂ ਵਿਚ 6,569 ਭਾਰਤੀ ਕੈਦੀ ਹਨ। ਇਨ੍ਹਾਂ ਵਿਚੋਂ 254 ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹਨ।

ਇਹ ਖੁਲਾਸਾ ਇਕ ਆਰਟੀਆਈ ਕਾਰਕੁਨ ਡੀਬੀ ਬਿਨੂ ਨੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਤੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਤਹਿਤ ਹੋਇਆ ਹੈ। ਇਸ ਵੇਲੇ ਸਾਊਦੀ ਅਰਬ ਵਿਚ 1691, ਕੁਵੈਤ ਵਿਚ 1161, ਯੂਏਈ ਵਿਚ 1012 ਭਾਰਤੀ ਕੈਦੀ ਹਨ। ਇਟਲੀ ਦੀਆਂ ਜੇਲ੍ਹਾਂ ਵਿਚ 121 ਭਾਰਤੀ ਹਨ। ਇਸੇ ਨਾਲ ਬਰਤਾਨੀਆ ਦੀਆਂ ਜੇਲ੍ਹਾਂ ਵਿਚ 426, ਅਮਰੀਕਾ ਵਿਚ 155, ਚੀਨ ਵਿਚ 157, ਬੰਗਲਾਦੇਸ਼ ਵਿਚ 62, ਅਫਗਾਨਿਸਤਾਨ ਵਿਚ 28, ਬਹਿਰੀਨ ਵਿਚ 18 ਤੇ ਨੇਪਾਲ ਵਿਚ 377 ਭਾਰਤੀ ਕੈਦੀ ਹਨ। ਇਸ ਤੋਂ ਇਲਾਵਾ ਇਰਾਨ, ਇਰਾਕ, ਅਲਜੀਰੀਆ, ਬੈਲਜ਼ੀਅਮ ਤੇ ਫਰਾਂਸ ਦੀਆ ਜੇਲ੍ਹਾਂ ਵਿਚ ਵੀ ਭਾਰਤੀ ਕੈਦੀ ਹਨ।

# ਸਰਬਜੀਤ ਨੂੰ ਕੌਮੀ ਸ਼ਹੀਦ ਐਲਾਨੇ ਜਾਣ 'ਤੇ ਇਤਰਾਜ਼

**ਚੰਡੀਗੜ੍ਹ:** ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਪਿਛਲੇ ਦਿਨੀਂ ਲਾਹੌਰ ਦੀ ਜੇਲ੍ਹ ਵਿਚ ਹੋਏ ਜਾਨਲੇਵਾ ਹਮਲੇ ਦੌਰਾਨ ਜ਼ਖਮੀ ਹੋਣ ਬਾਅਦ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਅਗਲੇ ਦਿਨ ਉਸ ਦੇ ਜੱਦੀ ਪਿੰਡ ਭਿੱਖੀਵਿੰਡ ਲਿਆਂਦੀ ਗਈ। ਪੰਜਾਬ ਸਰਕਾਰ ਵੱਲੋਂ ਸਰਬਜੀਤ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਤਿੰਨ ਦਿਨ ਸਰਕਾਰੀ ਸੋਗ ਦਾ ਐਲਾਨ ਕੀਤਾ, ਉਸ ਨੂੰ 'ਕੌਮੀ ਸ਼ਹੀਦ' ਦਾ ਦਰਜਾ ਦੇ ਕੇ ਇਕ ਕਰੋੜ ਰੁਪਏ ਦੀ ਰਾਸ਼ੀ ਪਰਿਵਾਰ ਨੂੰ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ।

ਸਰਬਜੀਤ ਨੂੰ 'ਕੌਮੀ ਸ਼ਹੀਦ' ਐਲਾਨੇ ਜਾਣ 'ਤੇ ਕਈ ਖੱਬੇ ਪੱਖੀ, ਕੌਮੀ ਸ਼ਹੀਦਾਂ ਦੀ ਵਿਰਾਸਤ ਸੰਭਾਲਣ ਲਈ ਯਤਨਸ਼ੀਲ ਸੰਸਥਾਵਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਸਮੇਤ ਰਾਜਸੀ ਆਗੂਆਂ ਨੇ ਉਂਗਲ ਉਠਾਈ ਹੈ ਤੇ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਵੱਲੋਂ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਪਾਏ ਮਤੇ ਦੀ ਆਲੋਚਨਾ ਹੋ ਰਹੀ ਹੈ। ਅਜਿਹੇ ਲੋਕਾਂ ਦਾ ਮੰਨਣਾ ਹੈ ਕਿ ਸਰਬਜੀਤ ਨੇ ਲੰਬਾ ਸਮਾਂ ਹੋਰਾਂ ਭਾਰਤੀ ਕੈਦੀਆਂ ਵਾਂਗ ਪਾਕਿਸਤਾਨੀ ਜੇਲ੍ਹਾਂ ਵਿਚ ਨਰਕ ਭੋਗਿਆ ਤੇ ਜੇਲ੍ਹ ਦੌਰਾਨ ਉਸ ਉੱਪਰ ਹੋਇਆ



ਹਮਲਾ ਵੀ ਬੇਹੱਦ ਨਿੰਦਣਯੋਗ ਹੈ। ਸਰਬਜੀਤ ਪਾਕਿਸਤਾਨ ਹੱਥੋਂ ਬੇਹੱਦ ਪੀੜਤ ਹੋਇਆ ਤੇ ਉਸ ਦੇ ਪਰਿਵਾਰ ਨੂੰ ਵੀ ਬਹੁਤ ਸਾਰੀਆਂ ਦੁਸ਼ਵਾਰੀਆਂ ਝੱਲਣੀਆਂ ਪਈਆਂ। ਸਰਬਜੀਤ ਤੇ ਉਸ ਦੇ ਪਰਿਵਾਰ ਲਈ ਲੋਕਾਂ ਦੀ ਭਾਵੁਕ ਹਮਦਰਦੀ ਕੁਦਰਤੀ ਹੈ ਪਰ ਕਿਸੇ ਵਿਅਕਤੀ ਨੂੰ ਇਕਤਰਫਾ ਕੌਮੀ ਸ਼ਹੀਦ ਕਰਾਰ ਦੇ ਦੇਣਾ, ਸਮਝ ਤੋਂ ਬਾਹਰੀ ਗੱਲ ਹੈ। ਅਜਿਹੇ ਲੋਕ ਮੰਨਦੇ ਹਨ ਕਿ ਦੇਸ਼ ਤੇ ਲੋਕਾਂ ਦੇ ਮਸਲਿਆਂ ਨੂੰ ਲੈ ਕੇ ਜਦੋ-ਜਹਿਦਾਂਕਰਨ ਵਾਲੇ ਤੇ ਜਾਨ ਦੀ ਪ੍ਰਵਾਹ ਨਾ ਕਰਨ ਵਾਲੇ ਹੀ ਕੌਮੀ ਪ੍ਰਵਾਨਿਆਂ ਵਜੋਂ ਲੋਕ ਮਨਾਂ ਵਿਚ ਆਪਣਾ ਸਥਾਨ ਬਣਾਉਂਦੇ ਹਨ। ਇਨ੍ਹਾਂ ਪ੍ਰਵਾਨਿਆਂ ਦੀ ਕੁਰਬਾਨੀ ਤੇ ਸ਼ਹਾਦਤ ਖੁਦ ਰਾਅ ਹੀ ਲੋਕ ਚੇਤਿਆਂ ਵਿਚ ਵਾਸ ਕਰ ਜਾਂਦੀ ਹੈ। ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਕਿਸੇ ਅਸੈਂਬਲੀ ਦੇ ਮਤੇ ਨਾਲ ਸ਼ਹੀਦ ਪ੍ਰਵਾਨ ਨਹੀਂ ਹੋਏ ਸਗੋਂ ਉਨ੍ਹਾਂ ਆਪਣੇ ਅਮਲਾਂ ਨਾਲ ਇਹ ਰੁਤਬਾ ਹਾਸਲ ਕੀਤਾ ਹੈ। ਸਰਬਜੀਤ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਸ ਨੂੰ ਸ਼ਰਾਬ ਪੀਣ ਦੀ ਲਤ ਸੀ ਤੇ ਇਕ ਦਿਨ ਸ਼ਰਾਬੀ ਹਾਲਤ ਵਿਚ ਭੁਲੇਖੇ ਨਾਲ ਸਰਹੱਦ ਪਾਰ ਕਰ ਗਿਆ। ਖੁਫ਼ੀਆ ਏਜੰਸੀਆਂ ਦੇ ਕੁਝ ਅਧਿਕਾਰੀਆਂ ਦਾ ਦਾਅਵਾ ਹੈ ਕਿ ਸਰਬਜੀਤ ਭਾਰਤੀ ਖੁਫ਼ੀਆ ਏਜੰਸੀ 'ਰਾਅ' ਦਾ ਏਜੰਟ ਸੀ ਤੇ ਇਕ ਖਾਸ ਮਿਸ਼ਨ ਤਹਿਤ ਪਾਕਿਸਤਾਨ ਭੇਜਿਆ ਗਿਆ ਸੀ। ਦੋਵਾਂ ਵਿਚੋਂ ਕੋਈ ਗੱਲ ਵੀ ਸੱਚ ਹੋਵੇ, ਉਸ ਨੂੰ ਸ਼ਹੀਦ ਭਗਤ ਸਿੰਘ ਜਾਂ ਸ਼ਹੀਦ ਊਧਮ ਸਿੰਘ ਵਰਗਾ ਦਰਜਾ ਦੇਣਾ, ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਸਹੀ ਨਹੀਂ ਜਾਪ ਰਿਹਾ। ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਨੂੰਸੰਭਾਲੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਉਪ ਪ੍ਰਧਾਨ ਨੌਨਿਹਾਲ ਸਿੰਘ ਨੇ ਕਿਹਾ ਕਿ ਇਹ ਫ਼ੈਸਲਾ ਕੌਮੀ ਸ਼ਹੀਦਾਂ ਦਾ ਅਪਮਾਨ ਕਰਨ ਦੇ ਤੁੱਲ ਹੈ।

# ਅਜੇ ਵੀ ਕਾਇਮ ਹੈ 80 ਸਾਲਾ ਬਾਬੇ ਦੀ ਦਾਤੀ

## ਦਸ ਘੰਟਿਆਂ ਵਿਚ ਕਿੱਲਾ ਕਣਕ ਵੱਢ ਸੁੱਟੀ

**ਭਿੰਡੀ ਸੈਦਾਂ:** ਪਿੰਡ ਜਾਫਰਕੋਟ ਦੇ ਬਜ਼ੁਰਗ ਚੌਧਰੀ ਬਾਬਾ ਸਾਂਈ ਨੇ ਸਿਰਫ਼ 10 ਘੰਟਿਆਂ ਵਿਚ ਕਣਕ ਦਾ ਇਕ ਕਿੱਲਾ ਵੱਢ ਕੇ ਅੱਜ ਦੀ ਜਵਾਨੀ ਨੂੰ ਲਲਕਾਰਿਆ ਹੈ। ਭਾਵੇਂ ਅੱਜ ਉਸ ਦੇ ਹਾਣੀਆਂ ਵਿਚੋਂ ਕੁਝ ਤਾਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ ਤੇ ਕੁਝ ਬੁਢਾਪੇ ਕਾਰਨ ਮੰਜੀਆਂ ਮੱਲੀ ਬੈਠੇ ਹਨ ਪਰ ਚੌਧਰੀ ਬਾਬਾ ਸਾਂਈ ਆਪਣੀ ਸਿਹਤ ਨੂੰ ਨਸ਼ਿਆਂ ਵਰਗੀ ਬੀਮਾਰੀ ਤੋਂ ਬਚਾ ਕੇ ਰੱਖਿਆ ਹੋਣ ਕਾਰਨ ਅੱਜ ਵੀ ਚੜ੍ਹਦੀ ਜਵਾਨੀ ਦੇ ਜਵਾਨਾਂ ਨੂੰ ਵੀ ਆਪਣੇ ਮੂਹਰੇ ਖੰਘਣ ਨਹੀਂ ਦਿੰਦਾ ਤੇ ਹਰ ਸਾਲ ਕਣਕ ਦੇ ਸੀਜ਼ਨ ਦੌਰਾਨ ਸਿਰਫ ਇਕ ਏਕੜ ਕਣਕ 9-10 ਘੰਟਿਆਂ ਵਿਚ ਵੱਢਦਾ ਹੈ।



ਭਾਵੇਂ ਇਹ ਤਜਰਬਾ ਜਵਾਨੀ ਵੇਲੇ ਦਾ ਹੈ ਜਦੋਂ ਉਹ ਦਾਤੀ ਨੂੰ ਘੂੰਗਰੂ ਬੰਨ੍ਹ ਕੇ ਆਪਣੀ ਹਾਣੀਆਂ ਨਾਲ ਅੱਜ ਦੀਆਂ ਕੰਬਾਈਨਾਂ ਵਾਂਗ ਕਣਕ ਨੂੰ ਵੱਢ-ਵੱਢ ਕੇ ਢੇਰੀ ਕਰੀ ਆਉਂਦੇ ਸਨ ਪਰ ਹੁਣ ਕੰਨਾਂ ਤੋਂ ਘੱਟ ਸੁਣਦੇ 80 ਸਾਲ ਦੇ ਬਾਬਾ ਸਾਂਈ ਨੇ ਫਿਰ ਆਪਣੀ ਹਰ ਸਾਲ ਦੀ ਕਹਾਣੀ ਨੂੰ ਦੁਹਰਾਉਂਦਿਆਂ ਪਿੰਡ ਚੱਕ ਔਲ ਵਿਚ ਪੂਰਾ ਇਕ ਕਿੱਲਾ ਪੱਕੀ ਕਣਕ ਨੂੰ ਸਵੇਰੇ 6:30 ਵਜੇ ਪਿੰਡ ਦੀ ਪੰਚਾਇਤ ਦੀ ਹਾਜ਼ਰੀ ਵਿਚ ਢੋਲਾਂ ਦੀ ਤਾਲ ਤੇ ਆਪਣੀ ਦਾਤੀ ਨੂੰ ਕਣਕ ਦੇ ਨਾੜ 'ਤੇ ਤੇਜ਼ੀ ਨਾਲ ਚਲਾਉਂਦਿਆਂ ਪੂਰੀ ਚੁਸਤੀ ਨਾਲ ਸਿਰਫ਼ 10 ਘੰਟਿਆਂ ਵਿਚ ਵੱਢ ਦਿੱਤਾ। ਗੱਲਬਾਤ ਦੌਰਾਨ ਸਾਂਈ ਨੇ ਦੱਸਿਆ ਕਿ ਉਸ ਨੇ ਹੁਣ ਤੱਕ ਕਿਸੇ ਕਿਸਮ ਦਾ ਨਸ਼ਾ ਕਰਕੇ ਨਹੀਂ ਵੇਖਿਆ ਤੇ ਘਰ ਵਿਚ ਗਰੀਬੀ ਹੋਣ ਕਾਰਨ ਖੁਰਾਕ ਵੀ ਪੌਸ਼ਟਿਕ ਨਹੀਂ ਮਿਲਦੀ। ਬਸ ਇਹ ਤਾਂ ਪ੍ਰਮਾਤਮਾਂ ਦੀ ਕ੍ਰਿਪਾ ਹੈ ਜੋ ਮੇਰੀ ਸਿਹਤ ਵਧੀਆ ਹੈ।

## ਭਾਰਤੀ ਵੱਲੋਂ ਪਾਸਪੋਰਟ ਸੇਵਾਵਾਂ ਲਈ ਨਵੀਂ ਕੰਪਨੀ ਨਾਲ ਕਰਾਰ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤੀ ਦੂਤਾਵਾਸ ਨੇ ਦੇਸ਼ ਵਿਚ ਆਪਣੇ ਸਾਰੇ ਪੰਜ ਕੌਂਸਲਖਾਨਿਆਂ ਲਈ ਆਪਣੀਆਂ ਪਾਸਪੋਰਟ ਬਾਰੇ ਸੇਵਾਵਾਂ ਦਾ ਠੇਕਾ ਨਵੀਂ ਕੰਪਨੀ ਨੂੰ ਦੇ ਦਿੱਤਾ ਹੈ।

ਇਥੇ ਭਾਰਤੀ ਦੂਤਾਵਾਸ ਵੱਲੋਂ ਐਲਾਨ ਮੁਤਾਬਕ ਸੱਤ ਮਈ ਤੋਂ ਭਾਰਤੀ ਪਾਸਪੋਰਟ ਸਬੰਧੀ ਸੇਵਾਵਾਂ ਲਈ ਅਰਜ਼ੀਆਂ ਮੌਜੂਦਾ ਕੰਪਨੀ ਵੀਐਫਐਸ ਗਲੋਬਲ ਲਿਮਟਿਡ ਦੀ ਥਾਂ ਬੀਐਲਐਸ ਇੰਟਰਨੈਸ਼ਨਲ ਵੱਲੋਂ ਲਈਆਂ ਜਾਣਗੀਆਂ। ਵਾਸ਼ਿੰਗਟਨ ਵਿਚ ਭਾਰਤੀ ਦੂਤਾਵਾਸ ਤੋਂ ਇਲਾਵਾ ਨਿਊਯਾਰਕ, ਸਾਨ ਫਰਾਂਸਿਸਕੋ, ਸ਼ਿਕਾਗੋ, ਐਟਲਾਂਟਾ ਤੇ ਹਿਊਸਟਨ ਵਿਚ ਪੰਜ ਹੋਰ ਭਾਰਤੀ ਕੌਂਸਲਖਾਨਿਆਂ ਵੱਲੋਂ ਪਾਸਪੋਰਟ ਸਬੰਧੀ ਸੇਵਾਵਾਂ ਚਲਾਈਆਂ ਜਾ ਰਹੀਆਂ ਹਨ।

# ਚੋਣਾਂ ਦੌਰਾਨ ਦੇਸ਼ 'ਚੋਂ ਗੈਰ-ਹਾਜ਼ਰ ਹੀ ਰਹੇਗਾ ਬਿਲਾਵਲ



**ਇਸਲਾਮਾਬਾਦ:** ਪਾਕਿਸਤਾਨ ਵਿਚ 11 ਮਈ ਨੂੰ ਹੋ ਰਹੀਆਂ ਚੋਣਾਂ ਤੋਂ ਪਹਿਲਾਂ ਹੀ ਖਤਰੇ ਨੂੰ ਭਾਂਪਦੇ ਹੋਏ ਪੀਪਲਜ਼ ਪਾਰਟੀ ਦਾ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਵਿਦੇਸ਼ ਚਲਿਆ ਗਿਆ ਹੈ। ਇਹ ਖੁਲਾਸਾ ਮੀਡੀਆ ਰਿਪੋਰਟਾ ਤੋਂ ਹੋਇਆ ਹੈ। ਡਾਨ ਅਖ਼ਬਾਰ ਦੀ ਵੈੱਬਸਾਈਟ 'ਤੇ ਛਪੀ ਰਿਪੋਰਟ ਵਿਚ ਪੀਪੀਪੀ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ।

ਪਾਰਟੀ ਦੇ ਸੀਨੀਅਰ ਆਗੂ ਤਾਜ ਹੈਦਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਰਟੀ ਵਿਚ ਇਹ ਸਹਿਮਤੀ ਬਣ ਗਈ ਸੀ ਤੇ ਬਿਲਾਵਲ ਨੂੰ ਸਲਾਹ ਦਿੱਤੀ ਗਈ ਕਿ ਉਹ ਨਾ ਚੋਣ ਮੁਹਿੰਮ ਚਲਾਉਣਗੇ ਨਾ ਮੀਟਿੰਗਾਂ ਕਰਨਗੇ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਪਹਿਲਾਂ ਹੀ ਬੇਨਜ਼ੀਰ ਭੁੱਟੋ ਗੁਆ ਚੁੱਕੀ ਹੈ ਤੇ ਹੁਣ ਬਿਲਾਵਲ ਲਈ ਜੋਖ਼ਮ ਨਹੀਂ ਲਿਆ ਜਾ ਸਕਦਾ। ਹੈਦਰ ਅਨੁਸਾਰ ਬਿਲਾਵਲ ਦੀ ਜਾਨ ਨੂੰ ਸੱਚਮੁੱਚ ਗੰਭੀਰ ਖਤਰਾ ਸੀ। ਇਸ ਆਗੂ ਨੇ ਇਹ ਦੱਸਣੋਂ ਇਨਕਾਰ ਕਰ ਦਿੱਤਾ ਕਿ ਇਸ ਵੇਲੇ ਬਿਲਾਵਲ ਕਿੱਥੇ ਹੈ। ਪੀਪੀਪੀ ਦੇ ਸੂਤਰਾਂ ਦੇ ਹਵਾਲੇ ਨਾਲ ਇਸ ਹਫਤੇ ਦੇ ਸ਼ੁਰੂ ਵਿਚ ਰਿਪੋਰਟਾਂ ਆਈਆਂ ਸਨ ਕਿ ਬਿਲਾਵਲ 11 ਮਈ ਤੋਂ ਮਗਰੋਂ ਹੀ ਦੇਸ਼ ਪਰਤੇਗਾ। 23 ਅਪ੍ਰੈਲ ਨੂੰ ਜਾਰੀ ਇਕ ਵੀਡੀਓ ਸੁਨੇਹੇ ਵਿਚ ਭੁੱਟੋ ਪਰਿਵਾਰ ਤੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੇ ਫਰਜ਼ੰਦ ਨੇ ਕਿਹਾ ਸੀ ਕਿ ਉਹ ਪਾਰਟੀ ਦੀ ਚੋਣ ਮੁਹਿੰਮ ਵਿਚ ਸ਼ਾਮਲ ਹੋਣਗੇ ਪਰ ਇਸ ਦੀ ਅਗਵਾਈ ਨਹੀਂ ਕਰਨਗੇ। ਬਿਲਾਵਲ ਭੁੱਟੋ ਨੇ ਪਾਰਟੀ ਵਰਕਰਾਂ ਨੂੰ ਵੀਡੀਓ ਸੁਨੇਹੇ ਰਾਹੀਂ ਕਿਹਾ ਕਿ ਉਹ ਉਨ੍ਹਾਂ ਵਿਚ ਰਹਿ ਕੇ ਚੋਣ ਲੜਨੀ ਚਾਹੁੰਦੇ ਸਨ ਪਰ ਉਹ ਇਕ ਖਾਸ ਕਿਸਮ ਦੀ ਮਨੋਬ੍ਰਿਤੀ ਵਿਰੁੱਧ ਜੰਗ ਲੜ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਸ ਦੇ ਨਾਨੇ ਜੁਲਫੀਕਾਰ ਅਲੀ ਭੁੱਟੋ ਤੇ ਮਾਂ ਦੇ ਕਾਤਲ ਉਸ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ।

# ਅਮਰੀਕਾ ਦੇ ਆਜ਼ਾਦੀ ਦਿਵਸ ਮੌਕੇ ਹਮਲੇ ਦੀ ਘੜੀ ਸੀ ਯੋਜਨਾ

**ਵਾਸ਼ਿੰਗਟਨ:** ਅਮਰੀਕਾ ਦੇ ਆਜ਼ਾਦੀ ਦਿਵਸ 'ਤੇ ਚਾਰ ਜੁਲਾਈ ਨੂੰ ਆਤਮਘਾਤੀ ਹਮਲਾ ਕਰਨ ਦੀ ਯੋਜਨਾ ਬਣਾਈ ਗਈ ਸੀ।

ਇਹ ਖੁਲਾਸਾ ਬੋਸਟਨ ਵਿਚ ਬੰਬ ਧਮਾਕਾ ਕਰਨ ਵਾਲਿਆਂ ਵਿਚੋਂ ਬਚੇ ਇਕੋ-ਇਕ ਹਮਲਾਵਰ ਵੱਲੋਂ ਕੀਤਾ ਗਿਆ ਹੈ ਪਰ ਉਨ੍ਹਾਂ ਨੇ ਇਹ ਹਮਲੇ ਪਹਿਲਾਂ ਹੀ ਕਰਨ ਦਾ ਫੈਸਲਾ ਕਰ ਲਿਆ ਕਿਉਂਕਿ ਉਨ੍ਹਾਂ ਵੱਲੋਂ ਘਰ ਵਿਚ ਹੀ ਤਿਆਰ ਪ੍ਰੈਸ਼ਰ ਕੁੱਕਰ ਬੰਬ, ਆਸ ਨਾਲੋਂ ਪਹਿਲਾਂ ਤਿਆਰ ਹੋ ਗਏ ਸਨ। ਹਮਲਾਵਰਾਂ ਵਿਚੋਂ ਬਚੇ ਇਕੋ-ਇਕ ਮੁਲਜ਼ਮ ਦਜ਼ੋਖ਼ਰ ਤਸਰਨਾਇਵ (19) ਨੂੰ 18 ਅਪਰੈਲ ਨੂੰ ਬੋਸਟਨ ਨੇੜਿਓਂ ਫੜਿਆ ਗਿਆ ਸੀ ਤੇ ਉਸ ਵਿਰੁੱਧ ਵਿਆਪਕ ਤਬਾਹੀ ਵਾਲਾ ਹਥਿਆਰ ਵਰਤਣ ਦੇ ਦੋਸ਼ ਲੱਗੇ ਹਨ। ਜੇਕਰ ਉਹ ਦੋਸ਼ੀ ਸਿੱਧ ਹੋ ਜਾਂਦਾ ਹੈ ਤਾਂ ਉਸ ਨੂੰ ਉਮਰ ਕੈਦ ਹੋ ਸਕਦੀ ਹੈ।

ਪੁਲਿਸ ਨੇ ਉਸ ਦੇ ਵੱਡੇ ਭਰਾ ਤਮੇਰਲਨ ਤਸਰਨਾਇਵ (29) ਨੂੰ ਬੋਸਟਨ ਧਮਾਕਿਆਂ ਤੋਂ ਤਿੰਨ ਦਿਨ ਮਗਰੋਂ 18 ਅਪਰੈਲ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਤਸਰਨਾਇਵ ਤੇ ਦਜ਼ੋਖ਼ਰ ਨੇ ਪਹਿਲਾਂ ਇਹ ਆਤਮਘਾਤੀ ਹਮਲੇ ਚਾਰ ਜੁਲਾਈ ਨੂੰ ਕਰਨ ਦੀ ਯੋਜਨਾ ਬਣਾਈ ਸੀ। ਮਗਰੋਂ ਪੁੱਛ-ਪੜਤਾਲ ਦੌਰਾਨ ਦਜ਼ੋਖ਼ਰ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਬੰਬ ਮਿਥੇ ਸਮੇਂ ਨਾਲੋਂ ਪਹਿਲਾਂ ਤਿਆਰ ਹੋਣ ਕਰਕੇ ਉਨ੍ਹਾਂ ਨੇ ਇਹ ਹਮਲਾ ਅਗਾਊਂ ਕਰ ਲਿਆ ਸੀ। ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਨੇ ਚਾਰ ਜੁਲਾਈ ਨੂੰ ਕਿਹੜੇ ਖਾਸ ਸਥਾਨ 'ਤੇ ਹਮਲਾ ਕਰਨਾ ਸੀ ਪਰ ਉਸ ਦਿਨ ਦੇਸ਼ ਵਿਚ ਸਭ ਤੋਂ ਵੱਡੇ ਜਸ਼ਨ ਬੋਸਟਨ ਵਿਚ ਹੀ ਹੁੰਦੇ ਹਨ।

# ਭਾਰਤੀ ਨੌਜਵਾਨ ਹੱਤਿਆ ਦੇ ਦੋਸ਼ ਵਿਚ ਗ੍ਰਿਫ਼ਤਾਰ

**ਟੋਰਾਂਟੋ:** ਕੈਨੇਡਾ ਵਿਚ ਆਪਣੇ ਨਾਲ ਦੇ ਇਕ ਭਾਰਤੀ ਦੀ ਹੱਤਿਆ ਦੇ ਦੋਸ਼ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੀ ਲਾਸ਼ ਪਿਛਲੇ ਅਪ੍ਰੈਲ ਮਹੀਨੇ ਵਿਚ ਨਿਆਗਰਾ ਝਰਨੇ ਕੋਲ ਇਕ ਦਰਿਆ ਦੇ ਕੰਢੇ ਤੋਂ ਮਿਲੀ ਸੀ। 23 ਸਾਲਾ ਦਿਨੇਸ਼ ਸੁੰਦਰਲਿੰਗਮ ਨੂੰ ਗਰੇਟਰ ਟੋਰਾਂਟੋ ਏਰੀਆ ਦੇ ਮਾਰਖ਼ਮ ਇਲਾਕੇ ਵਿਚੋਂ ਉਸ ਦੇ ਘਰੋਂ ਫੜਿਆ ਹੈ। ਉਸ ਨੇ ਸੱਤਿਆ ਰਾਜ ਮਹਿੰਦਰਨ (21) ਦੀ ਹੱਤਿਆ ਕੀਤੀ ਸੀ। ਮਹਿੰਦਰਨ ਦੀ ਲਾਸ਼ 21 ਅਪਰੈਲ, 2012 ਨੂੰ ਨਿਆਗਰਾ ਖੇਤਰ ਵਿਚ ਵੈਲਾਂਡ ਦਰਿਆ ਦੇ ਨੇੜਿਓਂ ਮਿਲੀ ਸੀ। ਉਹ ਉਸੇ ਦਿਨ ਲਾਪਤਾ ਹੋਇਆ ਸੀ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No minimums

Call Paul at 1-800-705-3863

Transportation Funding Group, Inc.

Minneapolis , MN 55426

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਹੀਦੀ ਯਾਦਗਾਰ ਬਾਰੇ ਵਿਵਾਦ ਭਖਿਆ

*(ਸਫਾ ਇਕ ਦੀ ਬਾਕੀ)*

ਉਨ੍ਹਾਂ ਇਨ੍ਹਾਂ ਮਤਿਆਂ ਦੀਆਂ ਕਾਪੀਆਂ ਵੀ ਮੰਗ ਪੱਤਰ ਦੇ ਨਾਲ ਨੱਥੀ ਕੀਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਯਾਦਗਾਰ ਦੇ ਮਾਮਲੇ ਵਿਚ ਭਾਜਪਾ ਅਤੇ ਕਾਂਗਰਸ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਉਂਜ, ਇਹ ਵੀ ਪਤਾ ਲੱਗਾ ਹੈ ਕਿ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦਾ ਦਮਦਮੀ ਟਕਸਾਲ ਵੱਲੋਂ ਰੱਖਿਆ ਗਿਆ ਨਾਂ 'ਗੁਰਦੁਆਰਾ ਸ਼ਹੀਦੀ ਯਾਦਗਾਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ' ਹੀ ਕਾਇਮ ਰਹਿਣ ਦੀ ਸੰਭਾਵਨਾ ਹੈ। ਇਸ ਮਾਮਲੇ ਨੂੰ ਲੈ ਕੇ ਚੱਲ ਰਿਹਾ ਵਿਵਾਦ ਇਕ ਪਾਸੇ ਪੰਜ ਸਿੰਘ ਸਾਹਿਬਾਨ ਕੋਲ ਪੁੱਜ ਗਿਆ ਹੈ ਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਕੋਲ ਵੀ ਪੁੱਜਾ ਹੈ। ਕੋਰ ਕਮੇਟੀ ਦੀ ਲੰਘੇ ਦਿਨ ਚੰਡੀਗੜ੍ਹ ਹੋਈ ਮੀਟਿੰਗ ਵਿਚ ਭਾਵੇਂ ਪ੍ਰਮੁੱਖਤਾ ਨਾਲ ਸਿੱਖ ਕਤਲੇਆਮ ਦਾ ਮਾਮਲਾ ਵਿਚਾਰਿਆ ਗਿਆ ਪਰ ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸ਼ਹੀਦੀ ਯਾਦਗਾਰ ਸਬੰਧੀ ਵਿਵਾਦ ਦੇ ਮਾਮਲੇ ਨੂੰ ਆਪਸੀ ਗੱਲਬਾਤ ਨਾਲ ਜਲਦੀ ਨਿਬੇੜਨ ਲਈ ਵੀ ਆਖਿਆ ਗਿਆ।

ਉਧਰ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਜਲਦੀ ਹੀ ਆਪਸੀ ਸਹਿਮਤੀ ਨਾਲ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਯਾਦਗਾਰ ਦਾ ਨਾਂ ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕੀਤੇ ਗਏ ਮਤੇ ਦੀ ਭਾਵਨਾ ਮੁਤਾਬਕ ਹੀ ਹੋਵੇਗਾ। ਉਨ੍ਹਾਂ ਦੇ ਇਸ ਕਥਨ ਤੋਂ ਸਪੱਸ਼ਟ ਹੈ ਕਿ ਯਾਦਗਾਰ ਦਾ ਨਾਂ ਸੰਤ ਭਿੰਡਰਾਂਵਾਲਿਆਂ ਦੇ ਨਾਂ 'ਤੇ ਹੀ ਰਹਿਣ ਦਿੱਤਾ ਜਾਵੇਗਾ ਕਿਉਂਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪਾਸ ਕੀਤੇ ਗਏ ਮਤੇ ਵਿਚ ਇਹ ਸਪੱਸ਼ਟ ਹੈ ਕਿ ਸ਼ਹੀਦੀ ਯਾਦਗਾਰ ਇਕ ਗੁਰਦੁਆਰੇ ਦੇ ਰੂਪ ਵਿਚ ਹੋਵੇਗੀ ਤੇ ਇਹ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀਆਂ ਸਮੇਤ ਸ਼ਹੀਦ ਹੋਏ ਹੋਰ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਹੋਵੇਗੀ।

ਸੰਤ ਭਿੰਡਰਾਂਵਾਲੇ ਦੀ ਫੋਟੋ ਵਾਲੀ ਕੰਧ ਘੜੀ ਵੀ ਉਤਾਰੀ: ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਯਾਦਗਾਰ ਦੇ ਅੰਦਰ ਲੱਗੀ ਕੰਧ ਘੜੀ ਜਿਸ ਵਿਚ ਸੰਤ ਭਿੰਡਰਾਂਵਾਲਾ ਦੀ ਤਸਵੀਰ ਸੀ, ਹਟਾ ਦਿੱਤੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਦੇ ਅੰਦਰ ਰੱਖੀ ਗੋਲਕ ਜਿਸ ਉਪਰ ਸੰਤ ਭਿੰਡਰਾਂਵਾਲਾ ਦਾ ਨਾਂ ਲਿਖਿਆ ਹੋਇਆ ਸੀ, ਵੀ ਹਟਾ ਦਿੱਤੀ ਗਈ ਸੀ। ਇਸ ਤੋਂ ਇਲਾਵਾ ਦਮਦਮੀ ਟਕਸਾਲ ਨੂੰ ਇਥੇ ਯਾਦਗਾਰ ਵਿਖੇ ਅਖੰਡ ਪਾਠ ਬੁੱਕ ਕਰਨ ਤੇ ਯਾਦਗਾਰ ਦੀ ਕਾਰ ਸੇਵਾ ਲਈ ਮਾਲੀ ਮਦਦ ਇਕੱਠੀ ਕਰਨ ਤੋਂ ਵਰਜ ਦਿੱਤਾ ਗਿਆ ਹੈ।

**ਭਾਜਪਾ ਆਪਣੇ ਸਟੈਂਡ 'ਤੇ ਬਜ਼ਿੱਦ:** ਭਾਰਤੀ ਜਨਤਾ ਪਾਰਟੀ ਨੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਦੇ ਬਾਹਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਉਨ੍ਹਾਂ ਦੇ ਸਾਥੀਆਂ ਦੇ ਨਾਂ ਲਿਖੇ ਜਾਣ 'ਤੇ ਇਤਰਾਜ਼ ਪ੍ਰਗਟਾਉਂਦਿਆਂ ਅਤਿਵਾਦ ਦੀ ਭੇਟ ਚੜ੍ਹੇ ਮਾਸੂਮਾਂ ਦੀ ਵੀ ਯਾਦ ਬਣਾਉਣ ਦੀ ਮੰਗ ਕੀਤੀ ਹੈ। ਪਾਰਟੀ ਦੇ ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ ਨੇ ਕਿਹਾ ਹੈ ਕਿ ਭਾਜਪਾ ਉਨ੍ਹਾਂ ਵਿਅਕਤੀਆਂ ਦੀ ਯਾਦਗਾਰ ਬਣਾਉਣ ਦੇ ਖਿਲਾਫ਼ ਹੈ ਜਿਨ੍ਹਾਂ ਕਾਰਨ ਸੂਬਾ ਦੋ ਦਹਾਕੇ ਅਤਿਵਾਦ ਦੀ ਭੱਠੀ ਵਿਚ ਭੁੱਜਦਾ ਰਿਹਾ ਹੈ।

# ਸੱਜਣ ਕੁਮਾਰ ਖਿਲਾਫ ਰੋਹ ਤੇ ਰੋਸ ਭੜਕਿਆ

ਰੱਖੇਗੀ। ਉਨ੍ਹਾਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਇਹ ਲੜਾਈ ਕਿਸੇ ਧਰਮ ਦੀ ਨਹੀਂ, ਬਲਕਿ ਦੇਸ਼ ਨੂੰ ਬਚਾਉਣ ਦੀ ਹੈ ਜਿਸ ਵਿਚ ਹਰ ਵਰਗ ਦੇ ਇਨਸਾਫਪਸੰਦ ਲੋਕਾਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਨਵੀਂ ਦਿੱਲੀ ਸਥਿਤ ਜੰਤਰ ਮੰਤਰ ਵਿਖੇ ਲਾਏ ਗਏ ਧਰਨੇ ਵਿਚ ਪੁੱਜੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਸਰਕਾਰੀ ਤੰਤਰ ਅਤੇ ਭਾਰਤੀ ਨਿਆਂ ਪ੍ਰਣਾਲੀ ਨੇ ਸਿੱਖਾਂ ਨੂੰ ਜਲਾਲਤ ਤੋਂ ਸਿਵਾਏ ਕੁਝ ਨਹੀਂ ਦਿੱਤਾ ਹੈ। ਚਸ਼ਮਦੀਦ ਗਵਾਹ ਮੌਜੂਦ ਹੋਣ ਦੇ ਬਾਵਜੂਦ ਸਾਰੇ ਕਾਨੂੰਨ ਛਿੱਕੇ ਟੰਗ ਕੇ ਇਹ ਕਿਹਾ ਜਾ ਰਿਹਾ ਹੈ ਕਿ ਸੱਜਣ ਕੁਮਾਰ ਦੋਸ਼ੀ ਨਹੀਂ; ਦੂਜੇ ਪਾਸੇ ਸਿਰਫ ਸਿੱਖ ਹੋਣ ਕਾਰਨ ਦਵਿੰਦਰਪਾਲ ਸਿੰਘ ਭੁੱਲਰ ਨਾਲ ਵਧੀਕੀ ਕੀਤੀ ਜਾ ਰਹੀ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਅਤੇ ਇਸ ਮਾਮਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਤੋਂ ਕਰਵਾਉਣ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਅੰਦੋਲਨ ਤੇਜ਼ ਕਰ ਦਿੱਤਾ ਜਾਵੇਗਾ। ਇਸੇ ਸਿਲਸਿਲੇ ਵਿਚ ਆਗੂਆਂ ਦਾ ਵਫਦ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤੇਜਿੰਦਰ ਖੰਨਾ ਨੂੰ ਵੀ ਮਿਲਿਆ।

ਇਸ ਦੇ ਨਾਲ ਹੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੇਂਦਰ ਸਰਕਾਰ ਵਿਚ ਸਿੱਖੀ ਸਰੂਪ ਵਾਲੇ ਉਚ ਅਹੁਦਿਆਂ 'ਤੇ ਬੈਠੇ ਹਾਕਮਾਂ ਨੂੰ ਹਲੂਣਾ ਦਿੰਦਿਆਂ ਆਖਿਆ ਹੈ ਕਿ ਉਹ ਸਿੱਖਾਂ ਨਾਲ ਹੋਈ ਬੇਇਨਸਾਫ਼ੀ ਰੋਕਣ ਲਈ ਅੱਖਾਂ ਖੋਲ੍ਹਣ। ਅਕਾਲ ਤਖ਼ਤ ਦੇ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਗਿਆਨੀ ਗੁਰਬਚਨ ਸਿੰਘ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਹੋਰ ਸਿੱਖ ਆਗੂਆਂ ਬਾਰੇ ਆਖਿਆ ਕਿ ਉਚ ਅਹੁਦਿਆਂ 'ਤੇ ਬਿਰਾਜਮਾਨ ਇਨ੍ਹਾਂ ਸਿੱਖ ਆਗੂਆਂ ਨੇ ਸਿੱਖੀ ਮਾਮਲਿਆਂ ਬਾਰੇ ਜਾਣਬੁਝ ਕੇ ਅੱਖਾਂ ਬੰਦ ਕੀਤੀਆਂ ਹੋਈਆਂ ਹਨ। ਉਨ੍ਹਾਂ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਵਿਅਕਤੀ ਜੋ ਸਜ਼ਾ ਭੁਗਤਣ ਦੀ ਥਾਂ ਵੱਖ-ਵੱਖ ਅਹੁਦਿਆਂ 'ਤੇ ਬੈਠੇ ਹਨ, ਖ਼ਿਲਾਫ਼ ਸੁਪਰੀਮ ਕੋਰਟ ਵਿਚ ਕਾਨੂੰਨੀ ਚਾਰਾਜੋਈ ਕਰਕੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਯਤਨ ਕਰਨ।

ਉਧਰ, ਦੇਸ਼ ਭਰ ਵਿਚ ਫੈਲੇ ਰੋਸ ਨੂੰ ਵੇਖਦਿਆਂ ਸੀ.ਬੀ.ਆਈ. ਨੇ ਫੈਸਲਾ ਕੀਤਾ ਹੈ ਕਿ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਵੱਲੋਂ ਬਰੀ ਕੀਤੇ ਜਾਣ ਨੂੰ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਜਾਂਚ ਏਜੰਸੀ ਦਾ ਕਹਿਣਾ ਹੈ ਕਿ ਉਸ ਕੋਲ ਚੁਣੌਤੀ ਦੇਣ ਲਈ ਠੋਸ ਆਧਾਰ ਹੈ। ਸੀ.ਬੀ.ਆਈ. ਦੇ ਸੂਤਰਾਂ ਅਨੁਸਾਰ ਸਿੱਖ ਕਤਲੇਆਮ ਦੇ ਮਾਮਲੇ ਵਿਚ ਪੰਜ ਦੋਸ਼ੀਆਂ ਨੂੰ ਸਜ਼ਾ ਸੁਣਾਏ ਜਾਣ ਦੇ ਫੈਸਲੇ ਦੀ ਉਡੀਕ ਹੈ ਤੇ ਉਸ ਮਗਰੋਂ ਹੀ ਏਜੰਸੀ ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗੀ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਤੇ ਸੈਸ਼ਨ ਜੱਜ ਜੇ.ਆਰ. ਆਰੀਅਨ ਨੇ 30 ਅਪਰੈਲ ਨੂੰ ਸੱਜਣ ਕੁਮਾਰ ਨੂੰ 29 ਸਾਲ ਪੁਰਾਣੇ ਕੇਸ ਵਿਚ ਬਰੀ ਕਰ ਦਿੱਤਾ ਸੀ ਜਦਕਿ ਪੰਜ ਹੋਰਾਂ ਬਲਵਾਨ ਖੋਖਰ, ਮਹਿੰਦਰ ਯਾਦਵ, ਕਿਸ਼ਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। ਸੀ.ਬੀ.ਆਈ. ਦੇ ਸੂਤਰਾਂ ਅਨੁਸਾਰ ਏਜੰਸੀ ਦੇ ਕਾਨੂੰਨ ਵਿਭਾਗ ਨੇ ਸੱਜਣ ਕੁਮਾਰ ਬਾਰੇ ਫੈਸਲੇ ਦਾ ਅਧਿਐਨ ਕੀਤਾ ਹੈ, ਉਸ ਦੌਰਾਨ ਕਈ ਅਹਿਮ ਨੁਕਤੇ ਸਾਹਮਣੇ ਆਏ ਹਨ ਜਿਸ ਨਾਲ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਲਈ ਠੋਸ ਆਧਾਰ ਤਿਆਰ ਹੋ ਰਿਹਾ ਹੈ। ਹੁਣ ਕਾਨੂੰਨ ਮੰਤਰਾਲੇ ਤੱਕ ਪਹੁੰਚ ਕੀਤੀ ਜਾ ਰਹੀ ਹੈ ਤਾਂ ਜੋ ਪਟੀਸ਼ਨ ਪਾਉਣ ਦੀ ਮਨਜ਼ੂਰੀ ਮਿਲ ਸਕੇ।

## ਭੁੱਲਰ ਦੀ ਫਾਂਸੀ ਖ਼ਿਲਾਫ਼ ਪਟੀਸ਼ਨ ਮਨਜ਼ੂਰ

**ਨਵੀਂ ਦਿੱਲੀ (ਬਿਊਰੋ):** ਸੁਪਰੀਮ ਕੋਰਟ ਨੇ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਉਤੇ ਰੋਕ ਲਾਉਣ ਲਈ ਉਨ੍ਹਾਂ ਦੀ ਪਤਨੀ ਨਵਨੀਤ ਕੌਰ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਨੂੰ ਸੁਣਵਾਈ ਲਈ ਮਨਜ਼ੂਰ ਕਰ ਲਿਆ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਅਦਾਲਤ ਵੱਲੋਂ ਭੁੱਲਰ ਦੇ ਮਾਮਲੇ ਸਬੰਧੀ ਬੀਤੀ 12 ਅਪਰੈਲ ਨੂੰ ਸੁਣਾਏ ਗਏ ਫੈਸਲੇ ਖ਼ਿਲਾਫ਼ ਦਾਇਰ ਨਜ਼ਰਸਾਨੀ ਪਟੀਸ਼ਨ ਦਾ ਫੈਸਲਾ ਹੋਣ ਤੱਕ ਸਜ਼ਾ ਉਤੇ ਰੋਕ ਲਾਈ ਜਾਵੇ।

12 ਅਪਰੈਲ ਨੂੰ ਸੁਣਾਏ ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਪ੍ਰੋ. ਭੁੱਲਰ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਸੀ ਜਿਸ ਵਿਚ ਰਾਸ਼ਟਰਪਤੀ ਵੱਲੋਂ ਉਸ ਦੀ ਰਹਿਮ ਦੀ ਅਪੀਲ ਦਾ ਫੈਸਲਾ ਕਰਨ ਵਿਚ ਹੋਈ ਦੇਰ ਦੇ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। ਬੀਬੀ ਨਵਨੀਤ ਕੌਰ ਵੱਲੋਂ ਪੇਸ਼ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਪਟੀਸ਼ਨ ਦੀ ਛੇਤੀ ਸੁਣਵਾਈ ਕੀਤੀ ਜਾਵੇ।

ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਇਸ ਬੈਂਚ ਵਿਚ ਜਸਟਿਸ ਵਿਕਰਮਜੀਤ ਸੇਨ ਤੇ ਜਸਟਿਸ ਕੁਰੀਅਨ ਯੋਸਫ ਵੀ ਸ਼ਾਮਲ ਹਨ। ਸ੍ਰੀ ਜੇਠਮਲਾਨੀ ਨੇ ਦੱਸਿਆ ਕਿ ਬੀਬੀ ਨਵਨੀਤ ਕੌਰ ਨੇ ਇਸ ਡਰ ਕਾਰਨ ਲੋਕ ਹਿਤ ਪਟੀਸ਼ਨ ਪਾਈ ਹੈ ਕਿ ਕਿਤੇ ਨਜ਼ਰਸਾਨੀ ਪਟੀਸ਼ਨਾਂ ਵਿਚਾਰ ਅਧੀਨ ਹੋਣ ਦੇ ਬਾਵਜੂਦ ਉਸ ਦੇ ਪਤੀ ਨੂੰ ਫਾਂਸੀ ਨਾ ਦੇ ਦਿੱਤੀ ਜਾਵੇ।

# ਤਾਲਿਬਾਨ ਪਾਕਿਸਤਾਨ ਲਈ ਸਭ ਤੋਂ ਵੱਡਾ ਖਤਰਾ ਕਰਾਰ

**ਵਾਸ਼ਿੰਗਟਨ:** ਪਾਕਿਸਤਾਨ ਦੇ ਬਹੁਤੇ ਲੋਕਾਂ ਦੀ ਇਹ ਰਾਏ ਹੈ ਕਿ ਇਸ ਵੇਲੇ ਪਾਕਿਸਤਾਨ ਨੂੰ ਸਭ ਤੋਂ ਵੱਧ ਖਤਰਾ ਕੱਟੜਪੰਥੀ ਦਹਿਸ਼ਤਪਸੰਦ ਜਮਾਤ ਤਾਲਿਬਾਨ ਤੋਂ ਹੈ। ਪੀਊ ਰਿਸਰਚ ਸੈਂਟਰ ਵੱਲੋਂ ਕਰਵਾਏ ਨਵੇਂ ਸਰਵੇਖਣ ਵਿਚ ਇਹ ਗੱਲ ਪਹਿਲੀ ਵਾਰ ਉਭਰ ਕੇ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਵਾਲੇ ਸਰਵੇਖਣਾਂ ਵਿਚ ਬਹੁਤੇ ਲੋਕ ਭਾਰਤ ਨੂੰ ਹੀ ਪਾਕਿਸਤਾਨ ਲਈ ਵੱਡਾ ਖਤਰਾ ਆਖਦੇ ਹੁੰਦੇ ਸਨ।



ਇਸ ਸਰਵੇਖਣ ਮੁਤਾਬਕ ਦਸਾਂ ਵਿਚੋਂ 9 ਪਾਕਿਸਤਾਨੀਆਂ ਨੇ ਦਹਿਸ਼ਤਗਰਦੀ ਨੂੰ ਦੇਸ਼ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ। ਇਨ੍ਹਾਂ 90 ਫੀਸਦੀ ਲੋਕਾਂ ਦਾ ਕਹਿਣਾ ਸੀ ਕਿ ਤਾਲਿਬਾਨ, ਪਾਕਿਸਤਾਨ ਨੂੰ ਅੰਨ੍ਹੀ ਗਲੀ ਵੱਲ ਖਿੱਚ ਕੇ ਲਿਜਾ ਰਹੇ ਹਨ। ਪਾਕਿਸਤਾਨੀਆਂ ਦਾ ਅਮਰੀਕਾ ਬਾਰੇ ਰਵੱਈਆ ਪਿੱਛਲੇ ਕੁਝ ਸਮੇਂ ਦੌਰਾਨ ਤੇਜ਼ੀ ਨਾਲ ਬਦਲਿਆ ਹੈ। ਸਿਰਫ਼ 11 ਫੀਸਦੀ ਲੋਕਾਂ ਨੇ ਹੀ ਮੰਨਿਆ ਕਿ ਅਮਰੀਕਾ ਕਿਸੇ ਨਾ ਕਿਸੇ ਰੂਪ ਵਿਚ ਪਾਕਿਸਤਾਨ ਦੀ ਇਮਦਾਦ ਕਰ ਰਿਹਾ ਹੈ। ਤਕਰੀਬਨ 64 ਫੀਸਦੀ ਪਾਕਿਸਤਾਨੀਆਂ ਨੇ ਕਿਹਾ ਕਿ ਅਮਰੀਕਾ ਹੁਣ ਪਾਕਿਤਸਾਨ ਦਾ ਮਿੱਤਰ ਨਹੀਂ, ਸਗੋਂ ਦੁਸ਼ਮਣ ਬਣ ਚੁੱਕਾ ਹੈ। ਪੀਊ ਰਿਸਰਚ ਸੈਂਟਰ ਨੇ ਇਹ ਸਰਵੇਖਣ 11 ਤੋਂ 31 ਮਾਰਚ ਤੱਕ ਕੀਤਾ ਸੀ ਅਤੇ ਇਸ ਤਹਿਤ 1201 ਬੰਦਿਆਂ ਤੋਂ ਸਵਾਲ ਪੁੱਛੇ ਗਏ ਸਨ। ਇਨ੍ਹਾਂ ਬੰਦਿਆਂ ਦੀ ਚੋਣ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਕੀਤੀ ਗਈ ਸੀ। ਸਰਵੇਖਣ ਵਿਚ ਇਹ ਗੱਲ ਵੀ ਸਾਹਮਣੇ ਆਈ ਕਿ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੂੰ ਲੋਕ ਬਹੁਤ ਨਫ਼ਰਤ ਕਰਦੇ ਹਨ। 83 ਫੀਸਦੀ ਲੋਕਾਂ ਨੇ ਜ਼ਰਦਾਰੀ ਦੇ ਖ਼ਿਲਾਫ਼ ਭੜਾਸ ਕੱਢੀ। ਇਸ ਦੇ ਐਨ ਉਲਟ 66 ਫੀਸਦੀ ਲੋਕਾਂ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਪਸੰਦ ਕੀਤਾ। 60 ਫੀਸਦੀ ਲੋਕਾਂ ਦਾ ਕਹਿਣਾ ਸੀ ਕਿ ਸਾਬਕਾ ਕ੍ਰਿਕਟ ਖਿਡਾਰੀ ਇਮਰਾਨ ਖਾਨ ਸਿਆਸਤ ਵਿਚ ਚੰਗੀ ਪਿਰਤ ਪਾ ਸਕਦਾ ਹੈ। ਇਸ ਤੋਂ 11 ਮਈ ਨੂੰ ਹੋ ਰਹੀਆਂ ਚੋਣਾਂ ਦੀ ਨਬਜ਼ ਵੀ ਪਤਾ ਲਗਦੀ ਹੈ। ਚੋਣ ਸਰਵੇਖਣਾਂ ਵਿਚ ਵੀ ਨਵਾਜ਼ ਸ਼ਰੀਫ ਦੀ ਪਾਰਟੀ ਅੱਗੇ ਚੱਲ ਰਹੀ ਹੈ। 79 ਫੀਸਦੀ ਲੋਕਾਂ ਦਾ ਮੰਨਣਾ ਸੀ ਕਿ ਪਾਕਿਸਤਾਨ ਦੀ ਫੌਜ ਅਜੇ ਵੀ ਹਾਂ-ਪੱਖੀ ਰੋਲ ਅਦਾ ਕਰ ਸਕਦੀ ਹੈ। 95 ਫੀਸਦੀ ਲੋਕਾਂ ਮੁਤਾਬਕ ਵੱਧ ਰਿਹਾ ਅਪਰਾਧ ਦੇਸ਼ ਨੂੰ ਲੀਹੋਂ ਲਾ ਦੇਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonials

**ਵਰ ਦੀ ਲੋੜ ਹੈ**

ਰਾਮਗੜ੍ਹੀਆ ਸਿੱਖ ਬੀ ਏ ਪਾਸ ਅਮਰੀਕਾ ਵਿਚ ਜੌਬ ਕਰਦੀ ਲੜਕੀ, 30, 5'-2" ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 347-653-5790,ਈਮੇਲ: prince.kular@yahoo.com

U.S citizen boy sought for Ramdasia Sikh girl 25 , 5'-3" smart looking Physical Therapist living in Punjab. Whole family is in the U.S. Send bio-data/ photograph to jasdev13@gmail.com or call: 630-379-8202 *-16.4*

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

**ਕੰਨਿਆ ਦੀ ਲੋੜ ਹੈ**

Wanted America/Canada settled girl 20-27 years for Ramgarhia cleanshaved Sikh Indian boy 24,5'-11", PGDCA (IT), bank job. Caste no bar, sisters settled in US/Canada. contact: gurman78@gmail.com/ 630-614-4411

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426


# ਸ੍ਰੀਮਤੀ ਗਾਂਧੀ ਦੀ ਹੱਤਿਆ ਤੇ ਅਮਨ ਕਾਨੂੰਨ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਦਿੱਲੀ ਦੰਗਿਆਂ ਸਮੇਂ ਨਵੀਂ ਦਿੱਲੀ ਦਾ ਵਾਸੀ ਸਾਂ। ਮੇਰਾ ਵਾਸਾ ਸਰਕਾਰੀ ਕਾਲੋਨੀ ਭਾਰਤੀ ਨਗਰ ਵਿਚ ਸੀ। ਮੈਥੋਂ ਪੰਜਾਹ ਗਜ਼ ਦੀ ਦੂਰੀ ਉਤੇ ਸੜਕ ਪਾਰ ਲੋਧੀ ਰੋਡ 'ਤੇ ਮੇਰਾ ਮਿੱਤਰ ਤੇ ਉਸ ਵੇਲੇ ਦਾ ਪੁਲਿਸ ਕਮਿਸ਼ਨਰ ਗੁਰਦਿਆਲ ਸਿੰਘ ਮੰਡੇਰ ਰਹਿੰਦਾ ਸੀ ਤੇ 100 ਗਜ਼ ਦੀ ਦੂਰੀ ਉਤੇ ਸੁਜਾਨ ਸਿੰਘ ਪਾਰਕ ਵਿਚ ਲੇਖਕ ਪੱਤਰਕਾਰ ਖੁਸ਼ਵੰਤ ਸਿੰਘ। ਮੇਰੀ ਪਤਨੀ ਸੰਸਾਰ ਸਿਹਤ ਸੰਸਥਾ ਵੱਲੋਂ ਭੇਜੀ ਸੋਲੋਮੋਨ ਨਾਂ ਦੇ ਟਾਪੂਆਂ ਵਿਚ ਗਈ ਹੋਈ ਸੀ। ਸਾਡੇ ਘਰ ਉਹਦਾ ਤੇ ਮੇਰਾ-ਦੋ ਸਰਕਾਰੀ ਟੈਲੀਫੋਨ ਸਨ। ਮੇਰੇ ਸਰੂਪ ਵਾਲਿਆਂ ਦੇ ਕਤਲਾਂ ਦੀਆਂ ਖ਼ਬਰਾਂ ਸਾਹ ਨਹੀਂ ਸੀ ਲੈਣ ਦਿੰਦੀਆਂ। ਇੱਕ ਟੈਲੀਫੋਨ ਬੰਦ ਕਰਦਾ ਸਾਂ ਤਾਂ ਦੂਜਾ ਵੱਜ ਪੈਂਦਾ ਸੀ। ਅਜੀਤ ਕੌਰ, ਤਾਰਾ ਸਿੰਘ ਕਾਮਲ, ਅੰਮ੍ਰਿਤਾ ਪ੍ਰੀਤਮ, ਜਸਟਿਸ ਜੋਸ਼ੀ ਅਤੇ ਵਿਦੇਸ਼ੀਂ ਵਸਦੇ ਰਿਸ਼ਤੇਦਾਰਾਂ ਦੇ ਟੈਲੀਫੋਨ ਲਗਾਤਾਰ ਆ ਰਹੇ ਸਨ। ਹਮਦਰਦੀ ਜਤਾਉਂਦੇ ਅਤੇ ਦੁੱਖ ਵੰਡਾਉਂਦੇ।

ਮੈਂ ਮੰਡੇਰ ਨੂੰ ਆਪਣੇ ਮਨ ਦਾ ਭੈਅ ਦੱਸਿਆ ਤਾਂ ਉਸ ਨੇ ਏਨਾ ਕਹਿ ਕੇ ਟੈਲੀਫੋਨ ਬੰਦ ਕਰ ਦਿੱਤਾ, 'ਫੋਨ ਰਾਹੀਂ ਜਾਂ ਆਪਣੇ ਗੜ੍ਹਵਾਲੀ ਨੌਕਰ ਨੂੰ ਭੇਜ ਕੇ ਖ਼ਬਰ ਦੇ ਦਈਂ, ਮੇਰੀ ਸੁਰੱਖਿਆ ਗਾਰਦ ਮੌਕਾ ਸਾਂਭ ਲਵੇਗੀ।' ਖੁਸ਼ਵੰਤ ਸਿੰਘ ਨੇ ਕਿਸੇ ਨੇੜਲੇ ਦੂਤਾਵਾਸ ਵਿਚ ਪਨਾਹ ਲੈ ਲਈ ਸੀ। ਮੈਂ ਦੰਗਾਕਾਰੀਆਂ ਉਤੇ ਤੇਲ ਭਿੱਜੀਆਂ ਰਜ਼ਾਈਆਂ ਨੂੰ ਅੱਗ ਲਾ ਕੇ ਸੁੱਟਣ ਦੀਆਂ ਸਲਾਹਾਂ ਦੇ ਕੇ ਫੋਨ ਕਰਨ ਵਾਲਿਆਂ ਨੂੰ ਚੁੱਪ ਕਰਵਾ ਰਿਹਾ ਸਾਂ

ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਦੇ ਕਤਲ ਤੋਂ ਪਿੱਛੋਂ ਮੇਰੇ ਹਮਜਮਾਤੀ ਮਾਮੇ ਸ਼ਮਸ਼ੇਰ ਸਿੰਘ ਉਤੇ ਹਮਲੇ ਦੀ ਖ਼ਬਰ ਦਿੰਦੀ ਉਸ ਦੀ ਪਤਨੀ ਰੋ ਕੁਰਲਾ ਕੇ ਉਸ ਦੀ ਜਾਨ ਬਖ਼ਸ਼ੀ ਲਈ ਤਰਲੇ ਮਾਰਨ ਲੱਗੀ ਤਾਂ ਮੈਂ ਮੰਡੇਰ ਤੋਂ ਮਦਦ ਮੰਗੀ। ਉਹ ਘਰ ਨਹੀਂ ਸੀ। ਫੋਨ ਸੁਣਨ ਵਾਲੇ ਦਾ ਸੰਖੇਪ ਉਤਰ ਸੀ ਕਿ ਉਹ ਮੈਨੂੰ ਤਾਂ ਬਚਾ ਸਕਦਾ ਹੈ, ਹੋਰ ਕਿਸੇ ਨੂੰ ਨਹੀਂ। ਨਿਸਚੇ ਹੀ ਮੰਡੇਰ, ਮੈਂ ਤੇ ਖੁਸ਼ਵੰਤ ਸਿੰਘ ਆਪਣੇ ਵਰਗੇ ਬਾਕੀ ਕੇਸਧਾਰੀਆਂ ਨਾਲੋਂ ਕਿਤੇ ਵਧ ਸੁਰੱਖਿਅਤ ਸਾਂ। ਸਰਕਾਰੀ ਕਾਲੋਨੀ ਵਿਚ ਸਾਡੇ ਆਂਢ-ਗੁਆਂਢ ਵਿਚ ਕਈ ਅਫਸਰਾਂ ਕੋਲ ਪਹਿਰੇਦਾਰ ਵੀ ਸਨ। ਮੈਂ ਆਪਣੇ ਮਿੱਤਰ ਤਾਰਾ ਸਿੰਘ ਕਾਮਲ ਦੇ ਪਰਿਵਾਰ ਨੂੰ ਪੁਲਿਸ ਦੀ ਗੱਡੀ ਲੈ ਕੇ ਆਪਣੇ ਘਰ ਲੈ ਆਇਆ ਸਾਂ। ਬਾਕੀ ਟੈਲੀਫੋਨ ਕਰਨ ਵਾਲਿਆਂ ਲਈ ਹੌਸਲਾ ਦੇਣ ਤੋਂ ਵਧ ਮੇਰੇ ਕੋਲ ਵੀ ਕੁੱਝ ਨਹੀਂ ਸੀ।

ਦੰਗਾਕਾਰੀਆਂ ਵਿਚ ਮ੍ਰਿਤਕ ਗਾਂਧੀ ਦੇ ਹਮਾਇਤੀ ਵੀ ਸਨ ਤੇ ਆਪਣੇ ਆਪ ਨੂੰ ਬਣਨ ਵਾਲੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਨਜ਼ਰ ਚੜ੍ਹਨ ਦੀ ਚਾਹ ਵਾਲੇ ਰਾਜਨੀਤਕ ਵੀ। ਮੌਕੇ ਦਾ ਲਾਭ ਲੈ ਕੇ ਚੋਰ, ਕਾਤਲ ਤੇ ਲੁਟੇਰਾ ਬਿਰਤੀ ਵਾਲਿਆਂ ਦੀ ਸੈਨਾ ਉਨ੍ਹਾਂ ਤੋਂ ਵੀ ਅੱਗੇ ਸੀ। ਮਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦੀ ਭਾਵਨਾ ਵਾਲੇ ਰਾਜੀਵ ਗਾਂਧੀ ਤੋਂ ਕਈ ਗੁਣਾਂ ਅੱਗੇ। ਸਥਿਤੀ ਏਨੀ ਗੰਭੀਰ ਸੀ ਕਿ ਮੈਨੂੰ ਆਪਣੇ ਘਰ ਦੇ ਲਾਅਨ ਵਿਚ ਨਿਕਲਿਆ ਦੇਖ ਕੇ ਮੇਰਾ ਗੜ੍ਹਵਾਲੀ ਨੌਕਰ ਮੈਨੂੰ ਏਦਾਂ ਧੱਕ ਕੇ ਅੰਦਰ ਲੈ ਗਿਆ ਸੀ ਜਿਵੇਂ ਉਹ ਮੇਰਾ ਬਾਪ ਹੋਵੇ ਤੇ ਮੈਂ ਉਸ ਦਾ ਬੁੱਧੂ ਪੁੱਤਰ ਜਿਸ ਨੂੰ ਬਾਹਰਲੀਆਂ ਵਾਰਦਾਤਾਂ ਦੀ ਖ਼ਬਰ ਨਾ ਹੋਵੇ। ਉਹ ਸੇਵਾ ਨਗਰ ਰਹਿੰਦੇ ਕਿਸੇ ਸੰਬੰਧੀ ਨੂੰ ਮਿਲ ਕੇ ਘਰ ਪਰਤਿਆ ਸੀ ਤੇ ਉਸ ਨੇ ਰਸਤੇ ਵਿਚ ਮੇਰੇ ਵਰਗਾ ਸਰੂਪ ਰਖਣ ਵਾਲਿਆਂ ਨੂੰ ਅੱਗਾਂ ਵਿਚ ਸੜਦੇ ਤੱਕਿਆ ਸੀ।

ਮੈਂ ਸਾਰੇ ਸਿੱਖੀ ਸਰੂਪ ਵਾਲਿਆਂ ਨੂੰ ਆਪਣੇ ਨਾਲੋਂ ਵਖਰਿਆ ਕੇ 'ਆਪਣੇ ਵਰਗੇ' ਕਹਿ ਰਿਹਾ ਹਾਂ। ਉਹ ਸਰਕਾਰੀ ਕਾਲੋਨੀਆਂ ਤੋਂ ਦੂਰ ਦੰਗਾਕਾਰੀਆਂ ਦੀ ਜ਼ਦ ਵਿਚ ਰਹਿੰਦੇ ਸਨ। ਉਹ ਕੇਸਾਧਾਰੀ ਸਨ ਜਿਨ੍ਹਾਂ ਦੇ ਨਾਂਵਾਂ ਨਾਲ ਖਾਲਸਈ ਸਿੰਘ ਲਗਾ ਹੋਇਆ ਸੀ। ਉਹ ਜਿਨ੍ਹਾਂ ਨੂੰ ਸੱਜਣ ਕੁਮਾਰ ਵਾਲੇ ਮੁਕਦਮੇ ਦੇ ਪ੍ਰਮੁੱਖ ਗਵਾਹ ਜਗਸ਼ੇਰ ਸਿੰਘ, ਜਗਦੀਸ਼ ਕੌਰ, ਜੋਗਿੰਦਰ ਸਿੰਘ ਤੇ ਨਿਰਪ੍ਰੀਤ ਕੌਰ ਜਾਣਦੇ ਅਤੇ ਪਹਿਚਾਣਦੇ ਸਨ। ਉਨ੍ਹਾਂ ਨੂੰ ਵੀ ਜਿਹੜੇ ਪਸ਼ੂਆਂ ਵਰਗੀਆਂ ਵਾਰਦਾਤਾਂ ਕਰ ਰਹੇ ਸਨ। ਉਨ੍ਹਾਂ ਨੂੰ ਵੀ ਜਿਹੜੇ ਵਾਰਦਾਤ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਰਹੇ ਸਨ।

ਮੈਨੂੰ ਸੱਜਣ ਕੁਮਾਰ ਵਾਲੇ ਮੁਕਦਮੇ ਨੇ ਉਨ੍ਹਾਂ ਸਮਿਆਂ ਵਿਚੋਂ ਕੱਢ ਕੇ ਮੇਰੇ ਚੰਡੀਗੜ੍ਹ ਦੇ ਅੱਜ ਵਿਚ ਲੈ ਆਂਦਾ ਹੈ। ਚੰਡੀਗੜ੍ਹ ਵਿਚ ਮੇਰੇ ਵਾਲੀ ਗਲੀ ਵਿਚ ਤੇ ਮੇਰੇ ਖੱਬੇ ਸੱਜੇ ਪੰਜ ਵਕੀਲ ਰਹਿੰਦੇ ਹਨ। ਸਰਵ ਸ੍ਰੀ ਟੀ ਐਨ ਗੁਪਤਾ, ਸੰਦੀਪ ਮਹਾਜਨ, ਸੁਮੀਤ ਮਹਾਜਨ, ਕੇ ਐਸ ਗਰੇਵਾਲ ਤੇ ਸੁਖਬੀਰ ਸਿੰਘ ਮੱਤੇਵਾਲ। ਇਨ੍ਹਾਂ ਵਿਚੋਂ ਗੁਪਤਾ ਜੀ ਸੇਵਾ ਮੁਕਤ ਸੈਸ਼ਨ ਜੱਜ ਹਨ। ਇਥੇ ਵੀ ਇਹ ਸਾਰੇ ਮੇਰੇ ਮਿੱਤਰ ਹਨ। ਕਿਸੇ ਵੱਡੇ ਕੇਸ ਦੇ ਨਿਪਟਾਰੇ ਦੀ ਖ਼ਬਰ ਆਉਂਦੀ ਹੈ ਤਾਂ ਮੈਂ ਇਨ੍ਹਾਂ ਸਾਰਿਆਂ ਦਾ ਪ੍ਰਤੀਕਰਮ ਪੁੱਛਦਾ ਰਹਿੰਦਾ ਹਾਂ।

ਸਜਰੇ ਕੇਸ ਵਿਚ ਮਾਣਯੋਗ ਜੱਜ ਦੇ ਫੈਸਲੇ ਬਾਰੇ ਸਾਰਿਆਂ ਦਾ ਪ੍ਰਤੀਕਰਮ ਇੱਕ ਹੀ ਹੈ। ਉਨ੍ਹਾਂ ਦਾ ਮੱਤ ਹੈ ਕਿ ਜਿਨ੍ਹਾਂ ਗਵਾਹੀਆਂ ਦੇ ਆਧਾਰ ਉਤੇ ਦੂਜੇ ਦੋਸ਼ੀਆਂ ਨੂੰ ਸਜ਼ਾ ਹੋਈ ਹੈ ਸੱਜਣ ਕੁਮਾਰ ਉਸ ਤੋਂ ਮੁਕਤ ਨਹੀਂ ਹੋ ਸਕਦਾ। ਉਹ ਸਾਰੇ ਸਰਕਾਰੀ ਵਕੀਲਾਂ ਸਰਵਸ੍ਰੀ ਆਰ ਐਸ ਚੀਮਾ ਤੇ ਡੀ ਪੀ ਸਿੰਘ ਦੇ ਮੀਡੀਆ ਨੂੰ ਦਿੱਤੇ ਏਸ ਬਿਆਨ ਨਾਲ ਵੀ ਸਹਿਮਤ ਹਨ ਕਿ ਦੰਗਾਕਾਰੀਆਂ ਨੂੰ ਭੜਕਾਉਣ ਵਾਲਾ ਸੱਜਣ ਕੁਮਾਰ ਵੀ ਦੂਜੇ ਦੋਸ਼ੀਆਂ ਜਿੰਨੀ ਸਜ਼ਾ ਦਾ ਭਾਗੀ ਹੈ।

ਸ੍ਰੀ ਟੀ ਐਨ ਗੁਪਤਾ ਤਾਂ ਇਹ ਵੀ ਕਹਿੰਦੇ ਹਨ ਕਿ ਜੇ ਫੈਸਲਾ ਉਨ੍ਹਾਂ ਦੇ ਹੱਥ ਹੁੰਦਾ ਤਾਂ ਸੱਜਣ ਕੁਮਾਰ ਨੂੰ ਸ਼ੱਕ ਦੀ ਬਿਨਾ 'ਤੇ ਬਰੀ ਕਰਨ ਦਾ ਸਵਾਲ ਹੀ ਨਹੀਂ ਸੀ। ਉਹ ਮੰਨਦੇ ਹਨ ਕਿ ਜੱਜ ਸਾਹਿਬਾਨ ਇਕ ਚੌਥਾਈ ਕੇਸਾਂ ਵਿਚ ਐਫ ਆਈ ਆਰ ਦੇ ਆਧਾਰ 'ਤੇ ਅਜਿਹਾ ਲਾਭ ਦੇ ਕੇ ਦੋਸ਼ੀਆਂ ਨੂੰ ਬਰੀ ਕਰ ਦਿੰਦੇ ਹਨ ਪਰ ਗੁਪਤਾ ਜੀ ਦੀ ਧਾਰਨਾ ਅਨੁਸਾਰ ਇਸ ਕੇਸ ਵਿਚ ਇਹ ਲਾਭ ਇਸ ਲਈ ਨਹੀਂ ਦਿੱਤਾ ਜਾ ਸਕਦਾ ਕਿ ਫਰਿਆਦੀ ਨੇ ਐਫ ਆਈ ਆਰ ਵਿਚ ਇਹ ਵੀ ਤਾਂ ਨਹੀਂ ਕਿਹਾ ਕਿ ਜਿਸ ਭੀੜ ਨੇ ਦੋਸ਼ੀਆਂ ਨੂੰ ਹੱਲਾਸ਼ੇਰੀ ਦਿੱਤੀ ਸੀ ਉਸ ਵਿਚ ਸੱਜਣ ਕੁਮਾਰ ਉਕਾ ਹੀ ਹਾਜ਼ਰ ਨਹੀਂ ਸੀ। ਅਜਿਹੀ ਐਫ ਆਈ ਆਰ ਨੂੰ ਆਧਾਰ ਬਣਾਉਣਾ ਹੀ ਗਲਤ ਹੈ।

ਸਪਸ਼ਟ ਹੈ ਕਿ ਦੰਗਾਕਾਰੀਆਂ ਦੀ ਲਪੇਟ ਵਿਚ ਆਉਣੋਂ ਮੈਂ, ਮੰਡੇਰ ਤੇ ਖੁਸ਼ਵੰਤ ਸਿੰਘ ਤਾਂ ਬਚ ਰਹੇ ਪਰ ਮੇਰੇ ਵਰਗੇ ਸਰੂਪ ਵਾਲੇ ਹੋਰ ਅਨੇਕਾਂ ਮਾਰੇ ਗਏ। ਜੇ ਸਤਾਈ ਸਾਲ ਕਾਨੂੰਨੀ ਲੜਾਈ ਲੜਿਆਂ ਵੀ ਨਿਆਂ ਨਹੀਂ ਮਿਲਦਾ ਤਾਂ ਉਨ੍ਹਾਂ ਵਰਗਾ ਸਰੂਪ ਰਖਣ ਵਾਲੇ ਸਭ ਕੇਸਾ ਧਾਰੀਆਂ ਦਾ ਗਿਲਾ ਰੋਹ ਤੇ ਨਾਅਰੇਬਾਜ਼ੀ ਜਾਇਜ਼ ਹੈ। ਮੈਂ ਫੇਰ ਵੀ ਚਾਹਾਂਗਾ ਕਿ ਅੱਜ ਦੇ ਮੁਜ਼ਾਹਰਾਕਾਰੀਆਂ ਨੂੰ ਨਾਅਰੇ ਲਾਉਣ ਦੀ ਥਾਂ ਪੀੜਤ ਫਰਿਆਦੀਆਂ ਦੀ ਮਾਇਕ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਕਿ ਉਹ ਸਿਆਣੇ ਤੋਂ ਸਿਆਣਾ ਵਕੀਲ ਕਰਕੇ ਉਚਤਮ ਅਦਾਲਤ ਵਿਚ ਕੇਸ ਲੜ ਸਕਣ। ਕੇਸ ਵਿਚ ਜਾਨ ਹੈ। ਮਰਿਆ ਨਹੀਂ।

**ਅੰਤਿਕਾ:**

(ਅਨੁ ਬਾਲਾ ਦੀ 'ਰੁੱਖ ਰਬਾਬ' ਵਿਚੋਂ)
ਨਾ ਬੱਦਲਾਂ 'ਚ ਮੁਖ ਤੂੰ ਛੁਪਾ ਚੰਨ ਮੇਰੇ
ਕੋਈ ਰਾਤ ਦਾ ਹੁਣ ਸਹਾਰਾ ਨਹੀਂ ਹੈ।
ਮੁਹੱਬਤ ਉਹ ਕੀ, ਜਿਹੜੀ ਬਿਰਹਾ ਨਾ ਬਖ਼ਸ਼ੇ
ਉਹ ਹੰਝੂ ਵੀ ਸੀ ਜਿਹੜਾ ਖਾਰਾ ਨਹੀਂ ਹੈ।
ਸਮੁੰਦਰ 'ਤੇ ਵਰ੍ਹਨਾ ਜੇ ਆਦਤ ਹੈ ਤੇਰੀ
ਮੇਰੀ ਪਿਆਸ ਵੀ ਅਵਾਰਾ ਨਹੀਂ ਹੈ।

## ਫਰਿਜ਼ਨੋ ਸਿੱਖ ਬਜ਼ੁਰਗ 'ਤੇ ਜਾਨਲੇਵਾ ਨਸਲੀ ਹਮਲਾ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਦੇ ਇਕ ਬਜ਼ੁਰਗ ਸਿੱਖ ਉਤੇ ਕੁਝ ਵਿਅਕਤੀਆਂ ਨੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿਤਾ। ਇਹ ਵਾਰਦਾਤ ਉਸ ਸਮੇਂ ਵਾਪਰੀ ਜਦੋਂ ਗੁਰਦੁਆਰਾ ਨਾਨਕਸਰ, ਚੈਰੀ ਰੋਡ ਦਾ ਇਕ ਸੇਵਕ ਭਾਈ ਪਿਆਰਾ ਸਿੰਘ ਸਵੇਰ ਵੇਲੇ ਸੇਵਾ ਕਰਕੇ ਆਪਣੇ ਘਰ ਵਾਪਸ ਜਾ ਰਹੇ ਸਨ। ਉਹ ਹਸਪਤਾਲ ਦਾਖਲ ਹਨ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਹੈ।

ਭਾਈ ਪਿਆਰਾ ਸਿੰਘ ਉਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਦੇ ਸਿਰ 'ਤੇ ਗੰਭੀਰ ਜ਼ਖ਼ਮ ਹੋਏ। ਇਸ ਹਮਲੇ ਵਿਚ ਉਨ੍ਹਾਂ ਦੀਆਂ ਪਸਲੀਆਂ ਵੀ ਟੁਟ ਗਈਆਂ। ਪੁਲਿਸ ਇਸ ਮਾਮਲੇ ਦੀ ਇਕ ਨਸਲੀ ਨਫਰਤ ਦਾ ਹਮਲਾ ਸਮਝ ਕੇ ਪੜਤਾਲ ਕਰ ਰਹੀ ਹੈ। ਪ੍ਰਾਪਤ ਸੂਚਨਾ ਅਨੁਸਾਰ ਇਸ ਮਾਮਲੇ ਸਬੰਧੀ ਮੈਕਸੀਕਨ ਮੂਲ ਦੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਭਾਈ ਪਿਆਰਾ ਸਿੰਘ ਦਾ ਪਿਛਲਾ ਪਿੰਡ ਤਾਹਰਪੁਰ ਜ਼ਿਲ੍ਹਾ ਨਵਾਂ ਸ਼ਹਿਰ ਹੈ। ਫਰਿਜ਼ਨੋ ਇਲਾਕੇ ਵਿਚ ਵਡੀ ਗਿਣਤੀ ਵਿਚ ਸਿੱਖ ਵਸਦੇ ਹਨ।

ਪੰਜਾਬੀ ਭਾਈਚਾਰੇ ਦੇ ਆਗੂਆਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ



*ਭਾਈ ਪਿਆਰਾ ਸਿੰਘ*

ਬਜ਼ੁਰਗਾਂ ਨੂੰ ਨਸਲੀ ਗੁੰਡਿਆਂ ਤੋਂ ਸਾਵਧਾਨ ਰਹਿਣ ਲਈ ਕਿਹਾ ਹੈ। ਇਸੇ ਦੌਰਾਨ ਸਿੱਖ ਭਾਈਚਾਰੇ ਦੇ ਇਕ ਵਫਦ ਨੇ ਫਰਿਜ਼ਨੋ ਪੁਲਿਸ ਮੁੱਖੀ ਨਾਲ ਇਕ ਮੀਟਿੰਗ ਕੀਤੀ ਜਿਸ 'ਚ ਉਨ੍ਹਾਂ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਭਰੋਸਾ ਦਿਤਾ।

## ਸਰਕੋਜ਼ੀ ਜੋੜਾ ਓਬਾਮਾ ਪਰਿਵਾਰ 'ਤੇ ਮਿਹਰਬਾਨ

**ਵਾਸ਼ਿੰਗਟਨ:** ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਤੇ ਉਨ੍ਹਾਂ ਦੀ ਸੁਪਰ ਮਾਡਲ ਪਤਨੀ ਕਾਰਲਾ ਬਰੂਨੀ ਨੇ 2011 ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਸ ਦੇ ਪਰਿਵਾਰ ਨੂੰ ਸਭ ਤੋਂ ਮਹਿੰਗੇ ਤੇ ਵੱਧ ਤੋਹਫ਼ੇ ਦਿੱਤੇ ਸਨ। ਸਰਕੋਜ਼ੀ ਜੋੜੇ ਨੇ ਓਬਾਮਾ ਪਰਿਵਾਰ ਨੂੰ 2011 ਵਿਚ 41 ਹਜ਼ਾਰ ਅਮਰੀਕਨ ਡਾਲਰ ਦੇ ਤੋਹਫੇ ਦਿੱਤੇ ਤੇ ਉਹ ਇਸ ਪਰਿਵਾਰ ਨੂੰ ਸਭ ਤੋਂ ਵੱਧ ਤੋਹਫ਼ੇ ਦੇਣ ਵਾਲੇ ਵਿਦੇਸ਼ੀ ਬਣ ਗਏ।

ਇਹ ਖੁਲਾਸਾ ਲੰਘੇ ਦਿਨੀਂ ਜਾਰੀ ਹੋਏ ਦਸਤਾਵੇਜ਼ ਰਾਹੀਂ ਹੋਇਆ। ਵਿਦੇਸ਼ੀ ਵਿਭਾਗ ਦੇ ਪ੍ਰੋਟੋਕੋਲ ਦਫ਼ਤਰ ਅਨੁਸਾਰ ਇਨ੍ਹਾਂ ਤੋਹਫ਼ਿਆਂ ਵਿਚ ਵੱਖ-ਵੱਖ ਡਿਜ਼ਾਈਨ ਦਾ ਗੋਲਫ ਦਾ ਸਾਮਾਨ, ਯਾਤਰਾ ਬੈਗ ਤੇ ਸਾਬਣਦਾਨੀ ਤੇ ਇਤਰਦਾਨੀਆਂ ਸ਼ਾਮਲ ਹਨ। ਇਹ ਵਿਭਾਗ ਅਮਰੀਕੀ ਅਧਿਕਾਰੀਆਂ ਨੂੰ ਵਿਦੇਸ਼ੀ ਲੀਡਰਾਂ ਤੋਂ ਮਿਲਣ ਵਾਲੇ ਤੋਹਫਿਆਂ ਦੀ ਸੂਚੀ ਤਿਆਰ ਕਰਦਾ ਹੈ ਤੇ ਇਸ ਦਾ ਸਾਲਾਨਾ ਲੇਖਾ-ਜੋਖਾ ਛਾਪਦਾ ਹੈ। ਸਰਕੋਜ਼ੀ ਜੋੜੇ ਵੱਲੋਂ ਓਬਾਮਾ ਪਰਿਵਾਰ ਨੂੰ ਦਿੱਤੇ ਗਏ ਤੋਹਫ਼ਿਆਂ ਵਿਚ 7750 ਅਮਰੀਕਨ ਡਾਲਰ ਬਲੈਕ ਹਰਮਜ਼ ਕੰਪਨੀ ਦਾ ਗੋਲਫ ਦਾ ਸਾਮਾਨ, ਦੋ ਕੱਚ ਦੇ ਟੇਬਲ ਲੈਂਪ, ਲੂਈਸ ਟੁਈਟਨ ਦੇ ਬੈਗ ਤੋਂ ਇਲਾਵਾ ਸਿਕੰਦਰ ਦੇ ਘੋੜੇ ਦਾ ਸ਼ੀਸ਼ੇ ਦਾ ਬੁੱਤ, ਇਕ ਲੈਕੋਸਟੇ ਦੀ ਕਮੀਜ਼, ਇਕ ਫਾਊਂਟੇਨ ਪੈੱਨ ਤੇ ਸਿਗਰਟ ਲਾਈਟਰ ਵੀ ਸ਼ਾਮਲ ਹੈ।

## ਭਾਰਤ ਦੇ ਨਾਮੀ ਬੈਂਕ ਕਾਲੇ ਧਨ ਦੀ ਖੇਡ ਵਿਚ ਸ਼ਾਮਲ

**ਨਵੀਂ ਦਿੱਲੀ:** ਕੋਬਰਾ ਪੋਸਟ ਦੇ ਪ੍ਰਮੁੱਖ ਅਨਿਰੁਧ ਬਹਿਲ ਨੇ ਇਕ ਵਾਰ ਫਿਰ ਕਾਲੇ ਧਨ ਦੇ ਮਾਮਲੇ ਵਿਚ ਵੱਡਾ ਖੁਲਾਸਾ ਕੀਤਾ ਹੈ। ਕੋਬਰਾ ਪੋਸਟ ਨੇ 23 ਬੈਂਕਾਂ ਤੇ ਬੀਮਾ ਕੰਪਨੀਆਂ 'ਤੇ ਕਾਲੇ ਧਨ ਨੂੰ ਸਫੈਦ ਬਣਾਉਣ ਦੇ ਰੈਕੇਟ ਵਿਚ ਸ਼ਾਮਲ ਹੋਣ ਦਾ ਦਾਅਵਾ ਕੀਤਾ ਹੈ। ਕੋਬਰਾ ਪੋਸਟ ਦਾ ਕਹਿਣਾ ਹੈ ਕਿ ਦਿੱਲੀ ਦੇ ਸੰਸਦ ਮਾਰਗ ਦੇ ਬੈਂਕਾਂ ਵਿਚ ਵੀ ਇਹ ਸਭ ਕੁਝ ਹੋ ਰਿਹਾ ਹੈ।

ਕੋਬਰਾ ਪੋਸਟ ਦੇ ਪ੍ਰਮੁੱਖ ਮੁਤਾਬਿਕ ਸਟਿੰਗ ਆਪਰੇਸ਼ਨ ਦੇ ਰਾਹੀਂ ਇਸ ਕਾਲੇ ਖੇਲ ਨੂੰ ਬੇਨਕਾਬ ਕੀਤਾ ਹੈ। ਬਹਿਲ ਦਾ ਦਾਅਵਾ ਹੈ ਕਿ ਬੈਂਕ ਦੇ ਸਹਾਇਕ ਜਨਰਲ ਮੈਨੇਜਰ ਤੋਂ ਲੈ ਕੇ ਮੈਨੇਜਰ ਤੱਕ ਇਸ ਕਾਲੇ ਖੇਲ ਵਿਚ ਸ਼ਾਮਲ ਹਨ। ਕੋਬਰਾ ਪੋਸਟ ਦੇ ਮੁਤਾਬਕ 23 ਬੈਂਕਾਂ ਵਿਚ ਇਲਾਹਾਬਾਦ ਬੈਂਕ, ਕੈਨਰਾ ਬੈਂਕ, ਆਈਸੀਆਈਸੀਆਈ ਬੈਂਕ, ਐਕਸਿਸ ਬੈਂਕ, ਪੀਐਮਐਲਏ ਬੈਂਕ ਤੇ ਹੋਰ ਬੈਂਕਾਂ ਨਿਯਮਾਂ ਦਾ ਪਾਲਣ ਨਹੀਂ ਕਰ ਰਹੀਆਂ ਹਨ। ਹਾਲਾਂਕਿ ਬੈਂਕਾਂ ਨੇ ਇਨ੍ਹਾਂ ਦੋਸ਼ਾਂ ਨੂੰ ਗਲਤ ਕਰਾਰ ਦਿੱਤਾ ਹੈ ਤੇ ਅੰਦਰੂਨੀ ਜਾਂਚ ਦੇ ਆਦੇਸ਼ ਦਿੱਤੇ ਹਨ। ਕੋਬਰਾ ਪੋਸਟ ਦੇ ਪ੍ਰਮੁੱਖ ਅਨਿਰੁਧ ਬਹਿਲ ਮੁਤਾਬਕ ਆਂਧਰਾ ਪ੍ਰਦੇਸ਼ ਦੇ ਸਿੱਖਿਆ ਮੰਤਰੀ 'ਤੇ ਵੀ ਗੰਭੀਰ ਦੋਸ਼ ਹਨ। ਮੰਤਰੀ 'ਤੇ 25 ਕਰੋੜ ਰੁਪਏ ਦੇ ਕਾਲੇ ਧਨ ਦੀ ਸੁਰੱਖਿਆ ਦੇਣ ਦਾ ਦੋਸ਼ ਹੈ ਤੇ ਮੰਤਰੀ 'ਤੇ ਬੈਂਕਾਂ ਤੇ ਹਵਾਲਾ ਆਪਰੇਟਰਾਂ ਦੇ ਆਪਸੀ ਰਿਸ਼ਤੇ ਨੂੰ ਵੀ ਸੁਰੱਖਿਆ ਦੇਣ ਦੇ ਦੋਸ਼ ਲੱਗ ਰਹੇ ਹਨ।

## ਭਾਰਤੀ ਵਿਦਿਆਰਥੀ ਨੇ ਸਿੰਗਾਪੁਰੀਆਂ ਨੂੰ ਖੂਬ ਠੱਗਿਆ

**ਸਿੰਗਾਪੁਰ:** ਇਥੇ ਭਾਰਤੀ ਮੂਲ ਦੇ ਵਿਦਿਆਰਥੀ ਨੂੰ ਠੱਗੀ ਮਾਰਨ ਦੇ ਦੋਸ਼ ਵਿਚ 22 ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਸੂਰਜ ਕੁਮਾਰ ਸਰਬਜੀਤ (22) ਨੇ ਪਿਛਲੇ ਸਾਲ ਜਨਵਰੀ ਵਿਚ ਆਪਣੇ ਆਪ ਨੂੰ ਫੌਜ ਦਾ ਕਪਤਾਨ ਦੱਸ ਕੇ ਸਿੰਗਾਪੁਰ ਫੌਜ ਦੇ ਹੈੱਡਕੁਆਰਟਰ ਦੀ ਤਰਫੋਂ ਸਪਰਾ ਸਿਨੈਰਜੀ ਨੂੰ ਐਪਲ ਦੇ 11 ਲੈਪਟਾਪ ਦਾ ਆਰਡਰ ਦੇ ਦਿੱਤਾ।

ਉਸ ਨੇ ਸਪਰਾ ਨੂੰ ਈਮੇਲ ਦਾ ਗਲਤ ਪਤਾ ਵੀ ਦਿੱਤਾ। ਉਸ ਨੇ ਇਕ ਕੋਰੀਅਰ ਕੰਪਨੀ ਰਾਹੀਂ 28,844 ਸਿੰਗਾਪੁਰ ਡਾਲਰ ਦਾ ਸਾਮਾਨ ਲੈ ਲਿਆ। ਉਸ ਨੇ ਇਸ ਸਾਮਾਨ ਨੂੰ ਅੱਗੋਂ 23,150 ਸਿੰਗਾਪੁਰ ਡਾਲਰ ਵਿਚ ਵੇਚ ਦਿੱਤਾ। ਇਸ ਘਟਨਾ ਤੋਂ ਛੇ ਦਿਨ ਮਗਰੋਂ ਉਸ ਨੇ ਮੁੜ ਪਹਿਲਾਂ ਵਾਲੀ ਠੱਗੀ ਦੀ ਤਰ੍ਹਾਂ ਐਪਲ ਦੇ ਅੱਠ ਹੋਰ ਲੈਪਟਾਪ ਜਿਨ੍ਹਾਂ ਦੀ ਕੀਮਤ 15,230 ਸਿੰਗਾਪੁਰ ਡਾਲਰ ਸੀ, ਕਿਸੇ ਹੋਰ ਡੀਲਰ ਤੋਂ ਮੰਗਵਾ ਲਏ। ਉਸ ਕੋਰੀਅਰ ਕੰਪਨੀ ਰਾਹੀਂ ਇਹ ਸਾਮਾਨ ਲੈ ਗਿਆ ਤੇ ਅੱਗੋਂ ਇਸ ਨੂੰ 10,500 ਨੂੰ ਸਿੰਗਾਪੁਰ ਡਾਲਰ ਵਿਚ ਵੇਚ ਦਿੱਤਾ।

ਮਾਰਚ 2012 ਵਿਚ ਉਸ ਨੇ ਫੈਡਰਲ ਐਕਸਪ੍ਰੈਸ ਦਾ ਅਧਿਕਾਰੀ ਬਣ ਕੇ 41,111 ਸਿੰਗਾਪੁਰ ਡਾਲਰ ਦੀ ਕੀਮਤ ਵਾਲੇ 27 ਆਈਪੈਡ, ਆਈਫੋਨ ਤੇ ਲੈਪਟਾਪ ਦਾ ਆਰਡਰ ਇਕ ਹੋਰ ਡੀਲਰ ਨੂੰ ਦਿੱਤਾ। ਉਸ ਮਗਰੋਂ ਇਹ ਸਾਮਾਨ 32,170 ਸਿੰਗਾਪੁਰ ਡਾਲਰ ਵਿਚ ਅੱਗੋਂ ਵੇਚ ਦਿੱਤਾ। ਇਸ ਨੌਜਵਾਨ ਨੇ ਕੁੱਲ 135,772 ਸਿੰਗਾਪੁਰ ਡਾਲਰਾਂ ਦੀ ਠੱਗੀ ਮਾਰੀ। ਜ਼ਿਲ੍ਹਾ ਅਦਾਲਤ ਦੇ ਸੂਰਜ ਨੂੰ ਧੋਖਾਧੜੀ ਤੇ ਜਾਅਲਸਾਜ਼ੀ ਦੇ 10 ਮਾਮਲਿਆਂ ਵਿਚ ਦੋਸ਼ੀ ਠਹਿਰਾਇਆ।

## ਹੈਮਿੰਗਵੇ ਦੀਆਂ ਵਸਤਾਂ ਜਾਣਗੀਆਂ ਅਮਰੀਕਾ

**ਵਾਸ਼ਿੰਗਟਨ:** ਕਿਊਬਾ ਤੇ ਅਮਰੀਕਾ ਦੀ ਪ੍ਰਾਈਵੇਟ ਫਾਊਂਡੇਸ਼ਨ ਵਿਚਾਲੇ ਭਾਈਵਾਲੀ ਤਹਿਤ ਲੇਖਕ ਅਰਨੈਸਟ ਹੈਮਿੰਗਵੇ ਦੇ ਕਾਗਜ਼ ਤੇ ਹੋਰ ਸਾਮਾਨ ਦਾ ਸਾਂਭ-ਸੰਭਾਲ ਲਈ ਕੰਮ ਕੀਤਾ ਜਾ ਰਿਹਾ ਹੈ। ਹੈਮਿੰਗਵੇ ਦੀ ਮੌਤ ਤੋਂ ਮਗਰੋਂ ਹਵਾਨਾ ਨੇੜਲੇ ਉਸ ਦੇ ਘਰ ਵਿਚ ਉਸ ਦਾ ਕਾਫੀ ਸਾਮਾਨ ਪਿਆ ਸੀ।

ਮੈਸੇਚਿਊਸੈਟਸ ਦੇ ਪ੍ਰਤੀਨਿਧ ਜੇਮਜ਼ ਮੈਕਗਵਰਨ ਤੇ ਫਿਨਕਾ ਵਿਜੀਆ ਫਾਊਂਡੇਸ਼ਨ ਵੱਲੋਂ ਹੈਮਿੰਗਵੇ ਦੇ ਕੋਈ 2000 ਕਾਗ਼ਜ਼ਾਂ ਤੇ ਹੋਰ ਸਮੱਗਰੀ ਨੂੰ ਡਿਜੀਟਲੀ ਸਾਂਭਣ ਦਾ ਐਲਾਨ ਕੀਤਾ ਜਾਵੇਗਾ। ਇਹ ਡਿਜੀਟਲ ਕਾਪੀਆਂ ਬੋਸਟਨ ਦੀ ਜੌਹਨ ਐਫ ਕੈਨੇਡੀ ਲਾਇਬਰੇਰੀ ਵਿਚ ਲਿਜਾਈਆਂ ਜਾਣਗੀਆਂ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਅਮਰੀਕਾ ਤੋਂ ਕੋਈ ਇਸ ਪ੍ਰਸਿੱਧ ਲੇਖਕ ਦੀ ਕਿਊਬਾ ਵਿਚਲੀ ਸੰਪਤੀ ਫਿਨਕਾ ਵਿਜੀਆ ਵਿਚ ਪਈਆਂ ਉਸ ਦੀਆਂ ਚੀਜ਼ਾਂ ਦੇਖਣ ਤੇ ਸਾਂਭਣ ਦੇ ਕਾਰਜ ਵਿਚ ਲੱਗਿਆ ਹੋਵੇ।

ਇਨ੍ਹਾਂ ਵਿਚ ਹੈਮਿੰਗਵੇ ਦਾ ਪਾਸਪੋਰਟ ਜਿਸ ਤੋਂ ਉਸ ਦੀਆਂ ਯਾਤਰਾਵਾਂ ਦਾ ਪਤਾ ਲੱਗਦਾ ਹੈ ਤੇ ਉਸ ਦੇ ਟਿੱਪਣੀਆਂ ਕਰਦੇ ਪੱਤਰ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਟਿੱਪਣੀਆਂ ਉਸ ਦੇ ਸ਼ਾਹਕਾਰ ਨਾਵਲ 'ਓਲਡ ਮੈਨ ਐਂਡ ਦਿ ਸੀ' ਬਾਰੇ ਵੀ ਹਨ। ਕੈਨੇਡੀ ਲਾਇਬਰੇਰੀ ਵਿਚ ਹੈਮਿੰਗਵੇ ਦੀਆਂ ਕਾਫੀ ਵਸਤਾਂ ਦਾ ਸੰਗ੍ਰਹਿ ਹੈ ਕਿਉਂਕਿ ਜੈਕੂਲਿਨ ਕੈਨੇਡੀ ਨੇ ਇਹ ਵਸਤਾਂ ਇੱਥੇ ਸਾਂਭਣ ਵਿਚ ਮਦਦ ਕੀਤੀ ਸੀ।

## ਹਰ ਤੀਜਾ ਚੀਨੀ ਹਾਈ ਬਲੱਡ ਪ੍ਰੈਸ਼ਰ ਦਾ ਮਰੀਜ਼

**ਪੇਇਚਿੰਗ:** ਚੀਨ ਦੇ 33 ਕਰੋੜ ਤੋਂ ਵੱਧ ਲੋਕ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਹਨ ਯਾਨਿ ਦੇਸ਼ ਦਾ ਹਰ ਤੀਜਾ ਬਾਲਗ ਇਸ ਦੇ ਘੇਰੇ ਵਿਚ ਹੈ। ਵਿਸ਼ਵ ਹਾਈਪਰਟੈਂਸ਼ਨ ਲੀਗ ਪ੍ਰਧਾਨ ਲਿਊ ਲਿਸ਼ੰਗ ਨੇ ਦੱਸਿਆ ਕਿ ਦੇਸ਼ ਦੇ 25 ਤੋਂ 34 ਸਾਲਾਂ ਦੇ ਵਿਅਕਤੀਆਂ ਵਿਚ ਹਾਈ ਬਲੱਡ ਪ੍ਰੈਸ਼ਰ ਦੇ ਮਾਮਲੇ ਬੜੀ ਤੇਜ਼ੀ ਨਾਲ ਵਧ ਰਹੇ ਹਨ।


**Punjab Times**
*Ph: 847-359-0746*
*Visit us on the web:*
***punjabtimesusa.com***

# ਹਿਰਾਸਤੀ ਮੌਤ ਬਾਰੇ ਪੰਜਾਬ ਸਰਕਾਰ ਨੂੰ ਝਾੜਾਂ

## ਭਗੌੜੇ ਡੀ.ਐਸ.ਪੀ. ਦੀ ਗ੍ਰਿਫਤਾਰੀ ਦੇ ਹੁਕਮ



**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਝਾੜ-ਝੰਬ ਕਰਦਿਆਂ ਹਾਈ ਕੋਰਟ ਨੇ ਆਖਿਆ ਕਿ ਸੰਗਰੂਰ ਦੇ ਇਕ ਨੌਜਵਾਨ ਦੀ ਹਿਰਾਸਤੀ ਮੌਤ ਲਈ ਕਸੂਰਵਾਰ ਭਗੌੜੇ ਡੀਐਸਪੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਜਸਟਿਸ ਮੁਤਾਸ਼ੀ ਜਯਾਪਾਲ ਤੇ ਜਸਟਿਸ ਇੰਦਰਜੀਤ ਸਿੰਘ ਦੇ ਬੈਂਚ ਨੇ ਪੀੜਤ ਰਵਿੰਦਰ ਸਿੰਘ ਦੇ ਪਰਿਵਾਰ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਅਦਾ ਕਰਨ ਦਾ ਹੁਕਮ ਦਿੰਦਿਆਂ ਡੀਜੀਪੀ ਨੂੰ ਕਿਹਾ ਕਿ ਇਸ ਕੇਸ ਵਿਚ ਭਗੌੜੇ ਡੀਐਸਪੀ ਗੁਰਜੀਤ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਇਕ ਵਿਸ਼ੇਸ਼ ਟੀਮ ਬਣਾਈ ਜਾਵੇ।

ਬੈਂਚ ਨੇ ਹਿਰਾਸਤੀ ਮੌਤ ਦੇ ਇਸ ਕੇਸ ਵਿਚ ਮੁਲਜ਼ਮ ਪੁਲਿਸ ਕਰਮੀਆਂ ਨੂੰ ਉਮਰ ਕੈਦ ਦੀ ਸਜ਼ਾ ਬਾਰੇ ਟਰਾਇਲ ਕੋਰਟ ਦੇ ਫੈਸਲੇ 'ਤੇ ਵੀ ਮੋਹਰ ਲਾਈ। ਡੀਐਸਪੀ ਗੁਰਜੀਤ ਸਿੰਘ ਤੇ ਕੁਝ ਹੋਰ ਪੁਲਿਸ ਕਰਮੀਆਂ ਨੂੰ ਰਵਿੰਦਰ ਸਿੰਘ ਦੀ ਹੱਤਿਆ ਤੇ ਹੋਰਾਂ ਧਾਰਾਵਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਰਵਿੰਦਰ ਦੇ ਪਿਤਾ ਪਾਲ ਸਿੰਘ ਨੇ ਦੋਸ਼ ਲਾਇਆ ਸੀ ਕਿ ਉਸ ਦੇ ਪੁੱਤਰ ਨੂੰ ਫੜਨ ਲਈ ਪੁਲਿਸ ਕਰਮੀ ਉਸ (ਪਾਲ ਸਿੰਘ) ਨੂੰ ਵੀ ਕੁੱਟ ਮਾਰ ਕੇ ਪੁਲੀਸ ਸਟੇਸ਼ਨ ਲੈ ਗਏ ਸਨ। ਬਾਅਦ ਵਿਚ ਰਵਿੰਦਰ ਸਿੰਘ ਨੇ ਪੇਸ਼ਗੀ ਜ਼ਮਾਨਤ ਲੈ ਲਈ ਤੇ ਪੁਲਿਸ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਦੇ ਖਿਲਾਫ ਕੋਈ ਕੇਸ ਨਹੀਂ ਹੈ ਪਰ ਫੇਰ 18 ਜਨਵਰੀ, 2004 ਨੂੰ ਐਸਐਚਓ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਆਈ ਪੁਲਿਸ ਪਾਰਟੀ ਰਵਿੰਦਰ ਸਿੰਘ ਨੂੰ ਚੁੱਕ ਕੇ ਲੈ ਗਈ। ਮੁਕੱਦਮੇ ਦੌਰਾਨ ਮੁਲਜ਼ਮਾਂ ਕੁਲਵਿੰਦਰ ਸਿੰਘ, ਯੁਧਿਸ਼ਟਰ ਸਿੰਘ, ਚਮਕੌਰ ਸਿੰਘ, ਸੋਹਣ ਸਿੰਘ, ਮੁਖਤਿਆਰ ਸਿੰਘ ਤੇ ਡੀਐਸਪੀ ਗੁਰਜੀਤ ਸਿੰਘ ਖਿਲਾਫ ਦੋਸ਼ ਆਇਦ ਕੀਤੇ ਗਏ ਸਨ। ਬੈਂਚ ਨੇ ਕਿਹਾ ਕਿ ਇਹ ਹਿਰਾਸਤੀ ਮੌਤ ਦਾ ਮਾਮਲਾ ਹੈ। ਰਵਿੰਦਰ ਸਿੰਘ ਦੀ ਹਿਰਾਸਤੀ ਮੌਤ ਲਈ ਪੁਲਿਸ ਕਸੂਰਵਾਰ ਸੀ। ੜਬਿਜਲੀ ਦੇ ਝਟਕਿਆਂ ਤੇ ਹੋਰ ਤਸ਼ੱਦਦ ਕਾਰਨ ਉਸ ਦੀ ਮੌਤ ਹੋ ਗਈ।

# ਭਾਰਤੀ ਨਿਆਂ ਪ੍ਰਣਾਲੀ ਦਾ ਦੋਹਰਾ ਕਿਰਦਾਰ ਹੋਇਆ ਬੇਨਕਾਬ

**ਚੰਡੀਗੜ੍ਹ:** ਰਾਸ਼ਟਰਪਤੀ ਵੱਲੋਂ ਰਹਿਮ ਦੀ ਅਪੀਲ 'ਤੇ ਫੈਸਲਾ ਕਰਨ ਵਿਚ ਕਈ ਸਾਲ ਲਾਉਣ ਕਾਰਨ ਸੁਪਰੀਮ ਕੋਰਟ ਨੇ ਇਕ ਕਤਲ ਦੇ ਦੋਸ਼ੀ ਦੀ ਸਜ਼ਾਏ-ਮੌਤ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਜਦੋਂਕਿ ਦਵਿੰਦਰ ਸਿੰਘ ਭੁੱਲਰ ਵੱਲੋਂ ਅਜਿਹਾ ਹੀ ਤਰਕ ਦੇ ਕੇ ਕੀਤੀ ਗਈ ਅਪੀਲ ਨੂੰ ਹਾਲੇ ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਹੀ ਰੱਦ ਕਰ ਚੁੱਕੀ ਹੈ। ਜਸਟਿਸ ਜੀ.ਐਸ. ਸਿੰਘਵੀ ਦੀ ਅਗਵਾਈ ਹੇਠਲੇ ਬੈਂਚ ਕੋਲ ਅਪੀਲ ਪਾ ਕੇ ਐਮਐਨ ਦਾਸ ਨੇ ਕਿਹਾ ਕਿ ਰਾਸ਼ਟਰਪਤੀ ਨੇ ਉਸ ਦੀ ਰਹਿਮ ਦੀ ਅਪੀਲ 'ਤੇ ਕਾਰਵਾਈ ਕਰਨ ਵਿਚ 11 ਸਾਲ ਲਾ ਦਿੱਤੇ। ਇਸ ਆਧਾਰ 'ਤੇ ਬੈਂਚ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਖਾਲਿਸਤਾਨੀ ਪੱਖੀ ਖਾੜਕੂ ਦਵਿੰਦਰਪਾਲ ਸਿੰਘ ਦਾ ਅਜਿਹਾ ਹੀ ਮਾਮਲਾ ਹੈ ਪਰ ਉਸ ਦੀ ਸਜ਼ਾਏ-ਮੌਤ ਨੂੰ ਸੁਪਰੀਮ ਕੋਰਟ ਨੇ ਬਰਕਰਾਰ ਰੱਖਿਆ। ਦਾਸ ਨੇ 24 ਅਪਰੈਲ, 1996 ਵਿਚ ਅਸਾਮ ਦੇ ਫੈਂਸੀ ਬਾਜ਼ਾਰ ਵਿਚ ਐਚ ਦਾਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਸੀ ਤੇ ਉਸ ਦੇ ਸਿਰ ਸਣੇ ਆਤਮ ਸਮਰਪਣ ਕਰ ਦਿੱਤਾ ਸੀ। 1997 ਵਿਚ ਉਸ ਨੂੰ ਸੈਸ਼ਨ ਅਦਾਲਤ ਨੇ ਸਜ਼ਾਏ-ਮੌਤ ਸੁਣਾਈ ਸੀ। ਉਸ ਦੀ ਸਜ਼ਾ ਨੂੰ 1998 ਵਿਚ ਗੁਹਾਟੀ ਹਾਈ ਕੋਰਟ ਨੇ ਬਰਕਰਾਰ ਰੱਖਿਆ ਤੇ ਇਹੀ ਹੁਕਮ 1999 ਵਿਚ ਸੁਪਰੀਮ ਕੋਰਟ ਨੇ ਸੁਣਾਇਆ। 1999 ਵਿਚ ਦਾਸ ਨੇ ਰਹਿਮ ਦੀ ਅਪੀਲ ਪਾਈ ਤੇ ਉਹ 11 ਸਾਲ ਰਾਸ਼ਟਰਪਤੀ ਦੀ ਮੇਜ਼ 'ਤੇ ਪਈ ਰਹੀ। 2011 ਵਿਚ ਉਸ ਨੂੰ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਰੱਦ ਕਰ ਦਿੱਤਾ। ਅੱਠ ਸਾਲਾਂ ਤਕ ਪਟੀਸ਼ਨ 'ਤੇ ਫੈਸਲਾ ਨਾ ਕਰਨ ਦਾ ਆਧਾਰ ਬਣਾ ਕੇ ਦਾਸ ਸੁਪਰੀਮ ਕੋਰਟ ਪੁੱਜ ਗਿਆ। ਬੈਂਚ ਨੇ ਉਸ ਸੀ ਸਜ਼ਾਏ ਮੌਤ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਉਹ ਉਮਰ ਕੈਦ ਦੇ 14 ਸਾਲ ਜੇਲ੍ਹ ਵਿਚ ਗੁਜ਼ਾਰ ਚੁੱਕਾ ਹੈ ਤੇ ਇਸ ਵੇਲੇ ਆਸਾਮ ਦੀ ਜੋੜਹੱਟ ਕੇਂਦਰੀ ਜੇਲ੍ਹ ਵਿਚ ਹੈ।

### ਭੁੱਲਰ ਨਾਲ ਮਿਲਦੇ-ਜੁਲਦੇ ਕੇਸ ਵਿਚ ਸਜ਼ਾ ਘਟਾਈ



# ਸਰਕਾਰਾਂ ਨੇ ਜਸੂਸਾਂ ਦੀ ਘਾਲਣਾ ਦਾ ਕੌਡੀ ਮੁੱਲ ਨਾ ਪਾਇਆ

**ਚੰਡੀਗੜ੍ਹ:** ਭਾਰਤ ਦੀਆਂ ਖ਼ੁਫੀਆ ਏਜੰਸੀਆਂ ਲਈ ਗੁਆਂਢੀ ਮੁਲਕ ਪਾਕਿਸਤਾਨ ਵਿਚ ਜਸੂਸੀ ਕਰਨ ਵਾਲੇ ਪੰਜਾਬੀਆਂ ਨੇ ਕੇਂਦਰ ਤੇ ਪੰਜਾਬ ਸਰਕਾਰ 'ਤੇ ਵਿਤਕਰੇ ਦਾ ਦੋਸ਼ ਲਾਇਆ ਹੈ। ਸਾਬਕਾ ਜਾਸੂਸ ਮੋਹਨ ਲਾਲ ਦੇ ਪੁੱਤਰ ਗੌਰ ਸਾਗਰ ਭਾਸਕਰ, ਜਾਸੂਸ ਪਰਮਜੀਤ ਸਿੰਘ, ਗੁਰਬਚਨ ਲਾਲ ਤੇ ਕਰਾਮਤ ਰਾਹੀ ਨੇ ਦੋਸ਼ ਲਾਇਆ ਕਿ ਕੇਂਦਰ ਤੇ ਰਾਜ ਸਰਕਾਰ ਨੇ ਉਨ੍ਹਾਂ ਦੀ ਦੇਸ਼ ਭਗਤੀ ਦਾ ਮੁੱਲ ਨਹੀਂ ਪਾਇਆ।

ਇਨ੍ਹਾਂ ਸਾਬਕਾ ਜਾਸੂਸਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਭਾਰਤ ਦੀ ਖ਼ੁਫੀਆ ਏਜੰਸੀ ਰਾਅ ਵੱਲੋਂ ਭਰਤੀ ਕੀਤਾ ਗਿਆ ਸੀ, ਬਾਕਾਇਦਾ ਸਿਖਲਾਈ ਦਿੱਤੀ ਤੇ ਫੇਰ ਪਾਕਿਸਤਾਨ ਵਿੱਚ ਜਾਸੂਸੀ ਲਈ ਭੇਜਿਆ। ਮੋਹਨ ਲਾਲ ਦੇ ਪੱਤਰ ਗੌਰਵ ਨੇ ਦੱਸਿਆ ਕਿ ਉਸ ਦੇ ਪਿਤਾ 17 ਵਾਰੀ ਪਾਕਿਸਤਾਨ ਗਏ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਲਈ ਖ਼ੁਫੀਆ ਏਜੰਸੀਆਂ ਖਾਤਰ ਜ਼ਿੰਦਗੀ ਲੇਖੇ ਲਾਈ ਤੇ ਬੇਗਾਨੇ ਮੁਲਕ ਵਿਚ ਉਮਰ ਕੈਦ ਕੱਟੀ ਪਰ ਹਾਕਮਾਂ ਨੇ ਮੁੱਲ ਨਹੀਂ ਪਾਇਆ।

ਉਨ੍ਹਾਂ ਕਿਹਾ ਕਿ ਸਰਬਜੀਤ ਦੇ ਮਾਮਲੇ 'ਤੇ ਸਰਕਾਰ ਵੱਲੋਂ ਕੀਤੀ ਜਾ ਰਹੀ ਵਿੱਤੀ ਤੇ ਹੋਰ ਮਦਦ ਨੇ ਉਨ੍ਹਾਂ ਦੇ ਪਰਿਵਾਰਾਂ ਦੇ ਜ਼ਖ਼ਮ ਹਰੇ ਕਰ ਦਿੱਤੇ ਕਿਉਂਕਿ ਦੇਸ਼ ਲਈ ਕੰਮ ਕਰਨ ਤੋਂ ਬਾਅਦ ਉਨ੍ਹਾਂ ਦੇ ਸਾਡੇ ਪੱਲੇ ਠੋਕਰਾਂ ਹੀ ਪਈਆਂ ਹਨ।

ਕਰਾਮਤ ਰਾਹੀ ਨੇ ਦੱਸਿਆ ਕਿ ਉਸ ਨੂੰ ਪਾਕਿਸਤਾਨ ਫੌਜ ਦੇ ਖ਼ੁਫੀਆ ਵਿੰਗ ਨੇ ਜਾਸੂਸੀ ਕਰਦਿਆਂ ਫੜ ਲਿਆ। ਗੁਰਦਾਸਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਰਾਹੀ ਨੇ ਦੱਸਿਆ ਕਿ ਖ਼ੁਫੀਆ ਏਜੰਸੀ ਨੇ 1983 ਵਿਚ ਭਰਤੀ ਕੀਤਾ, 1986 ਵਿਚ ਪਾਕਿਸਤਾਨ ਭੇਜਿਆ। ਦੋ ਸਾਲਾਂ ਬਾਅਦ 1988 ਵਿਚ ਫੜਿਆ ਗਿਆ।

ਉਸ ਨੇ ਦੱਸਿਆ ਕਿ ਫੌਜ ਨੇ ਤੀਜੇ ਦਰਜੇ ਦਾ ਤਸ਼ੱਦਦ ਕੀਤਾ ਤੇ ਫੇਰ 14 ਸਾਲ ਦੀ ਕੈਦ ਹੋ ਗਈ। ਇਹ ਵਿਅਕਤੀ ਲਾਹੌਰ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਬੰਦ ਰਿਹਾ। ਉਸ ਨੇ ਕਿਹਾ ਕਿ ਸਾਲ 1995 ਵਿਚ ਜਦੋਂ ਉਹ ਵਤਨ ਪਰਤਿਆ ਤਾਂ ਪੱਲੇ ਕੱਖ ਵੀ ਨਹੀਂ ਸੀ। ਰੋਜ਼ੀ ਰੋਟੀ ਲਈ ਕੰਮ ਕਾਰ ਸ਼ੁਰੂ ਕੀਤਾ ਪਰ ਕਰਜ਼ਾਈ ਹੋ ਗਿਆ।

ਪਰਮਜੀਤ ਸਿੰਘ ਨੇ ਦੱਸਿਆ ਕਿ ਉਸ ਨੂੰ ਆਈਬੀ ਨੇ 1970 ਵਿਚ ਭਰਤੀ ਕੀਤਾ ਤੇ 260 ਰੁਪਏ ਮਾਸਕ ਤਨਖਾਹ ਦਿੰਦੇ ਰਹੇ। ਗੁਰਬਖ਼ਸ ਲਾਲ ਨੇ ਦੱਸਿਆ ਕਿ ਉਸ ਨੂੰ ਵੀ ਰਾਅ ਵੱਲੋਂ ਭਰਤੀ ਕੀਤਾ ਗਿਆ ਸੀ ਤੇ 17 ਸਾਲ ਕੈਦ ਕੱਟੀ। ਇਨ੍ਹਾਂ ਸਾਬਕਾ ਜਸੂਸਾਂ ਨੇ ਕਿਹਾ ਕਿ ਪਾਕਿਸਤਾਨ ਜਾਣ ਪਿੱਛੋਂ ਕੁਝ ਸਾਲ ਤੱਕ ਤਾਂ ਖ਼ੁਫੀਆ ਏਜੰਸੀਆਂ ਉਨ੍ਹਾਂ ਦੇ ਘਰ ਮਨੀ ਆਰਡਰ ਰਾਹੀਂ ਪੈਸੇ ਭੇਜਦੀਆਂ ਰਹੀਆਂ ਪਰ ਫਿਰ ਪੈਸੇ ਭੇਜਣੇ ਬੰਦ ਕਰ ਦਿੰਦੀਆਂ ਸਨ।

# ਥਾਈਲੈਂਡ ਦੀਆਂ ਜੇਲ੍ਹਾਂ 'ਚ 50 ਤੋਂ ਵੱਧ ਪੰਜਾਬੀ ਨਜ਼ਰਬੰਦ



**ਚੰਡੀਗੜ੍ਹ:** ਥਾਈਲੈਂਡ ਦੀਆਂ ਜੇਲ੍ਹਾਂ ਵਿਚ 50 ਦੇ ਕਰੀਬ ਪੰਜਾਬੀ ਕੈਦੀ ਬੁਰੇ ਹਾਲਾਤ ਵਿਚ ਦਿਨ ਕਟ ਰਹੇ ਹਨ ਜਿਨ੍ਹਾਂ ਵਿਚੋਂ ਕਈ 25-25 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ ਤੇ ਉਨ੍ਹਾਂ ਦੀ ਸਜ਼ਾ ਵੀ ਪੂਰੀ ਹੋ ਚੁੱਕੀ ਹੈ ਪਰ ਨਾ ਤਾਂ ਥਾਈਲੈਂਡ ਸਥਿਤ ਭਾਰਤੀ ਦੂਤਘਰ ਉਨ੍ਹਾਂ ਦੀ ਰਿਹਾਈ ਲਈ ਮਨਜ਼ੂਰੀ ਪੱਤਰ ਦਿੰਦੀ ਹੈ ਤੇ ਨਾ ਹੀ ਭਾਰਤ ਦਾ ਵਿਦੇਸ਼ ਮੰਤਰਾਲਾ ਉਨ੍ਹਾਂ ਕੈਦੀਆਂ ਦੇ ਵਾਰਸਾਂ ਦੀ ਕੋਈ ਗੱਲ ਸੁਣਦਾ ਹੈ।

ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਰਾਸ਼ਟਰੀ ਪ੍ਰਧਾਨ ਜਸਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਅਜਿਹੇ ਤਿੰਨ ਕੈਦੀਆਂ ਦਲਜੀਤ ਸਿੰਘ (32), ਹਰਦਿਆਲ ਸਿੰਘ (49) ਤੇ ਜਸਵੀਰ ਸਿੰਘ (50) ਦੇ ਮਾਮਲਿਆਂ ਨੂੰ ਉਨ੍ਹਾਂ ਆਪਣੇ ਹੱਥ ਵਿਚ ਲਿਆ ਹੈ। ਕੈਦੀ ਦਲਜੀਤ ਸਿੰਘ ਧਾਲੀਵਾਲ ਦੀ ਭੈਣ ਰਾਜਵੰਤ ਕੌਰ ਨੇ ਦੱਸਿਆ ਕਿ ਦਲਜੀਤ ਜੂਨ 2006 ਵਿਚ ਤਿੰਨ ਦਿਨਾਂ ਦੇ ਵੀਜ਼ੇ 'ਤੇ ਥਾਈਲੈਂਡ ਗਿਆ ਸੀ ਪਰ ਤੀਜੇ ਦਿਨ ਵਾਪਸ ਪਰਤਣ ਸਮੇਂ ਉਸ ਨੂੰ ਥਾਈਲੈਂਡ ਦੀ ਪੁਲਿਸ ਨੇ ਹਵਾਈ ਅੱਡੇ 'ਤੇ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਜਿਸ ਉਪਰੰਤ ਅਦਾਲਤ ਨੇ ਵਾਰ-ਵਾਰ ਕਿਹਾ ਕਿ ਉਹ ਆਪਣੇ ਦੂਤਘਰ ਰਾਹੀਂ ਕਿਸੇ ਦੋਭਾਸ਼ੀਏ ਤੇ ਵਕੀਲ ਦਾ ਪ੍ਰਬੰਧ ਕਰੇ ਪਰ ਭਾਰਤੀ ਦੂਤਘਰ ਨੇ ਗੱਲ ਹੀ ਨਹੀਂ ਸੁਣੀ ਜਿਸ 'ਤੇ ਅਦਾਲਤ ਨੇ ਇਕ ਤਰਫਾ ਫ਼ੈਸਲਾ ਸੁਣਾਉਂਦਿਆਂ ਦਲਜੀਤ ਨੂੰ 25 ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ। ਇਸ ਫ਼ੈਸਲੇ ਵਿਰੁੱਧ ਅਪੀਲ ਲਈ ਉਸ ਨੇ ਜ਼ਰੂਰੀ ਮਨਜ਼ੂਰੀ ਪੱਤਰ ਮੰਗਿਆ ਤਾਂ ਅੰਬੈਸੀ ਨੇ ਉਹ ਵੀ ਨਾ ਦਿੱਤਾ। ਅਜਿਹਾ ਹੀ ਮਾਮਲਾ ਜ਼ਿਲ੍ਹਾ ਜਲੰਧਰ ਦੇ ਬਿਆਸ ਪਿੰਡ ਨਿਵਾਸੀ ਹਰਦਿਆਲ ਸਿੰਘ ਦਾ ਹੈ ਜੋ ਪਿਛਲੇ 22 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ ਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਹੈ, ਉਸ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਭਾਰਤੀ ਦੂਤਘਰ ਉਸ ਨੂੰ ਦਵਾਈਆਂ ਤੱਕ ਮੁਹੱਈਆ ਨਹੀਂ ਕਰਵਾ ਰਹੀ। ਇਸੇ ਤਰ੍ਹਾਂ ਜਸਵੀਰ ਸਿੰਘ 19 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ ਜਿਸ ਦੀ ਸਜ਼ਾ 2007 ਵਿਚ ਪੂਰੀ ਹੋ ਚੁੱਕੀ ਹੈ ਪਰ ਦੂਤਘਰ ਵੱਲੋਂ ਜ਼ਰੂਰੀ ਕਾਗ਼ਜ਼ਾਤ ਜਾਰੀ ਨਾ ਕਰਨ ਕਾਰਨ ਉਹ ਜੇਲ੍ਹ ਵਿਚ ਹੀ ਰੁਲ ਰਿਹਾ ਹੈ। ਇਨ੍ਹਾਂ ਕੈਦੀਆਂ ਦੀ ਪੈਰਵਾਈ ਕਰ ਰਹੇ ਜਸਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਵਿਦੇਸ਼ਾਂ ਦੀਆਂ ਜੇਲ੍ਹਾਂ ਵਿਚ ਸਿਰਫ਼ ਭਾਰਤੀਆਂ ਦੀ ਹਾਲਤ ਹੀ ਤਰਸਯੋਗ ਹੈ ਜਦਕਿ ਬਾਕੀ ਦੇਸ਼ਾਂ ਦੀਆਂ ਅੰਬੈਸੀਆਂ ਆਪਣੇ ਕੈਦੀਆਂ ਨੂੰ ਕਾਨੂੰਨੀ ਚਾਰਾਜੋਈ ਕਰਕੇ ਛੁਡਾ ਕੇ ਆਪਣੇ ਦੇਸ਼ ਲੈ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਦੀਆਂ ਨੂੰ ਭਾਰਤੀ ਦੂਤਘਰ ਜਾਂ ਭਾਰਤ ਸਰਕਾਰ ਉਨ੍ਹਾਂ ਨੂੰ ਸਜ਼ਾ ਵਿਰੁੱਧ ਅਪੀਲ ਪਾਉਣ ਲਈ ਲੋੜੀਂਦਾ ਪੱਤਰ ਤਾਂ ਮੁਹੱਈਆ ਕਰਵਾਵੇ। ਕੈਦੀਆਂ ਦੀ ਹਾਲਤ ਜਾਨਣ ਲਈ ਨੌਂ ਮਈ ਨੂੰ ਆਈਐਚਆਰਓ ਦਾ ਦੋ ਮੈਂਬਰੀ ਵਫ਼ਦ ਥਾਈਲੈਂਡ ਗਿਆ ਹੈ।

# ਸੱਜਣ ਕੁਮਾਰ ਖ਼ਿਲਾਫ਼ ਅਪੀਲ ਬਾਰੇ ਹਾਲੇ ਕੋਈ ਫੈਸਲਾ ਨਹੀਂ



**ਨਵੀਂ ਦਿੱਲੀ:** ਸੀਬੀਆਈ ਨੇ ਕਿਹਾ ਹੈ ਕਿ ਉਸ ਨੇ 1984 ਦੇ ਸਿੱਖ ਕਤਲ-ਏ-ਆਮ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਅੱਗੇ ਅਪੀਲ ਪਾਉਣ ਬਾਰੇ ਫਿਲਹਾਲ ਕੋਈ ਫੈਸਲਾ ਨਹੀਂ ਕੀਤਾ ਤੇ ਉਹ ਇਸ ਬਾਰੇ ਫੈਸਲਾ ਬਾਕੀ ਦੋਸ਼ੀਆਂ ਨੂੰ ਸਜ਼ਾ ਦਾ ਐਲਾਨ ਹੋਣ ਮਗਰੋਂ ਕਰੇਗੀ। ਉਧਰ, ਸਰਕਾਰੀ ਵਕੀਲ ਨੇ ਦਾਅਵਾ ਕੀਤਾ ਹੈ ਕਿ ਮਾਮਲੇ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦੇਣ ਦਾ ਫੈਸਲਾ ਕੀਤਾ ਜਾ ਚੁੱਕਾ ਹੈ। ਸੀਬੀਆਈ ਦੇ ਸੂਤਰਾਂ ਅਨੁਸਾਰ ਸਰਕਾਰੀ ਵਕੀਲ ਆਪਣੀ ਰਾਇ ਦੇਣ ਲਈ ਸੁਤੰਤਰ ਹਨ ਪਰ ਹੇਠਲੀ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਬਾਰੇ ਕੋਈ ਫੈਸਲਾ ਏਜੰਸੀ ਦੇ ਡਾਇਰੈਕਟਰ ਨਾਲ ਸਲਾਹ ਕਰਨ ਮਗਰੋਂ ਹੀ ਕੀਤਾ ਜਾਵੇਗਾ।

# ਮਨਮੋਹਨ ਸਰਕਾਰ ਦਾ ਖਹਿੜਾ ਨਹੀਂ ਛੱਡ ਰਿਹਾ ਕੋਲਾ ਘੁਟਾਲਾ

## ਸੀ.ਬੀ.ਆਈ. ਹਲਫ਼ਨਾਮੇ ਨੇ ਵਖ਼ਤ ਪਾਇਆ



**ਨਵੀਂ ਦਿੱਲੀ:** ਸੀਬੀਆਈ ਨੇ ਸੁਪਰੀਮ ਕੋਰਟ ਵਿਚ ਇਕਬਾਲ ਕੀਤਾ ਹੈ ਕਿ ਕੋਲਾ ਘੁਟਾਲੇ ਦੀ ਜਾਂਚ ਬਾਰੇ ਖਰੜਾ ਰਿਪੋਰਟ ਵਿਚ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ, ਅਟਾਰਨੀ ਜਨਰਲ ਜੀ.ਈ. ਵਾਹਨਵਤੀ ਤੇ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੇ ਕੋਲਾ ਮੰਤਰਾਲੇ ਦੇ ਅਧਿਕਾਰੀਆਂ ਦੇ ਕਹਿਣ 'ਤੇ ਕੁਝ ਤਬਦੀਲੀਆਂ ਕੀਤੀਆਂ ਗਈਆਂ ਸਨ। ਆਪਣੇ ਨੌਂ ਸਫ਼ਿਆਂ ਦੇ ਹਲਫ਼ਨਾਮੇ ਵਿਚ ਸੀਬੀਆਈ ਦੇ ਮੁਖੀ ਰਣਜੀਤ ਸਿਨਹਾ ਨੇ ਉਨ੍ਹਾਂ ਮੀਟਿੰਗਾਂ ਦੇ ਵੇਰਵੇ ਦਿੱਤੇ ਜੋ ਜਾਂਚ ਏਜੰਸੀ ਦੇ ਅਧਿਕਾਰੀਆਂ ਨਾਲ ਕਾਨੂੰਨ ਮੰਤਰੀ, ਅਟਾਰਨੀ ਜਨਰਲ (ਏਜੀ), ਉਸ ਵੇਲੇ ਦੇ ਐਡੀਸ਼ਨਲ ਸਾਲਿਸਟਰ ਜਨਰਲ ਹਿਰੇਨ ਰਾਵਲ ਤੇ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੇ ਕੋਲਾ ਮੰਤਰਾਲੇ ਦੇ ਅਧਿਕਾਰੀਆਂ ਦੀਆਂ ਹੋਈਆਂ ਸਨ।

ਸਿਨਹਾ ਵੱਲੋਂ ਅਦਾਲਤ ਵਿਚ ਦਿੱਤਾ ਗਿਆ ਹਲਫ਼ਨਾਮਾ ਕਾਨੂੰਨ ਮੰਤਰੀ ਤੇ ਏਜੀ ਵੱਲੋਂ ਲਏ ਗਏ ਸਟੈਂਡ ਦੇ ਉਲਟ ਹੈ ਜਿਨ੍ਹਾਂ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਸੀ ਕਿ ਉਨ੍ਹਾਂ ਨੇ ਰਿਪੋਰਟ ਵਿਚ ਤਬਦੀਲੀਆਂ ਲਈ ਕਿਹਾ ਸੀ। ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਰਿਪੋਰਟ ਦੇ ਖਰੜੇ ਵਿਚ ਜਿਹੜੀਆਂ ਤਬਦੀਲੀਆਂ ਕਾਨੂੰਨ ਮੰਤਰੀ ਤੇ ਵਾਹਨਵਤੀ ਦੇ ਸੁਝਾਵਾਂ 'ਤੇ ਕੀਤੀਆਂ ਗਈਆਂ ਸਨ, ਉਨ੍ਹਾਂ ਨਾਲ ਨਾ ਤਾਂ ਰਿਪੋਰਟ ਦਾ ਕੋਈ ਆਧਾਰ ਤੇ ਸਾਰ-ਤੱਤ ਬਦਲਿਆ ਤੇ ਨਾ ਹੀ ਜਾਂਚ ਦੇ ਢੰਗ ਦਾ ਫੋਕਸ ਬਦਲਿਆ ਸੀ।

ਸਿਨਹਾ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਇਸ ਅਮਲ ਵਿਚ ਕਿਸੇ ਵੀ ਮਸ਼ਕੂਕ ਜਾਂ ਮੁਲਜ਼ਮ ਦੇ ਨਾਂ ਪ੍ਰਗਤੀ ਰਿਪੋਰਟ ਵਿਚੋਂ ਨਹੀਂ ਕੱਢੇ ਗਏ ਹਨ ਤੇ ਨਾ ਹੀ ਉਨ੍ਹਾਂ ਨੂੰ ਬਖ਼ਸ਼ਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬਹੁਤੀਆਂ ਤਬਦੀਲੀਆਂ ਉਨ੍ਹਾਂ ਦੇ ਅਫ਼ਸਰਾਂ ਵੱਲੋਂ ਰਿਪੋਰਟ ਨੂੰ ਬਿਹਤਰ ਬਣਾਉਣ ਲਈ ਆਪਣੇ ਤੌਰ 'ਤੇ ਜਾਂ ਏਐਸਜੀ (ਰਾਵਲ) ਤੇ ਉਨ੍ਹਾਂ ਦੇ ਸਹਾਇਕ ਵਕੀਲ ਤੇ ਜਾਂ ਫਿਰ ਕਾਨੂੰਨ ਮੰਤਰੀ ਦੇ ਨਾਲ ਸਲਾਹ-ਮਸ਼ਵਰੇ ਮਗਰੋਂ ਕੀਤੀਆਂ ਗਈਆਂ ਸਨ। ਸ੍ਰੀ ਸਿਨਹਾ ਅਨੁਸਾਰ ਕੁਝ ਤਬਦੀਲੀਆਂ ਏਜੀ ਤੇ ਪੀਐਮਓ ਤੇ ਕੋਲਾ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਦਿੱਤੇ ਸੁਝਾਵਾਂ 'ਤੇ ਕੀਤੀਆਂ ਗਈਆਂ ਹਨ।

# ਮਾਲੀ ਤੰਗੀ ਨੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਝੰਬਿਆ

## ਸ਼ਗਨ ਸਕੀਮ ਨੇ ਵੀ ਦਮ ਤੋੜਿਆ



**ਚੰਡੀਗੜ੍ਹ:** ਆਰਥਿਕ ਤੰਗੀਆਂ ਵਿਚ ਘਿਰੀ ਪੰਜਾਬ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿਚ ਨਾਕਾਮ ਰਹੀ ਹੈ। ਹੋਰ ਤਾਂ ਹੋਰ ਪੁਰਾਣੀਆਂ ਲੋਕ ਭਲਾਈ ਸਕੀਮਾਂ ਵੀ ਦਮ ਤੋੜਨ ਲੱਗੀਆਂ ਹਨ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਤਕਰੀਬਨ 80 ਹਜ਼ਾਰ ਗਰੀਬ ਧੀਆਂ ਦੀ ਝੋਲੀ ਸਰਕਾਰੀ ਸ਼ਗਨ ਨਹੀਂ ਪਾਇਆ ਗਿਆ। ਕੁਝ ਲੜਕੀਆਂ ਦੇ ਤਾਂ ਬੱਚੇ ਵੀ ਤਿੰਨ ਤਿੰਨ ਵਰ੍ਹਿਆਂ ਦੇ ਹੋ ਗਏ ਹਨ ਪਰ ਉਨ੍ਹਾਂ ਨੂੰ ਸਰਕਾਰੀ ਸ਼ਗਨ ਹਾਲੇ ਤੱਕ ਨਹੀਂ ਮਿਲਿਆ। ਸਰਕਾਰੀ ਖ਼ਜ਼ਾਨੇ ਵਿਚ ਸ਼ਗਨ ਜੋਗੀ ਰਕਮ ਨਾ ਹੋਣ ਕਰਕੇ ਇਨ੍ਹਾਂ ਲੜਕੀਆਂ ਨੂੰ ਚਾਰ ਵਰ੍ਹਿਆਂ ਤੋਂ ਸ਼ਗਨ ਸਕੀਮ ਤਹਿਤ ਪੰਦਰਾਂ ਪੰਦਰਾਂ ਹਜ਼ਾਰ ਰੁਪਏ ਦਾ ਸ਼ਗਨ ਨਹੀਂ ਮਿਲ ਸਕਿਆ। ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਅਨੁਸਾਰ ਰਾਜ ਭਰ ਵਿਚ ਸ਼ਗਨ ਸਕੀਮ ਦੇ 78,866 ਕੇਸ 28 ਮਾਰਚ, 2013 ਤਕ ਬਕਾਇਆ ਪਏ ਸਨ। ਸਾਲ 2009-10 ਤੋਂ ਸ਼ਗਨ ਸਕੀਮ ਨੂੰ ਬਰੇਕ ਲੱਗਣੀ ਸ਼ੁਰੂ ਹੋ ਗਈ ਸੀ। ਸਾਲ 2009-10 ਤੇ ਸਾਲ 2010-11 ਦੇ ਸ਼ਗਨ ਸਕੀਮ ਦੇ 49,179 ਕੇਸ ਬਕਾਇਆ ਹੋ ਗਏ ਸਨ ਜੋ ਅੱਗੇ ਵਧਦੇ ਚਲੇ ਗਏ। ਸਾਲ 2011-12 ਦੇ 11,210 ਕੇਸ ਇਨ੍ਹਾਂ ਬਕਾਇਆ ਕੇਸਾਂ ਵਿਚ ਸ਼ਾਮਲ ਹੋਏ ਜਦੋਂਕਿ ਸਾਲ 2012-13 ਦੇ 18,477 ਕੇਸਾਂ ਵਿਚ ਲੜਕੀਆਂ ਨੂੰ ਸ਼ਗਨ ਨਹੀਂ ਦਿੱਤਾ ਜਾ ਸਕਿਆ। ਜਿਨ੍ਹਾਂ ਲੜਕੀਆਂ ਦੇ ਵਿਆਹ ਸਾਲ 2009-10 ਵਿੱਚ ਹੋਏ ਸਨ, ਉਨ੍ਹਾਂ ਵਿਚੋਂ ਬਹੁਤੀਆਂ ਦੇ ਬੱਚੇ ਵੀ ਹੁਣ ਸਕੂਲ ਜਾਣ ਲੱਗ ਪਏ ਹਨ। ਇਹ ਵੱਖਰੀ ਗੱਲ ਹੈ ਕਿ ਉਸ ਤੋਂ ਪਹਿਲਾਂ ਦੇ ਸਾਰੇ ਕੇਸ ਸਰਕਾਰ ਵੱਲੋਂ ਕਲੀਅਰ ਕਰ ਦਿੱਤੇ ਗਏ ਹਨ। ਸੂਚਨਾ ਅਨੁਸਾਰ ਮੁੱਖ ਮੰਤਰੀ ਦਾ ਜੱਦੀ ਜ਼ਿਲ੍ਹਾ ਮੁਕਤਸਰ ਹੀ ਇਕੱਲਾ ਭਾਗਸ਼ਾਲੀ ਜ਼ਿਲ੍ਹਾ ਹੈ ਜਿੱਥੋਂ ਦੇ ਸਭ ਤੋਂ ਘੱਟ (395) ਕੇਸ ਬਕਾਇਆ ਹਨ। ਇਸ ਜ਼ਿਲ੍ਹੇ ਵਿਚ ਤਿੰਨ ਸਾਲ ਪੁਰਾਣੇ ਕੇਸਾਂ ਦੀ ਗਿਣਤੀ ਤਾਂ ਸਿਰਫ਼ 41 ਹੀ ਹੈ।

ਭਲਾਈ ਵਿਭਾਗ ਦੇ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਜ਼ਿਲ੍ਹਾ ਅੰਮ੍ਰਿਤਸਰ ਬਕਾਇਆ ਪੱਖੋਂ ਪਹਿਲੇ ਨੰਬਰ 'ਤੇ ਹੈ ਜਿੱਥੇ ਸ਼ਗਨ ਸਕੀਮ ਦੇ ਬਕਾਇਆ ਕੇਸਾਂ ਦੀ ਗਿਣਤੀ 9870 ਹੈ। ਜ਼ਿਲ੍ਹਾ ਬਠਿੰਡਾ ਦੇ 1431 ਕੇਸ ਬਕਾਇਆ ਹਨ ਜਦੋਂਕਿ ਮਾਨਸਾ ਜ਼ਿਲ੍ਹੇ ਦੇ 3829 ਕੇਸਾਂ ਵਿੱਚ ਸ਼ਗਨ ਮਿਲ ਨਹੀਂ ਸਕਿਆ। ਪੰਜਾਬ ਭਰ ਵਿਚੋਂ ਦੂਸਰੇ ਨੰਬਰ 'ਤੇ ਗੁਰਦਾਸਪੁਰ ਤੇ ਜਲੰਧਰ ਜ਼ਿਲ੍ਹੇ ਹਨ। ਜਲੰਧਰ ਜ਼ਿਲ੍ਹੇ ਵਿਚ ਵੀ ਬਕਾਇਆ ਕੇਸ 7644 ਹਨ ਜਦੋਂਕਿ ਇੰਨੇ ਹੀ ਕੇਸ ਜ਼ਿਲ੍ਹਾ ਗੁਰਦਾਸਪੁਰ ਵਿਚ ਹਨ। ਉਂਜ ਮਾਲਵਾ ਖ਼ਿੱਤੇ ਦੀਆਂ ਅਜਿਹੀਆਂ ਧੀਆਂ ਦੀ ਗਿਣਤੀ ਜ਼ਿਆਦਾ ਹੈ ਜਿਨ੍ਹਾਂ ਨੂੰ ਸ਼ਗਨ ਦੀ ਰਾਸ਼ੀ ਨਹੀਂ ਮਿਲੀ। ਮਾਲਵਾ ਖ਼ਿੱਤੇ ਦੇ ਬਕਾਇਆ ਕੇਸਾਂ ਦੀ ਗਿਣਤੀ 36,421 ਹੈ ਜਦੋਂਕਿ ਦੂਸਰੇ ਨੰਬਰ 'ਤੇ ਮਾਝਾ ਇਲਾਕਾ ਹੈ ਜਿੱਥੋਂ ਦੀਆਂ 26215 ਧੀਆਂ ਨੂੰ ਸ਼ਗਨ ਪ੍ਰਾਪਤ ਨਹੀਂ ਹੋ ਸਕਿਆ ਹੈ। ਦੋਆਬਾ ਇਲਾਕੇ ਦੇ ਬਕਾਇਆ ਕੇਸਾਂ ਦੀ ਗਿਣਤੀ 16,230 ਬਣਦੀ ਹੈ। ਪੰਜਾਬ ਸਰਕਾਰ ਨੂੰ ਇਹ ਸਾਰੇ ਬਕਾਇਆ ਕੇਸ ਕਲੀਅਰ ਕਰਨ ਵਾਸਤੇ 118 ਕਰੋੜ ਰੁਪਏ ਦੀ ਜ਼ਰੂਰਤ ਹੈ। ਖਜ਼ਾਨੇ ਦੀ ਸਥਿਤੀ ਠੀਕ ਨਾ ਹੋਣ ਕਰਕੇ ਸਰਕਾਰ ਦੀ ਤਰਜੀਹ ਸ਼ਗਨ ਸਕੀਮ ਨਹੀਂ ਰਹੀ ਹੈ ਜਿਸ ਕਰਕੇ ਬਕਾਇਆ ਕੇਸਾਂ ਦੀ ਗਿਣਤੀ ਲਗਾਤਾਰ ਵਧਦੀ ਹੀ ਰਹੀ ਹੈ।

## ਪ੍ਰੀਤੀ ਪਟੇਲ ਦਾ ਪਿਤਾ ਵਿਰੋਧੀ ਪਾਰਟੀ ਵਿਚ ਡਟਿਆ

**ਲੰਡਨ:** ਬਰਤਾਨੀਆ ਵਿਚ ਟੋਰੀ (ਕੰਜ਼ਰਵੇਟਿਵ) ਪਾਰਟੀ ਦੀ ਭਾਰਤੀ ਮੂਲ ਦੀ ਸੰਸਦ ਮੈਂਬਰ ਪ੍ਰੀਤੀ ਪਟੇਲ ਨੇ ਆਪਣੇ ਪਿਤਾ ਵੱਲੋਂ ਸੱਜੇ ਪੱਖੀ ਪਾਰਟੀ ਨਾਲ ਜੁੜ ਜਾਣ ਨੂੰ ਸਹੀ ਕਰਾਰ ਦਿੱਤਾ ਹੈ। ਪ੍ਰੀਤੀ ਦੇ ਪਿਤਾ 64 ਸਾਲਾ ਸੁਸ਼ੀਲ ਪਟੇਲ ਹਰਟਫੋਰਡਸ਼ਾਇਰ ਦੀ ਮੁਕਾਮੀ ਕੌਂਸਲ ਵਿਚ ਯੂਕੇ ਇੰਡੀਪੈਂਡੈਂਸ ਪਾਰਟੀ (ਯੂਕੇਆਈਪੀ) ਦੇ ਉਮੀਦਵਾਰ ਹਨ। ਇਹ ਪਾਰਟੀ ਆਪਣੀ ਇਮੀਗਰਾਂਟ ਵਿਰੋਧੀ ਵਿਚਾਰਧਾਰਾ ਲਈ ਜਾਣੀ ਜਾਂਦੀ ਹੈ ਜੋ ਚਾਹੁੰਦੀ ਹੈ ਕਿ ਬਰਤਾਨੀਆ ਯੂਰਪੀ ਯੂਨੀਅਨ ਤੋਂ ਬਾਹਰ ਆ ਜਾਵੇ। ਪ੍ਰੀਤੀ ਪਟੇਲ (41 ਸਾਲ) ਨੇ ਆਪਣੇ ਪਿਤਾ ਦੀ ਹਮਾਇਤ ਕਰਦਿਆਂ ਕਿਹਾ ਕਿ ਜੋ ਵੀ ਹੋਵੇ, ਇਸ ਦਾ ਜੋ ਵੀ ਸਿੱਟਾ ਨਿਕਲੇ, ਉਹ ਫਸ ਦੇ ਪਿਤਾ ਹਨ ਤੇ ਉਹ ਉਨ੍ਹਾਂ ਨੂੰ ਪਿਆਰ ਕਰਦੀ ਹੈ। ਇਸ ਨੂੰ ਕੋਈ ਵੀ ਬਦਲ ਨਹੀਂ ਸਕਦਾ। ਪ੍ਰੀਤੀ ਨੂੰ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਟੀਮ ਦੀ ਮੋਹਰੀ ਏਸ਼ਿਆਈ ਆਗੂ ਮੰਨਿਆ ਜਾਂਦਾ ਹੈ। ਉਹ 2010 ਤੋਂ ਦੱਖਣ-ਪੂਰਬੀ ਇੰਗਲੈਂਡ ਦੇ ਐਸੈਕਸ ਹਲਕੇ ਤੋਂ ਐਮ.ਪੀ ਹੈ। ਦੂਜੇ ਪਾਸੇ ਉਸ ਦੇ ਪਿਤਾ ਦਾ ਕਹਿਣਾ ਹੈ ਕਿ ਉਸ ਦਾ ਆਪਣਾ ਸਿਆਸੀ ਨਜ਼ਰੀਆ ਹੈ। ਸ੍ਰੀ ਪਟੇਲ ਨੇ ਕਿਹਾ ਕਿ ਉਨ੍ਹਾਂ ਨੂੰ ਯੂ.ਕੇ.ਆਈ.ਪੀ ਦਾ ਉਮੀਦਵਾਰ ਹੋਣ 'ਤੇ ਮਾਣ ਹੈ ਤੇ ਉਨ੍ਹਾਂ ਨੂੰ ਆਪਣੀ ਧੀ ਦੀਆਂ ਪ੍ਰਾਪਤੀਆਂ ਉਤੇ ਵੀ ਫ਼ਖ਼ਰ ਹੈ।

# ਕੈਨੇਡਾ ਨੇ ਹੁਨਰਮੰਦ ਕਾਮਿਆਂ ਤੋਂ ਅਰਜ਼ੀਆਂ ਮੰਗੀਆਂ

**ਟੋਰਾਂਟੋ:** ਅਰਜ਼ੀਆਂ ਦੇ ਢੇਰ ਘਟਾਉਣ ਲਈ ਤਕਰੀਬਨ ਇਕ ਸਾਲ ਦੀ ਰੋਕ ਤੋਂ ਬਾਅਦ ਕੈਨੇਡਾ ਦੇ ਆਵਾਸ ਮਹਿਕਮੇ ਨੇ ਨਵੇਂ ਹੁਨਰਮੰਦ ਕਾਮਾ ਪ੍ਰੋਗਰਾਮ ਤਹਿਤ ਫਿਰ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਚਾਰ ਮਈ, 2013 ਤੋਂ ਸ਼ੁਰੂ ਹੋਏ ਇਸ ਪ੍ਰੋਗਰਾਮ ਵਿਚ ਸਿਵਲ, ਬਨਸਪਤੀ, ਮਕੈਨੀਕਲ, ਪੈਟਰੋਲੀਅਮ ਤੇ ਕੰਪਿਊਟਰ ਇੰਜੀਨੀਅਰ, ਲੈਂਡ ਸਰਵੇਅਰ, ਫਿਜ਼ੀਓਥੈਰੇਪਿਸਟ, ਲੈਬ-ਟੈਕਨੀਸ਼ਨ ਵਰਗੇ ਬਹੁਤ ਸਾਰੇ ਕਿੱਤੇ ਇਸ ਵਿਚ ਸ਼ਾਮਲ ਹਨ।



ਆਵਾਸ ਮੰਤਰੀ ਜੇਸਨ ਕੈਨੀ ਨੇ ਇਸ ਦਾ ਬਾਕਾਇਦਾ ਆਗਾਜ਼ ਕਰਦਿਆਂ ਕਿਹਾ ਕਿ ਮੁਲਕ ਅੰਦਰ ਨੌਕਰੀਆਂ ਪੈਦਾ ਕਰਨਾ, ਆਰਥਿਕ ਤਰੱਕੀ ਤੇ ਖੁਸ਼ਹਾਲੀ ਸਰਕਾਰ ਦਾ ਮੁੱਖ ਨਿਸ਼ਾਨਾ ਹੈ ਤੇ ਇਸ ਸੋਧੇ ਹੋਏ 'ਫੈਡਰਲ ਸਕਿੱਲਡ ਵਰਕਰਜ਼ ਪ੍ਰੋਗਰਾਮ' ਰਾਹੀਂ ਕੈਨੇਡਾ ਆਪਣੀ ਲੋੜ ਦੇ ਹਿਸਾਬ ਨਾਲ ਆਵਾਸੀ ਹੁਨਰਮੰਦ ਲੋਕਾਂ ਦੀ ਚੋਣ ਕਰ ਸਕੇਗਾ। ਸ੍ਰੀ ਕੈਨੀ ਮੁਤਾਬਕ ਨੌਜਵਾਨ ਵਰਗ ਤੇ ਬੋਲੀ ਦੀ ਮੁਹਾਰਤ ਇਸ ਚੋਣ ਵਿਚ ਦੋ ਮੁੱਖ ਮਾਪਦੰਡ ਹੋਣਗੇ।

ਇਨ੍ਹਾਂ ਸੋਧਾਂ ਵਿਚ ਇਹ ਵੀ ਸ਼ਾਮਲ ਹੈ ਕਿ ਕਿਸੇ ਆਵਾਸੀ ਦੇ ਕੈਨੇਡਾ ਆਉਣ ਤੋਂ ਪਹਿਲਾਂ ਹੀ ਉਸ ਦੇ ਪ੍ਰਮਾਣ ਪੱਤਰ ਘੋਖੇ ਜਾਣਗੇ ਤਾਂ ਜੋ ਉਹ ਇਥੇ ਆਉਣ ਸਾਰ ਆਪਣੇ ਖੇਤਰ ਵਿਚ ਸ਼ੁਰੂਆਤ ਕਰ ਸਕੇ। ਇਸ ਪ੍ਰੋਗਰਾਮ ਵਿਚ ਮਹਿਕਮੇ ਵੱਲੋਂ 24 ਕਿੱਤਿਆਂ ਦੀ ਸੂਚੀ ਵੀ ਜਾਰੀ ਕੀਤੀ ਹੈ। ਵਰਨਣਯੋਗ ਹੈ ਕਿ ਮਹਿਕਮੇ ਨੇ ਅਰਜ਼ੀਆਂ ਦੇ ਢੇਰ ਨੂੰ ਘਟਾਉਣ ਦੀ ਮਨਸ਼ਾ ਨਾਲ ਪਿਛਲੇ ਸਾਲ ਜੁਲਾਈ ਤੋਂ ਅਰਜ਼ੀਆਂ 'ਤੇ ਰੋਕ ਲਾਈ ਸੀ।

ਇਹ ਕਿੱਤਾ-ਸੂਚੀ ਤੇ ਹੋਰ ਜਾਣਕਾਰੀ ਮਹਿਕਮੇ ਨੇ ਆਪਣੀ ਵੈਬ ਸਾਈਟ 'ਸੀਆਈਸੀ ਡਾਟ ਜੀਸੀ ਡਾਟ ਸੀਏ' ਉਤੇ ਪਾਈ ਹੈ। ਆਵਾਸ ਮਹਿਕਮੇ ਦੀ ਸੂਚਨਾ ਮੁਤਾਬਕ ਨਵੀਆਂ ਅਰਜ਼ੀਆਂ ਦੀ ਹੱਦ 5000 ਤੇ ਹਰ ਕਿੱਤੇ ਵਿਚ 300 ਅਰਜ਼ੀਆਂ ਦੀ ਸੀਮਾ ਮਿਥੀ ਗਈ ਹੈ। ਅਰਜ਼ੀ ਕਰਤਾਵਾਂ ਨੂੰ ਪਾਸ ਹੋਣ ਲਈ 100 ਪੁਆਇੰਟਾਂ ਵਿਚੋਂ 67 ਅੰਕ ਚਾਹੀਦੇ ਹਨ।

## ਬਰਾਕ ਓਬਾਮਾ ਵੱਲੋਂ ਨਸਲੀ ਹਮਲਿਆਂ ਦਾ ਸੱਚ ਸਵੀਕਾਰ

**ਵਾਸ਼ਿੰਗਟਨ:** ਇਸ ਸਾਲ ਨਾਗਰਿਕ ਜ਼ਿੰਮਵਾਰੀ ਬਿੱਲ (1988) ਦੀ 25ਵੀਂ ਵਰ੍ਹੇਗੰਢ ਮਨਾ ਰਹੇ ਅਮਰੀਕਾ ਨੇ ਮੰਨਿਆ ਹੈ ਕਿ ਦੇਸ਼ ਵਿਚ ਬੀਤੇ ਦਹਾਕੇ ਦੌਰਾਨ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਖਾਸ ਕਰਕੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ 'ਤੇ ਨਸਲੀ ਹਮਲਿਆਂ ਵਿਚ ਵਾਧਾ ਹੋਇਆ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਦੱਖਣੀ ਏਸ਼ੀਆਈ ਲੋਕਾਂ ਜਿਨ੍ਹਾਂ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸ਼ਾਮਲ ਹਨ, ਨੂੰ ਕਈ ਵਾਰ ਉਨ੍ਹਾਂ ਦੀ ਚਮੜੀ ਦੇ ਰੰਗ ਜਾਂ ਉਨ੍ਹਾਂ ਦੀ ਆਸਥਾ ਦੇ ਕਾਰਨ ਨਸਲੀ ਹਿੰਸਾ ਤੇ ਸ਼ੱਕ ਦਾ ਸ਼ਿਕਾਰ ਹੋਣਾ ਪਿਆ ਪਰ ਏਸ਼ੀਆਈ ਲੋਕ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਡਾਕਟਰੀ ਤੋਂ ਲੈ ਕੇ ਕਾਰੋਬਾਰ ਤੱਕ ਆਪਣੇ ਖੇਤਰਾਂ ਵਿਚ ਸਿਖ਼ਰ 'ਤੇ ਪੁੱਜੇ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਕਤ ਲੋਕਾਂ ਨੂੰ ਅਜੇ ਵੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਓਬਾਮਾ ਨੇ ਮਈ ਮਹੀਨੇ ਨੂੰ ਏਸ਼ੀਆਈ ਅਮਰੀਕੀ ਤੇ ਪ੍ਰਸ਼ਾਂਤ ਦੀਪਵਾਸੀ (ਏ.ਏ.ਪੀ.ਆਈ) ਧਰੋਹਰ ਮਹੀਨਾ ਮਨਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਵਚਨਬੱਧ ਹੈ।

# ਨਿੱਕੀ ਹੈਲੇ ਖਿਲਾਫ ਟਿੱਪਣੀ ਕਾਰਨ ਵਿਵਾਦ ਛਿੜਿਆ

**ਨਿਊ ਯਾਰਕ:** ਦੱਖਣੀ ਕੈਰੋਲੀਨਾ ਦੀ ਭਾਰਤੀ ਮੂਲ ਦੀ ਰਿਪਬਲਿਕਨ ਗਵਰਨਰ ਨਿੱਕੀ ਹੈਲੇ ਖਿਲਾਫ਼ ਵਿਰੋਧੀ ਡੈਮੋਕਰੇਟਿਕ ਆਗੂ ਵੱਲੋਂ ਆਪਣੀ ਪਾਰਟੀ ਦੇ ਸਮਾਗਮ ਵਿਚ ਕਹੇ ਗਏ ਅਪਮਾਨਜਨਕ ਸ਼ਬਦਾਂ ਕਾਰਨ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਬੀਤੇ ਦਿਨ ਜੈਫਰਸਨ-ਜੈਕਸਨ ਵਿਖੇ ਰਾਤਰੀ ਭੋਜ ਸਮੇਂ ਹੋਏ ਡੈਮੋਕਰੇਟਿਕ ਪਾਰਟੀ ਦੇ ਸਮਾਗਮ ਵਿੱਚ ਦੱਖਣੀ ਕੈਰੋਲੀਨਾ ਵਿਚ ਪਾਰਟੀ ਆਗੂ ਡਿੱਕ ਹਾਰਪੂਟਲੀਅਨ ਦੇ ਡੈਮੋਕਰੇਟਿਕ ਉਮੀਦਵਾਰ ਵਿਨਸੈਂਟ ਸ਼ੀਹੀਨ ਨੂੰ ਲੋਕਾਂ ਸਾਹਮਣੇ ਲਿਆਉਂਦਿਆਂ ਕਿਹਾ ਕਿ ਚੋਣਾਂ ਨੂੰ 18 ਮਹੀਨੇ ਰਹਿੰਦੇ ਹਨ ਤੇ ਆਸ ਹੈ ਕਿ ਇਹ ਨਵਾਂ ਚਿਹਰਾ ਨਿੱਕੀ ਹੈਲੇ ਨੂੰ ਉਸੇ ਨਰਕ (ਭਾਰਤ) ਵਿਚ ਧੱਕ ਦੇਵੇਗਾ, ਜਿੱਥੋਂ ਉਹ ਇਥੇ ਆਈ ਹੈ।



ਸਮਾਗਮ ਵਿਚ ਦੇਸ਼ ਦੇ ਉਪਰ ਰਾਸ਼ਟਰਪਤੀ ਜੋਏ ਬੀਡੇਨ ਵੀ ਸ਼ਾਮਲ ਸਨ। ਇਸ ਟਿੱਪਣੀ ਮਗਰੋਂ ਸਮਾਗਮ ਵਿਚ ਹਾਜ਼ਰ ਲੋਕ ਹੱਸੇ ਪਰ ਹੁਣ ਹਾਰਪੂਟਲੀਅਨ ਦੇ ਚਿਹਰੇ ਦੇ ਹੋਸ਼ ਉੱਡੇ ਹੋਏ ਸਨ ਕਿਉਂਕਿ ਉਸ ਵੱਲੋਂ ਕੀਤੀ ਟਿੱਪਣੀ ਦੀ ਹਾਰ ਪਾਸੇ ਤੋਂ ਨਿਖੇਧੀ ਹੋ ਰਹੀ ਹੈ। ਗਵਰਨਰ ਹੈਲੇ ਦੇ ਬੁਲਾਰੇ ਨੇ ਇਸ ਟਿੱਪਣੀ ਨੂੰ ਬੜਾ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਰੋਲੀਨਾ ਦੇ ਡੈਮੋਕਰੇਟਿਕ ਆਗੂ ਆਪਣੀਆਂ ਹੋਛੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ।

ਉਹ ਅਜਿਹੀਆਂ ਟਿੱਪਣੀਆਂ ਕਰਕੇ ਹੈਲੇ ਨੂੰ ਨੀਵਾਂ ਨਹੀਂ ਦਿਖਾ ਰਹੇ, ਸਗੋਂ ਖੁਦ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਰਹੇ ਹਨ। ਉਧਰ ਹਾਰਪੂਟਲੀਅਨ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਉਸ ਦਾ ਕਹਿਣ ਦਾ ਮਕਸਦ ਲੇਮਿੰਗਟੋਨ ਕਾਊਂਟੀ ਤੋਂ ਹੈ ਜਿਥੋਂ ਹੈਲੇ ਗਵਰਨਰ ਬਣਨ ਤੋਂ ਪਹਿਲਾਂ ਰਹਿੰਦੀ ਸੀ।

## ਐਨ.ਆਰ.ਆਈ. ਕਮਿਸ਼ਨ ਵੱਲੋਂ ਰਿਪੋਰਟ ਤਲਬ

**ਚੰਡੀਗੜ੍ਹ:** ਟਰੈਵਲ ਏਜੰਟਾਂ ਵੱਲੋਂ 13 ਨੌਜਵਾਨਾਂ ਨਾਲ ਧੋਖਾ ਕਰਨ ਦੇ ਮਾਮਲੇ ਵਿਚ ਪੰਜਾਬ ਦੇ ਐਨ.ਆਰ.ਆਈ. ਕਮਿਸ਼ਨ ਨੇ ਰਾਜ ਦੇ ਸਕੱਤਰ (ਗ੍ਰਹਿ) ਤੇ ਪੁਲਿਸ ਕਮਿਸ਼ਨਰ ਜਲੰਧਰ ਨੂੰ ਨੋਟਿਸ ਜਾਰੀ ਕਰਕੇ 31 ਮਈ ਤੱਕ ਰਿਪੋਰਟ ਮੰਗੀ ਹੈ।

ਕਮਿਸ਼ਨ ਦੇ ਬੁਲਾਰੇ ਮੁਤਾਬਕ ਕਮਿਸ਼ਨ ਵੱਲੋਂ 13 ਨੌਜਵਾਨਾਂ ਨਾਲ ਟਰੈਵਲ ਏਜੰਟਾਂ ਵੱਲੋਂ ਕੀਤੇ ਧੋਖੇ ਨਾਲ ਸਬੰਧਤ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ 'ਤੇ ਆਪਣੇ ਆਪ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਨੌਜਵਾਨਾਂ ਨੂੰ ਏਜੰਟਾਂ ਦੇ ਧੋਖੇ ਕਾਰਨ ਇਰਾਕ ਤੋਂ ਵਾਪਸ ਆਉਣਾ ਪਿਆ ਸੀ। ਇਨ੍ਹਾਂ ਨੌਜਵਾਨਾਂ ਦੇ ਇਕ ਸਾਥੀ ਜਗਦੀਪ ਸਿੰਘ ਨੂੰ 50 ਹਜ਼ਾਰ ਰੁਪਏ ਦਾ ਪ੍ਰਬੰਧ ਨਾ ਕਰ ਸਕਣ ਕਾਰਨ ਹੁਣ ਵੀ ਪੱਛਮੀ ਏਸ਼ੀਅਨ ਦੇਸ਼ ਵਿਚ ਬੰਦੀ ਬਣਾਇਆ ਹੋਇਆ ਹੈ। ਉਸ ਦੇ ਮਾਪਿਆਂ ਨੂੰ ਇਸ ਬਾਰੇ ਇਕ ਵੀਡਿਓ ਵੀ ਭੇਜੀ ਗਈ ਹੈ ਜਿਸ ਵਿਚ ਨੌਜਵਾਨ ਨੂੰ ਹਥਿਆਰਬੰਦ ਵਿਅਕਤੀਆਂ ਨੇ ਘੇਰਿਆ ਹੋਇਆ ਹੈ। ਰਾਮਾ ਮੰਡੀ ਖੇਤਰ ਵਿਚ ਸਥਿਤ ਦਫ਼ਤਰ ਦੇ ਟਰੈਵਲ ਏਜੰਟ ਪਰਮਿੰਦਰ ਸਿੰਘ, ਸੁਨੀਲ ਕੁਮਾਰ ਤੇ ਸਾਹਿਬ ਨੇ ਇਨ੍ਹਾਂ 13 ਨੌਜਵਾਨਾਂ ਨੂੰ 15 ਲੱਖ ਰੁਪਏ ਲੈ ਕੇ ਇਰਾਕ ਭੇਜਿਆ ਸੀ ਜਿਥੇ ਉਨ੍ਹਾਂ ਨੂੰ ਨੌਕਰੀ ਲਗਾਉਣ ਦਾ ਵਾਅਦਾ ਕੀਤਾ ਗਿਆ ਸੀ।

# ਸਾਊਦੀ ਅਰਬ ਵੱਲੋਂ ਪਰਵਾਸੀ ਭਾਰਤੀਆਂ ਨੂੰ ਰਾਹਤ

**ਦੁਬਈ:** ਸਾਊਦੀ ਅਰਬ ਵਿਚ ਕਾਨੂੰਨੀ ਤੌਰ 'ਤੇ ਪੁੱਜੇ ਭਾਰਤੀ ਕਾਮੇ ਜੇਕਰ ਮੁਲਕ ਵੱਲੋਂ ਐਲਾਨੇ ਤਿੰਨ ਮਹੀਨੇ ਦੇ ਮੋਹਲਤ ਦੇ ਸਮੇਂ ਦੌਰਾਨ ਖ਼ੁਦ ਸਰਕਾਰ ਕੋਲ ਆਪਣੀ ਰਜਿਸਟਰੇਸ਼ਨ ਕਰਾਉਂਦੇ ਹਨ ਤਾਂ ਉਨ੍ਹਾਂ ਨੂੰ ਆਪਣਾ ਵੀਜ਼ਾ ਨਿਯਮਿਤ ਕਰਾਉਣ, ਨਵੀਆਂ ਨੌਕਰੀਆਂ ਲੈਣ ਤੇ ਘਰਾਂ ਨੂੰ ਪਰਤਣ ਦੀ ਆਗਿਆ ਦਿੱਤੀ ਜਾਵੇਗੀ। ਇਹ ਜਾਣਕਾਰੀ ਸਾਊਦੀ ਅਧਿਕਾਰੀਆਂ ਨੇ ਦਿੱਤੀ ਹੈ।

ਸਾਊਦੀ ਦੇ ਕਿਰਤ ਮੰਤਰਾਲੇ ਦੀ ਭਾਰਤ ਨਾਲ ਬਣਾਏ ਸਾਂਝੇ ਗਰੁੱਪ ਦੀ ਮੀਟਿੰਗ ਵਿਚ ਵਿਚਾਰੇ ਗਏ ਮੁੱਦਿਆਂ ਵਿਚ ਇਹ ਮੁੱਦਾ ਵੀ ਸ਼ਾਮਲ ਸੀ। ਇਹ ਸਾਂਝਾ ਗਰੁੱਪ ਸਾਊਦੀ ਦੇ ਕਿਰਤ ਮੰਤਰੀ ਆਦੇਲ ਫਕੀਰ ਤੇ ਭਾਰਤ ਦੇ ਓਵਰਸੀਜ਼ ਮਾਮਲਿਆਂ ਦੇ ਮੰਤਰੀ ਵਾਇਲਾਰ ਰਵੀ ਦੀ ਅਗਵਾਈ ਵਿਚ ਜੇਦਾਹ ਪੁੱਜੇ ਭਾਰਤੀ ਵਫਦ ਦੀ 28 ਅਪਰੈਲ ਨੂੰ ਹੋਈ ਮੀਟਿੰਗ ਵਿਚ ਕਾਇਮ ਕੀਤਾ ਗਿਆ ਸੀ।

ਇਸ ਗਰੁੱਪ ਨੇ ਸਾਊਦੀ ਅਰਬ ਵਿਚ ਰਹਿੰਦੇ ਭਾਰਤੀ ਭਾਈਚਾਰੇ ਦੀ ਭਲਾਈ ਨਾਲ ਸਬੰਧਤ ਸਾਰੇ ਮੁੱਦੇ ਨਜਿੱਠਣੇ ਹਨ ਜਿਨ੍ਹਾਂ ਵਿਚ ਫੌਰੀ ਤੌਰ 'ਤੇ ਵਿਚਾਰਨ ਵਾਲੇ ਮੁੱਦੇ ਨਿਤਾਕਤ ਪ੍ਰੋਗਰਾਮ



ਲਾਗੂ ਕੀਤੇ ਜਾਣ ਤੇ ਇਥੇ ਵੀਜ਼ੇ ਤੋਂ ਵੱਧ ਸਮੇਂ ਤੋਂ ਟਿਕੇ ਭਾਰਤੀ ਕਾਮਿਆਂ ਦੇ ਹਨ। 'ਨਿਤਾਕਤ' ਕਾਨੂੰਨ ਸਥਾਨਕ ਫਰਮਾਂ ਵਿਚ ਹਰ 10 ਪਰਵਾਸੀ ਕਾਮਿਆਂ ਪਿੱਛੇ ਇਕ ਸਾਊਦੀ ਨਾਗਰਿਕ ਰੱਖੇ ਜਾਣ ਨੂੰ ਜ਼ਰੂਰੀ ਕਰਾਰ ਦਿੰਦਾ ਹੈ।

ਇਥੇ ਵਿਆਪਕ ਪੱਧਰ 'ਤੇ ਇਹ ਗੱਲ ਫੈਲ ਗਈ ਹੈ ਕਿ ਨਵੀਂ ਨੀਤੀ ਕਾਰਨ ਵੱਡੀ ਗਿਣਤੀ ਭਾਰਤੀਆਂ ਲਈ ਨੌਕਰੀਆਂ ਦੇ ਮੌਕੇ ਖੁੱਸ ਜਾਣਗੇ। 20 ਲੱਖ ਤੋਂ ਵੱਧ ਭਾਰਤੀ ਇਸ ਵੇਲੇ ਸਾਊਦੀ ਅਰਬ ਵਿਚ ਕੰਮ ਕਰ ਰਹੇ ਹਨ ਤੇ ਇਥੋਂ ਦੀ ਸਰਕਾਰ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਨਾਲ ਨਜਿੱਠਣ ਲਈ 'ਨਿਤਾਕਤ' ਕਾਨੂੰਨ ਲਾਗੂ ਕਰ ਰਹੀ ਹੈ। ਸਾਂਝੇ ਗਰੁੱਪ ਵੱਲੋਂ ਭਾਰਤੀਆਂ ਦੇ ਸਾਰੇ ਮਾਮਲੇ ਵਿਚਾਰੇ ਜਾ ਰਹੇ ਹਨ।

## ਸੜਕ ਹਾਦਸੇ ਵਿਚ ਪਰਿਵਾਰ ਦੇ ਪੰਜ ਜੀਅ ਹਲਾਕ

**ਸਿੰਗਾਪੁਰ:** ਮਲੇਸ਼ੀਆ ਦੇ ਸੂਬੇ ਜੋਹੋਰ ਵਿਖੇ ਉੱਤਰ-ਦੱਖਣੀ ਐਕਸਪ੍ਰੈਸ ਵੇਅ 'ਤੇ ਇਕ ਕਾਰ ਦੇ ਲੋਹੇ ਦੇ ਖੰਬੇ ਵਿਚ ਵੱਜਣ ਕਾਰਨ ਭਾਰਤੀ ਮੂਲ ਦੇ ਇਕ ਪਰਿਵਾਰ ਦੇ ਪੰਜ ਜੀਆਂ ਦੀ ਮੌਤ ਹੋ ਗਈ ਤੇ ਇਕ ਗੰਭੀਰ ਫੱਟੜ ਹੋ ਗਿਆ।

ਮਰਨ ਵਾਲਿਆਂ ਦੀ ਉਮਰ 7 ਸਾਲ ਤੋਂ ਲੈ ਕੇ 65 ਸਾਲਾਂ ਤੱਕ ਦੀ ਹੈ। ਮ੍ਰਿਤਕਾਂ ਦੀ ਪਛਾਣ 65 ਸਾਲਾ ਧੀ, ਉਸ ਦੀਆਂ ਧੀਆਂ ਆਰ. ਸੇਲਵਰਾਨੀ (46), ਆਰ ਗੀਤਾ (42), ਦੋ ਦੋਹਤੀਆਂ ਜੀ. ਵਿਕਨੇਸ਼ਵਰਨ (19) ਤੇ ਏ. ਅਜਸ (7) ਵਜੋਂ ਹੋਈ ਸੀ। ਇਹ ਪਰਿਵਾਰ ਸੂਕੂਦਈ ਤੋਂ ਕੁਲਾਇਜਯਾ ਜਾ ਰਿਹਾ ਸੀ। ਰਾਹਤ ਅਮਲੇ ਨੂੰ ਕਾਰ ਵਿਚੋਂ ਲਾਸ਼ਾਂ ਕੱਢਣ ਵਿਚ 30 ਮਿੰਟ ਲੱਗ ਗਏ। ਹਾਦਸੇ ਵਿਚ ਗੰਭੀਰ ਫੱਟੜ 16 ਸਾਲਾ ਜੀ. ਵਿਨੀਤ ਨੂੰ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਵਿਕਨੇਸ਼ਵਰਨ ਕਾਰ ਚਲਾ ਰਿਹਾ ਸੀ ਤੇ ਉਹ ਆਪਣਾ ਸੰਤੁਲਨ ਗੁਆ ਬੈਠਾ। ਪਹਿਲਾ ਕਾਰ ਡਿਵਾਈਡਰ ਵਿਚ ਵੱਜੀ ਤੇ ਮਗਰੋਂ ਲੋਹੇ ਦੇ ਖੰਬੇ ਨਾਲ ਜਾ ਟਕਰਾਈ।

# ਅਣਸੁਖਾਵੇਂ ਗਵਾਂਢ ਵਿਚਾਲੇ ਵੱਸਦਾ ਭਾਰਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455



**ਕਦੀ ਲਿਬਨਾਨ ਦੁਨੀਆਂ ਦੇ ਤਰੱਕੀ ਕਰ ਰਹੇ ਦੇਸ਼ਾਂ ਵਿਚ ਹੁੰਦਾ ਸੀ, ਪਰ ਹੁਣ ਇੱਦਾਂ ਦੀ ਗੜਬੜ ਦਾ ਸ਼ਿਕਾਰ ਹੈ ਕਿ ਕਿਸੇ ਦੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਜਿਨ੍ਹਾਂ ਧਿਰਾਂ ਨੇ ਲਿਬਨਾਨ ਦਾ ਇਹ ਹਾਲ ਕੀਤਾ ਹੈ, ਪਾਕਿਸਤਾਨ ਵਿਚ ਵੀ ਇਸ ਵਕਤ ਉਨ੍ਹਾਂ ਹੀ ਦੋਵਾਂ ਧਿਰਾਂ ਦਾ ਭੇੜ ਚੱਲ ਰਿਹਾ ਹੈ। ਇੱਕ ਪਾਸੇ ਮਹਾਂ-ਸ਼ਕਤੀ ਹੋਣ ਦਾ ਘੁਮੰਡ ਰੱਖੀ ਫਿਰਦਾ ਅਮਰੀਕਾ ਹੈ, ਜਿਹੜਾ ਸਾਰੀ ਦੁਨੀਆਂ ਦੇ ਲੋਕਤੰਤਰ ਦਾ ਸਰਪ੍ਰਸਤ ਵੀ ਆਪਣੇ ਆਪ ਨੂੰ ਬਣਾਈ ਫਿਰਦਾ ਹੈ। ਦੂਸਰੇ ਪਾਸੇ ਉਹ ਕੱਟੜਪੰਥੀ ਹਨ, ਜਿਹੜੇ ਲੋਕਤੰਤਰ ਨੂੰ ਵੀ ਕੁਫਰ ਮੰਨਦੇ ਹਨ। ਇਨ੍ਹਾਂ ਦੋਵਾਂ ਦੇ ਭੇੜ ਵਿਚ ਪਾਕਿਸਤਾਨੀ ਲੋਕਾਂ ਦੀ ਹਾਲਤ ਸ਼ੇਰ ਤੇ ਬਘਿਆੜ ਵਿਚਾਲੇ ਫਸੇ ਹੋਏ ਮੇਮਣੇ ਵਾਲੀ ਬਣੀ ਪਈ ਹੈ।**

ਭਿੱਖੀਵਿੰਡ ਵਾਲੇ ਸਰਬਜੀਤ ਸਿੰਘ ਦੀ ਮੌਤ ਨੇ ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ ਅਤੇ ਪਾਕਿਸਤਾਨ ਵਿਚ ਜਿਹੜੇ ਅੰਦਰੂਨੀ ਹਾਲਾਤ ਹਨ, ਉਨ੍ਹਾਂ ਬਾਰੇ ਨਵੇਂ ਸਿਰੇ ਤੋਂ ਚਰਚਾ ਛੇੜ ਦਿੱਤੀ ਹੈ। ਸਰਬਜੀਤ ਇੱਕ ਸਧਾਰਨ ਆਦਮੀ ਸੀ, ਹਾਲਾਤ ਨੇ ਉਸ ਨੂੰ ਸਧਾਰਨ ਨਹੀਂ ਸੀ ਰਹਿਣ ਦਿੱਤਾ ਤੇ ਉਹ ਦੋ ਦੇਸ਼ਾਂ ਦੇ ਸਬੰਧਾਂ ਵਿਚ ਕੁੜਿੱਤਣ ਦਾ ਇਸ ਤਰ੍ਹਾਂ ਦਾ ਮੁੱਦਾ ਬਣ ਗਿਆ, ਜਿਸ ਬਾਰੇ ਪਾਕਿਸਤਾਨ ਦੇ ਕੱਟੜਪੰਥੀ ਇਹ ਸਮਝਣ ਲੱਗ ਪਏ ਕਿ ਜਿੰਨਾ ਇਸ ਇਕੱਲੇ ਬੰਦੇ ਨੂੰ ਤੰਗ ਕੀਤਾ ਜਾਵੇਗਾ, ਉਨਾ ਹੀ ਭਾਰਤ ਦੇ ਲੋਕ ਚੀਕਾਂ ਮਾਰਨਗੇ। ਉਸ ਉਤੇ ਹੋਇਆ ਜਾਂ ਕਰਵਾਇਆ ਗਿਆ ਜਾਨ-ਲੇਵਾ ਹਮਲਾ ਵੀ ਇਸੇ ਮਾਨਸਿਕਤਾ ਦਾ ਸਬੂਤ ਸੀ। ਸਾਡੇ ਲਈ ਤਸੱਲੀ ਦੀ ਗੱਲ ਇਹ ਹੋ ਸਕਦੀ ਹੈ ਕਿ ਉਥੋਂ ਦਾ ਜਿਹੜਾ ਮੀਡੀਆ ਆਮ ਕਰ ਕੇ ਸਰਬਜੀਤ ਦੇ ਮਾਮਲੇ ਵਿਚ ਸਾਡੇ ਤੋਂ ਟਕਰਾਵਾਂ ਪੱਖ ਲੈਂਦਾ ਰਿਹਾ ਸੀ, ਸਰਬਜੀਤ ਦੇ ਕਤਲ ਦੇ ਮਾਮਲੇ ਵਿਚ ਲਗਭਗ ਉਹੋ ਸਟੈਂਡ ਲੈ ਰਿਹਾ ਹੈ, ਜਿਹੜਾ ਅਸੀਂ ਲੈ ਰਹੇ ਹਾਂ। ਉਸ ਨੇ ਇਸ ਸਬੰਧ ਵਿਚ ਆਪਣੇ ਦੇਸ਼ ਦੇ ਕੱਟੜਪੰਥੀਆਂ ਤੋਂ ਵੀ ਅਤੇ ਆਪਣੀ ਸਰਕਾਰ ਤੋਂ ਵੀ ਵੱਖਰਾ ਸਟੈਂਡ ਲੈ ਕੇ ਠੀਕ ਕੀਤਾ ਤਾਂ ਇਸ ਦੇ ਫੌਰੀ ਬਾਅਦ ਜੰਮੂ ਦੀ ਜੇਲ੍ਹ ਵਿਚ ਪਾਕਿਸਤਾਨੀ ਕੈਦੀ ਸਨਾ-ਉਲਾ ਉਤੇ ਹਮਲੇ ਬਾਰੇ ਭਾਰਤੀ ਮੀਡੀਏ ਅਤੇ ਭਾਰਤੀ ਲੋਕਾਂ ਨੇ ਵੀ ਉਹੋ ਨੀਤੀ ਧਾਰਨ ਕੀਤੀ ਹੈ, ਜਿਹੜੀ ਕਰਨੀ ਚਾਹੀਦੀ ਹੈ। ਕਿਸੇ ਨੇ ਵੀ ਇਸ ਹਮਲੇ ਨੂੰ ਸਰਬਜੀਤ ਵਾਲੇ ਕੇਸ ਨਾਲ ਜੋੜ ਕੇ ਜਾਇਜ਼ ਠਹਿਰਾਉਣ ਦੀ ਬੇਵਕੂਫੀ ਜਾਂ ਬਦਤਮੀਜ਼ੀ ਨਹੀਂ ਕੀਤੀ।

ਪਾਕਿਸਤਾਨ ਦੇ ਅੰਦਰੋਂ ਕੁਝ ਲੋਕਾਂ ਨੇ ਸਰਬਜੀਤ ਦੇ ਮਾਮਲੇ ਨੂੰ ਜਦੋਂ ਅਜਮਲ ਕਸਾਬ ਨਾਲ ਜੋੜਨ ਦੀ ਸੁਰ ਕੱਢੀ ਤਾਂ ਉਥੋਂ ਦਾ ਮੀਡੀਆ ਵੀ ਇਸ ਸੋਚ-ਧਾਰਾ ਦੇ ਨਾਲ ਨਹੀਂ ਤੁਰਿਆ। ਉਂਜ ਵੀ ਇਨ੍ਹਾਂ ਦੋਵਾਂ ਮਾਮਲਿਆਂ ਦੀ ਕੋਈ ਵੀ ਤੁਲਨਾ ਨਹੀਂ ਕੀਤੀ ਜਾ ਸਕਦੀ। ਅਜਮਲ ਕਸਾਬ ਗੋਲੀਆਂ ਚਲਾਉਂਦਾ ਜ਼ਖਮੀ ਹੋਣ ਮਗਰੋਂ ਮੌਕੇ ਉਤੇ ਫੜਿਆ ਗਿਆ ਦਹਿਸ਼ਤਗਰਦ ਸੀ, ਜਿਸ ਕੋਲੋਂ ਆਟੋਮੈਟਿਕ ਹਥਿਆਰ ਵੀ ਮਿਲੇ ਅਤੇ ਸੀ ਸੀ ਟੀ ਵੀ ਕੈਮਰਿਆਂ ਵਿਚ ਉਹ ਸਾਫ ਦਿਖਾਈ ਦਿੰਦਾ ਸੀ, ਜਦ ਕਿ ਸਰਬਜੀਤ ਕੋਲੋਂ ਚਾਕੂ ਤੱਕ ਮਿਲਣ ਦਾ ਪਾਕਿਸਤਾਨ ਦੀ ਪੁਲਿਸ ਦਾਅਵਾ ਨਹੀਂ ਸੀ ਕਰ ਸਕੀ। ਫਿਰ ਵੀ ਜਦੋਂ ਕੁਝ ਲੋਕਾਂ ਨੇ ਉਧਰੋਂ ਇਹੋ ਜਿਹੀ ਸੁਰ ਕੱਢੀ ਤਾਂ ਬਾਕੀ ਪਾਕਿਸਤਾਨੀ ਲੋਕਾਂ ਨੇ ਇਸ ਦੀ ਹਾਮੀ ਨਹੀਂ ਭਰੀ।

ਹੁਣ ਜਦੋਂ ਸਰਬਜੀਤ ਵਾਲਾ ਦੁਖਾਂਤ ਵਾਪਰ ਗਿਆ ਹੈ ਤਾਂ ਬਹੁਤ ਸਾਰੀਆਂ ਨਵੀਆਂ ਸਲਾਹਾਂ ਭਾਰਤ ਵਿਚ ਵੀ ਦਿੱਤੀਆਂ ਜਾਣ ਲੱਗੀਆਂ ਹਨ। ਇਨ੍ਹਾਂ ਵਿਚੋਂ ਇੱਕ ਇਹ ਹੈ ਕਿ ਅੱਗੇ ਤੋਂ ਪਾਕਿਸਤਾਨ ਨਾਲ ਹਰ ਕਿਸਮ ਦੇ ਸਬੰਧ ਖਤਮ ਕਰ ਦਿੱਤੇ ਜਾਣ। ਅੱਗੇ ਕਈ ਵਾਰੀ ਇਹ ਸਬੰਧ ਖਤਮ ਕੀਤੇ ਗਏ, ਪਰ ਸਿੱਟੇ ਬਹੁਤੇ ਖਾਸ ਨਹੀਂ ਸੀ ਨਿਕਲ ਸਕੇ ਤੇ ਕੁਝ ਦੇਰ ਬਾਅਦ ਫਿਰ ਦੋਵਾਂ ਦੇਸ਼ਾਂ ਨੂੰ ਗੱਲਬਾਤ ਦੇ ਮੇਜ਼ ਉਤੇ ਆਉਣਾ ਪਿਆ ਸੀ। ਇੱਕ ਵਾਰੀ ਵਾਜਪਾਈ ਸਰਕਾਰ ਵੇਲੇ ਜਦੋਂ ਸਾਡੀ ਪਾਰਲੀਮੈਂਟ ਉਤੇ ਹਮਲਾ ਹੋਇਆ ਸੀ, ਉਦੋਂ ਵੀ ਇਹੋ ਜਿਹੇ ਹਾਲਾਤ ਬਣ ਗਏ ਸਨ ਅਤੇ ਹਰ ਕਿਸਮ ਦੇ ਸਬੰਧ ਤੋੜ ਲਏ ਗਏ ਸਨ। ਜਿਹੜੀ ਭਾਰਤੀ ਜਨਤਾ ਪਾਰਟੀ ਅੱਜ ਸਭ ਤੋਂ ਤਿੱਖੀ ਸੁਰ ਵਿਚ ਸਖਤ ਸਟੈਂਡ ਲੈਣ ਦੀ ਗੱਲ ਕਰਦੀ ਹੈ, ਉਸ ਨੂੰ ਵੀ ਬਾਅਦ ਵਿਚ ਗੱਲ ਕਰਨੀ ਪਈ ਸੀ।

ਪਾਕਿਸਤਾਨ ਤੇ ਭਾਰਤ ਦਾ ਫਰਕ ਇਹ ਹੈ ਕਿ ਉਸ ਪਾਸੇ ਕੋਈ ਰੂਲ-ਅਸੂਲ ਨਹੀਂ ਤੇ ਅਸੀਂ ਬੰਧੇਜ ਦੇ ਬੱਧੇ ਹੋਏ ਹਾਂ। ਅਸੀਂ ਜਦੋਂ ਇਹ ਕਿਹਾ ਕਿ ਸਰਬਜੀਤ ਦੀ ਮੌਤ ਦਾ ਹਿਸਾਬ ਚਾਹੀਦਾ ਹੈ ਤਾਂ ਉਨ੍ਹਾਂ ਦੀ ਸਰਕਾਰ ਨੇ ਇਸ ਮਕਸਦ ਲਈ ਇੱਕ ਜਾਂਚ ਕਮੇਟੀ ਬਿਠਾ ਦਿੱਤੀ ਹੈ, ਪਰ ਭਾਰਤ ਦੀ ਤਸੱਲੀ ਕਰਵਾਉਣ ਦੀ ਜ਼ਿੰਮੇਵਾਰੀ ਪਾਕਿਸਤਾਨ ਦੀ ਮੌਜੂਦਾ ਸਰਕਾਰ ਕਦੇ ਵੀ ਨਹੀਂ ਨਿਭਾ ਸਕਦੀ। ਇਸ ਦਾ ਕਾਰਨ ਇਹ ਹੈ ਕਿ ਉਹ ਸਰਕਾਰ ਹੁੰਦੇ ਹੋਏ ਵੀ ਮੁਕੰਮਲ ਸਰਕਾਰ ਨਹੀਂ, ਕੰਮ-ਚਲਾਊ ਢਾਂਚੇ ਵਰਗੀ ਹੈ, ਜਿਸ ਨੇ 11 ਮਈ ਨੂੰ ਕੌਮੀ ਅਸੈਂਬਲੀ ਦੀਆਂ ਚੋਣਾਂ ਹੁੰਦੇ ਸਾਰ ਪਾਸੇ ਹਟ ਜਾਣਾ ਹੈ। ਉਹ ਤਾਂ ਆਪਣੇ ਦੇਸ਼ ਦੀ ਸੁਪਰੀਮ ਕੋਰਟ ਨੂੰ ਵੀ ਲਿਖਤੀ ਸਪਸ਼ਟੀਕਰਨ ਭੇਜ ਚੁੱਕੀ ਹੈ ਕਿ ਉਹ ਕੰਮ-ਚਲਾਊ ਸਰਕਾਰ ਹੈ ਅਤੇ ਨੀਤੀ ਨਾਲ ਸਬੰਧਤ ਫੈਸਲੇ ਲੈਣ ਦਾ ਉਸ ਨੂੰ ਕੋਈ ਹੱਕ ਨਹੀਂ ਹੈ। ਫੇਰ ਉਹ ਸਰਬਜੀਤ ਦੇ ਕੇਸ ਬਾਰੇ ਕੀ ਕਰੇਗੀ?



ਸਰਬਜੀਤ ਦੀ ਇਕ ਪੁਰਾਣੀ ਤਸਵੀਰ

ਪਾਕਿਸਤਾਨ ਦੇ ਅੰਦਰੂਨੀ ਹਾਲਾਤ ਇਹ ਹਨ ਕਿ ਉਨ੍ਹਾਂ ਦਾ ਇੱਕ ਸਾਬਕਾ ਰਾਸ਼ਟਰਪਤੀ ਇਸ ਵਕਤ ਦੇਸ਼-ਧਰੋਹ ਦੇ ਦੋਸ਼ ਦਾ ਸਾਹਮਣਾ ਕਰ ਰਿਹਾ ਹੈ। ਭਾਰਤ ਵਿਚ ਨਾ ਏਦਾਂ ਦੀ ਗੱਲ ਕਦੀ ਹੋਈ ਤੇ ਨਾ ਹੋਣ ਦੀ ਸੰਭਾਵਨਾ ਹੈ। ਆਪਣੀ ਹੋਂਦ ਦੇ ਪਿਛਲੇ 66 ਸਾਲਾਂ ਵਿਚੋਂ ਅੱਧਾ ਸਮਾਂ ਉਹ ਦੇਸ਼ ਆਪਣੀ ਉਸ ਫੌਜ ਦੇ ਜਰਨੈਲਾਂ ਦੇ ਠੁੱਡੇ ਖਾਂਦਾ ਰਿਹਾ ਹੈ, ਜਿਹੜੀ ਹੱਦਾਂ ਉਤੇ ਲੜਨ ਲਈ ਜਦੋਂ ਵੀ ਗਈ, ਹਮੇਸ਼ਾ ਕੁੱਟ ਖਾ ਕੇ ਪਰਤੀ ਹੈ। ਜੇਲ੍ਹ ਵਿਚ ਤਾੜਿਆ ਹੋਇਆ ਸਾਬਕਾ ਰਾਸ਼ਟਰਪਤੀ ਕਿਉਂਕਿ ਫੌਜ ਦਾ ਸਾਬਕਾ ਮੁਖੀ ਵੀ ਹੈ ਤੇ ਫੌਜ ਇਹ ਕਹਿ ਰਹੀ ਹੈ ਕਿ ਉਹ ਆਪਣੇ ਸਾਬਕਾ ਜਰਨੈਲ ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰੇਗੀ, ਇਸ ਲਈ ਇਸ ਵਕਤ ਚੋਣਾਂ ਦੇ ਦੌਰਾਨ ਵੀ ਉਥੋਂ ਦੇ ਲੋਕ ਇਸ ਚਿੰਤਾ ਵਿਚ ਪਏ ਹੋਏ ਹਨ ਕਿ ਫੌਜ ਮੁੜ ਕੇ ਦੇਸ਼ ਦੀ ਹਕੂਮਤ ਸਾਂਭ ਸਕਦੀ ਹੈ। ਫੌਜੀ ਰਾਜ ਦੀ ਤਲਵਾਰ ਉਥੋਂ ਦੇ ਲੋਕਤੰਤਰ ਦੇ ਸਿਰ ਉਤੇ ਕੱਚੀ ਤੰਦ ਨਾਲ ਲਟਕ ਰਹੀ ਹੈ। ਇਹੋ ਜਿਹੇ ਗਵਾਂਢੀ ਦੇਸ਼ ਨਾਲ ਦਿਨ ਕੱਟਣ ਲਈ ਕਾਫੀ ਸਮਝਦਾਰੀ ਦੀ ਲੋੜ ਹੈ।

ਕਦੀ ਲਿਬਨਾਨ ਦੁਨੀਆਂ ਦੇ ਤਰੱਕੀ ਕਰ ਰਹੇ ਦੇਸ਼ਾਂ ਵਿਚ ਹੁੰਦਾ ਸੀ, ਪਰ ਹੁਣ ਇੱਦਾਂ ਦੀ ਗੜਬੜ ਦਾ ਸ਼ਿਕਾਰ ਹੈ ਕਿ ਕਿਸੇ ਦੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਜਿਨ੍ਹਾਂ ਧਿਰਾਂ ਨੇ ਲਿਬਨਾਨ ਦਾ ਇਹ ਹਾਲ ਕੀਤਾ ਹੈ, ਪਾਕਿਸਤਾਨ ਵਿਚ ਵੀ ਇਸ ਵਕਤ ਉਨ੍ਹਾਂ ਹੀ ਦੋਵਾਂ ਧਿਰਾਂ ਦਾ ਭੇੜ ਚੱਲ ਰਿਹਾ ਹੈ। ਇੱਕ ਪਾਸੇ ਮਹਾਂ-ਸ਼ਕਤੀ ਹੋਣ ਦਾ ਘੁਮੰਡ ਰੱਖੀ ਫਿਰਦਾ ਅਮਰੀਕਾ ਹੈ, ਜਿਹੜਾ ਸਾਰੀ ਦੁਨੀਆਂ ਦੇ ਲੋਕਤੰਤਰ ਦਾ ਸਰਪ੍ਰਸਤ ਵੀ ਆਪਣੇ ਆਪ ਨੂੰ ਬਣਾਈ ਫਿਰਦਾ ਹੈ। ਦੂਸਰੇ ਪਾਸੇ ਉਹ ਕੱਟੜਪੰਥੀ ਹਨ, ਜਿਹੜੇ ਲੋਕਤੰਤਰ ਨੂੰ ਵੀ ਕੁਫਰ ਮੰਨਦੇ ਹਨ। ਇਨ੍ਹਾਂ ਦੋਵਾਂ ਦੇ ਭੇੜ ਵਿਚ ਪਾਕਿਸਤਾਨੀ ਲੋਕਾਂ ਦੀ ਹਾਲਤ ਸ਼ੇਰ ਤੇ ਬਘਿਆੜ ਵਿਚਾਲੇ ਫਸੇ ਹੋਏ ਮੇਮਣੇ ਵਾਲੀ ਬਣੀ ਪਈ ਹੈ।

ਭਾਰਤ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਸਮੱਸਿਆ ਤਾਂ ਗੰਭੀਰਤਾ ਤੋਂ ਸੱਖਣੀ ਰਾਜਨੀਤੀ ਦੀ ਹੈ। ਇਸ ਦੇਸ਼ ਵਿਚ ਇੱਕ ਪਾਰਟੀ ਇਹੋ ਜਿਹੀ ਹੈ, ਜਿਹੜੀ ਹਰ ਵਕਤ ਕਿਸੇ ਨਾ ਕਿਸੇ ਨਾਲ ਜੰਗ ਲਾਉਣ ਲਈ ਸਰਕਾਰ ਨੂੰ ਉਕਸਾਉਂਦੀ ਰਹਿੰਦੀ ਹੈ। ਇਹੋ ਇੱਕ ਰਾਗ ਅਲਾਪਣਾ ਉਸ ਦੀ ਨੀਤੀ ਦਾ ਹਿੱਸਾ ਬਣ ਗਿਆ ਹੈ ਕਿ ਦੇਸ਼ ਦੀ ਸਰਕਾਰ ਕਮਜ਼ੋਰ ਹੈ ਤੇ ਇਹ ਕਾਸੇ ਜੋਗੀ ਨਾ ਹੋਣ ਕਰ ਕੇ ਗਵਾਂਢ ਦੇ ਦੇਸ਼ ਭਾਰਤ ਵਿਰੁਧ ਸਾਜ਼ਿਸ਼ਾਂ ਕਰ ਰਹੇ ਹਨ। ਉਸ ਪਾਰਟੀ ਨੂੰ ਪਾਕਿਸਤਾਨ ਹੀ ਨਹੀਂ, ਚੀਨ ਵੀ ਚੁਭਦਾ ਹੈ ਤੇ ਬੰਗਲਾ ਦੇਸ਼ ਵੀ ਰੜਕਦਾ ਹੈ। ਇੱਕ ਹੋਰ ਪਾਰਟੀ ਇਸ ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿਚ ਰਾਜ ਕਰਦੀ ਹੈ ਅਤੇ ਉਸ ਪਾਰਟੀ ਦਾ ਮੁਖੀ ਇਹ ਕਹਿੰਦਾ ਹੈ ਕਿ ਚੀਨ ਦੀ ਫੌਜ ਨੂੰ ਕੁੱਟ ਕੇ ਪਿੱਛੇ ਧੱਕ ਦੇਣਾ ਚਾਹੀਦਾ ਹੈ, ਜੇ ਇਸ ਕਾਰਨ ਜੰਗ ਵੀ ਲੱਗਦੀ ਹੈ ਤਾਂ ਲੱਗ ਜਾਣ ਦਿਓ ਪਰ ਇਹ ਦੱਸ ਦਿਓ ਕਿ ਭਾਰਤ ਇੱਕ ਤਾਕਤ ਹੈ। ਆਪ ਉਸ ਦੀ 'ਤਾਕਤ' ਏਨੀ ਕੁ ਹੈ ਕਿ ਜਦੋਂ ਇਹ ਬਿਆਨ ਦਿੱਤਾ ਤਾਂ ਕੇਂਦਰ ਦੇ ਦੋ ਮੰਤਰੀਆਂ ਨੇ ਜਾ ਕੇ ਸਮਝਾਇਆ ਤੇ ਸ਼ਾਮ ਹੋਣ ਤੱਕ ਉਸ ਨੇ ਆਪਣੀ ਬੋਲੀ ਬਦਲ ਲਈ। ਮੀਡੀਆ ਇਹ ਕਹਿ ਰਿਹਾ ਹੈ ਕਿ ਉਸ ਆਗੂ ਨੂੰ ਅਗਲੇ ਹਫਤੇ ਭ੍ਰਿਸ਼ਟਾਚਾਰ ਦੇ ਉਸ ਦੇ ਮੁਕੱਦਮੇ ਦੇ ਹਵਾਲੇ ਨਾਲ ਇਹ ਗੱਲ 'ਸਮਝਾਈ ਗਈ' ਸੀ। ਇਹ ਗੱਲ ਹੋਵੇ ਤਾਂ ਉਹ ਵੀ ਸਾਊ ਨਹੀਂ ਤੇ ਉਸ ਨੂੰ 'ਸਮਝਾਉਣ ਵਾਲੇ' ਵੀ ਸਲਾਹੁਣ ਵਾਲੇ ਨਹੀਂ ਕਹੇ ਜਾ ਸਕਦੇ। ਜੇ ਦੇਸ਼ ਨੇ ਇਹੋ ਜਿਹੇ ਲੀਡਰਾਂ ਦੇ ਆਖੇ ਚੱਲਣਾ ਹੈ ਤਾਂ ਇਹ ਰੋਜ਼ ਕਿਸੇ ਨਾ ਕਿਸੇ ਨਾਲ ਸਿੰਗ ਫਸਾਈ ਰੱਖਿਆ ਕਰੇਗਾ ਤੇ ਹੌਲੀ-ਹੌਲੀ ਉਸੇ ਘੁੰਮਣਘੇਰੀ ਵਿਚ ਫਸਦਾ ਜਾਵੇਗਾ, ਜਿਸ ਵਿਚ ਪਾਕਿਸਤਾਨ ਵੀ ਫਸਿਆ ਪਿਆ ਹੈ ਤੇ ਬੰਗਲਾ ਦੇਸ਼ ਵੀ ਬਦਅਮਨੀ ਦਾ ਸ਼ਿਕਾਰ ਹੋਇਆ ਸਾਫ ਦਿੱਸਦਾ ਹੈ।

ਸਾਨੂੰ ਇੱਕ ਗੱਲ ਉਹ ਯਾਦ ਕਰਨੀ ਚਾਹੀਦੀ ਹੈ, ਜਿਹੜੀ ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਅਕਸਰ ਆਖਿਆ ਕਰਦੇ ਸਨ ਕਿ ਦੋਸਤ-ਮਿੱਤਰ ਮਰਜ਼ੀ ਦੇ ਚੁਣੇ ਜਾ ਸਕਦੇ ਹਨ, ਰਿਸ਼ਤੇਦਾਰ ਅਤੇ ਗਵਾਂਢੀ ਮਰਜ਼ੀ ਦੇ ਨਹੀਂ ਚੁਣੇ ਜਾ ਸਕਦੇ। ਇਹ ਸਾਰੇ ਦੇਸ਼ ਜਿਹੋ ਜਿਹੇ ਵੀ ਹਾਲਾਤ ਵਿਚੋਂ ਲੰਘ ਰਹੇ ਹੋਣ, ਉਨ੍ਹਾਂ ਨੂੰ ਅਸੀਂ ਭਾਰਤ ਦੇ ਗਵਾਂਢੋਂ ਚੁੱਕ ਕੇ ਕਿਸੇ ਹੋਰ ਥਾਂ ਨਹੀਂ ਰੱਖ ਸਕਦੇ ਤੇ ਆਪਣੇ ਦੇਸ਼ ਨੂੰ ਖਿਸਕਾ ਕੇ ਕਿਸੇ ਹੋਰ ਥਾਂ ਲਿਜਾ ਸਕਣ ਵਰਗੀ ਕੋਈ ਸੰਭਾਵਨਾ ਨਹੀਂ ਹੋ ਸਕਦੀ। ਦੋਵਾਂ ਧਿਰਾਂ ਨੂੰ ਇੱਕ ਦੂਸਰੇ ਦੇ ਕੋਲ ਹੀ ਰਹਿਣਾ ਪੈਣਾ ਹੈ। ਇਸ ਦੌਰਾਨ ਜਿੰਨੀਆਂ ਵੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦੇ ਹੱਲ ਕੱਢਣ ਵਾਸਤੇ ਇੱਕਸੁਰਤਾ ਦੀ ਲੋੜ ਹੈ, ਉਨ੍ਹਾਂ ਉਕਸਾਹਟਾਂ ਦੀ ਨਹੀਂ, ਜਿਹੜੀਆਂ ਸਿਰਫ ਰਾਜਸੀ ਚਾਂਦਮਾਰੀ ਖਾਤਰ ਦਿੱਤੀਆਂ ਜਾਂਦੀਆਂ ਹਨ। ਜਿਸ ਕਿਸੇ ਨੇ ਸਰਕਾਰ ਬਾਰੇ ਇੱਦਾਂ ਦੀ ਗੱਲ ਕਹਿਣੀ ਹੈ ਕਿ ਉਹ ਕੁਝ ਕਰਦੀ ਨਹੀਂ, ਉਸ ਨੂੰ ਪਹਿਲਾਂ ਆਪਣੇ ਬਾਰੇ ਉਠਦੇ ਐਨ ਇਹੋ ਜਿਹੇ ਕਈ ਮੁੱਦਿਆਂ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਪਵੇਗਾ।

ਮਿਸਾਲ ਦੇ ਤੌਰ ਉਤੇ ਇਸ ਵਾਰੀ ਜਨਤਕ ਬਹਿਸ ਵਿਚ ਇੱਕ ਭਾਜਪਾ ਆਗੂ ਨੇ ਇਹ ਕਿਹਾ ਕਿ ਜੇ ਭਾਰਤ ਸਰਕਾਰ ਸਖਤ ਸਟੈਂਡ ਲੈਂਦੀ ਤਾਂ ਸਰਬਜੀਤ ਨੂੰ ਬਚਾਇਆ ਜਾ ਸਕਦਾ ਸੀ। ਅੱਗੋਂ ਕਿਸੇ ਨੇ ਇਹ ਪੁੱਛ ਲਿਆ ਕਿ ਜੇ ਤੁਹਾਡੀ ਸਰਕਾਰ ਹੁੰਦੀ ਤਾਂ ਕੀ ਕਰਦੇ, ਕੀ ਤੁਸੀਂ ਇਸ ਮੁੱਦੇ ਉਤੇ ਜੰਗ ਲਾ ਦਿੰਦੇ? ਉਸ ਆਗੂ ਦਾ ਜਵਾਬ ਸੀ ਕਿ ਸਾਡੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨਾਲ ਸਿੱਧੀ ਗੱਲ ਕਰਨੀ ਸੀ। ਜਵਾਬ ਵਿਚ ਕਾਂਗਰਸ ਦੇ ਬੁਲਾਰੇ ਨੇ ਸੂਚੀ ਗਿਣਾ ਦਿੱਤੀ ਕਿ ਸਰਬਜੀਤ ਦਾ ਮੁੱਦਾ ਇਸ ਪੱਧਰ ਦੀ ਗੱਲਬਾਤ ਵਿਚ ਕਿੰਨੀ ਵਾਰੀ ਉਠਾਇਆ ਗਿਆ ਸੀ ਤੇ ਨਾਲ ਇਹ ਵੀ ਦੱਸ ਦਿੱਤਾ ਕਿ ਵਾਜਪਾਈ-ਮੁਸ਼ੱਰਫ ਦੀ ਆਗਰਾ ਗੱਲਬਾਤ ਵੇਲੇ ਇਹ ਮੁੱਦਾ ਭਾਜਪਾ ਸਰਕਾਰ ਨੇ ਆਪਣੀ ਸੂਚੀ ਵਿਚ ਰੱਖਿਆ ਹੀ ਨਹੀਂ ਸੀ, ਹਾਲਾਂਕਿ ਸਰਬਜੀਤ ਦੀ ਅਪੀਲ ਨਵਾਜ਼ ਸ਼ਰੀਫ ਦੇ ਵੇਲੇ ਹੀ ਰੱਦ ਕੀਤੀ ਜਾ ਚੁੱਕੀ ਸੀ। ਭਾਜਪਾ ਆਗੂ ਨੇ ਦੂਸਰਾ ਸਵਾਲ ਉਛਾਲ ਦਿੱਤਾ ਕਿ ਭਾਰਤ ਦੇ ਫੌਜੀ ਹੇਮ ਰਾਜ ਦਾ ਸਿਰ ਲਾਹ ਕੇ ਪਾਕਿਸਤਾਨ ਵਾਲੇ ਲੈ ਗਏ, ਮਨਮੋਹਨ ਸਿੰਘ ਦੀ ਸਰਕਾਰ ਉਸ ਦਾ ਸਿਰ ਹੀ ਵਾਪਸ ਨਹੀਂ ਲਿਆ ਸਕੀ ਤਾਂ ਹੋਰ ਕੀ ਕਰੇਗੀ? ਸਾਹਮਣੇ ਬੈਠੇ ਆਮ ਲੋਕਾਂ ਵਿਚੋਂ ਕਿਸੇ ਨੇ ਜਵਾਬੀ ਸਵਾਲ ਉਛਾਲ ਦਿੱਤਾ ਕਿ ਵਾਜਪਾਈ ਸਰਕਾਰ ਵੇਲੇ ਭਾਰਤ ਦੇ ਕੈਪਟਨ ਸੌਰਭ ਕਾਲੀਆ ਦੀਆਂ ਅੱਖਾਂ ਕੱਢ ਕੇ ਪਾਕਿਸਤਾਨੀ ਫੌਜ ਨੇ ਲਾਸ਼ ਤੁਹਾਨੂੰ ਦਿੱਤੀ ਸੀ, ਉਸ ਦੀਆਂ ਅੱਖਾਂ ਤੁਹਾਡੀ ਸਰਕਾਰ ਕਿਉਂ ਨਹੀਂ ਸੀ ਲਿਆ ਸਕੀ?

ਜੇ ਇਹੋ ਜਿਹੇ ਸਵਾਲਾਂ ਵਿਚ ਹੀ ਉਲਝੇ ਰਹਿਣਾ ਹੋਵੇ ਤਾਂ ਸਵਾਲਾਂ ਦੀ ਇੱਕ ਲੰਮੀ ਸੂਚੀ ਕੋਈ ਵੀ ਪੇਸ਼ ਕਰ ਸਕਦਾ ਹੈ, ਪਰ ਜੇ ਹਕੀਕਤਾਂ ਨੂੰ ਸਮਝ ਕੇ ਚੱਲਣਾ ਹੋਵੇ, ਫਿਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਗਵਾਂਢੀ ਦੇਸ਼ ਵਿਚ ਜਿਹੜੇ ਹਾਲਾਤ ਬਣ ਰਹੇ ਹਨ, ਉਨ੍ਹਾਂ ਦੀ ਲਾਗ ਤੋਂ ਭਾਰਤ ਨੂੰ ਕਿਵੇਂ ਬਚਾਇਆ ਜਾਵੇ? ਅਸੀਂ ਆਪਣੇ ਦੇਸ਼ ਦੀ ਚਿੰਤਾ ਕਰੀਏ ਤਾਂ ਅਕਲ ਇਹੋ ਕਹਿੰਦੀ ਹੈ ਕਿ ਉਸ ਗਵਾਂਢ ਨਾਲ ਉਲਝਣ ਤੋਂ ਬਚਣ ਦਾ ਹਰ ਯਤਨ ਹਰ ਸਮੇਂ ਕੀਤਾ ਜਾਣਾ ਚਾਹੀਦਾ ਹੈ, ਜਿਸ ਦੇ ਆਪਣੇ ਘਰ ਵਿਚ ਸੁੱਖ-ਸਾਂਦ ਨਹੀਂ। ਇਸ ਦੀ ਥਾਂ ਇਹੋ ਸਮਾਂ ਭਾਰਤ ਦੇ ਅੰਦਰ ਦੀਆਂ ਸਮੱਸਿਆਵਾਂ ਤੇ ਮੁੱਦਿਆਂ ਨੂੰ ਸੁਲਝਾਉਣ ਵੱਲ ਲਾਇਆ ਜਾਣਾ ਚਾਹੀਦਾ ਹੈ। ਮਾਰੂਥਲ ਵਿਚਾਲੇ ਜਿਹੜੀ ਕੁਝ ਥਾਂ ਹਰੀ-ਭਰੀ ਬਚੀ ਹੋਈ ਹੋਵੇ, ਉਸ ਨੂੰ 'ਨਖਲਸਤਾਨ' ਕਿਹਾ ਜਾਂਦਾ ਹੈ। ਜਿਹੋ ਜਿਹੇ ਗਵਾਂਢੀ ਦੇਸ਼ਾਂ ਦੇ ਵਿਚਾਲੇ ਭਾਰਤ ਦੇਸ਼ ਫਸਿਆ ਪਿਆ ਹੈ, ਉਨ੍ਹਾਂ ਵਿਚੋਂ ਕਿਸੇ ਦੇ ਹਾਲਾਤ ਵੀ ਠੀਕ ਨਹੀਂ। ਵਿਚਾਲੇ ਖੜਾ ਇਹ ਨਖਲਸਤਾਨ ਕਈਆਂ ਦੀ ਅੱਖ ਵਿਚ ਰੜਕਦਾ ਹੈ। ਜੇ ਅਸੀਂ ਉਕਸਾਹਟਾਂ ਦਾ ਸ਼ਿਕਾਰ ਹੋ ਕੇ ਭੜਕ ਪਏ ਤਾਂ ਨੁਕਸਾਨ ਉਨ੍ਹਾਂ ਦਾ ਨਹੀਂ, ਇਸ ਨਖਲਸਤਾਨ ਦਾ ਹੀ ਹੋਣਾ ਹੈ।

**Punjab Times**
*Ph: 847-359-0746*
*Visit us on the web:*
***punjabtimesusa.com***

**Apartments For Rent**

**2 &1 Bedroom Apartments, Wappingers Falls, NY**
**RT 9 Brookside Garden Apts**
**Excellent location, Near Shopping, Transportation, IBM**
**Everything included Except electricity**

***Call for an appointment***
**Ph:845-632-6665 or 845-632-1518**

**OKKJI Transfer LLC.**
**15238 Radiance Dr., Noblesville, IN, 46060**

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ
ਸੰਪਰਕ ਕਰੋ:
**Toll Free: 1-855-966-5554**
Manny Sandhu: 317-603-1000, Sam Bhullar: 732-486-9045
Fax: 317-774-9665

ਪੰਜਾਬ ਟਾਈਮਜ਼

ਸਨਿਚਰਵਾਰ, 11 ਮਈ 2013

# ਸਰਬਜੀਤ, ਸਿਆਸਤ ਅਤੇ ਸੱਚ

ਪਾਕਿਸਤਾਨ ਵਿਚ ਸਰਬਜੀਤ ਸਿੰਘ ਦੇ ਕਤਲ ਨੇ ਲੋਕਾਂ ਨੂੰ ਬਹੁਤ ਸਾਰੇ ਸਵਾਲਾਂ ਦੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਉਸ ਨੂੰ ਸ਼ਹੀਦ ਦਾ ਦਰਜਾ ਦੇਣ ਤੋਂ ਬਾਅਦ ਤਾਂ ਸਵਾਲਾਂ ਦੀ ਕਤਾਰ ਹੋਰ ਵੀ ਲੰਮੀ ਹੋ ਗਈ ਜਾਪਦੀ ਹੈ। ਇਨ੍ਹਾਂ ਸਵਾਲਾਂ ਦੀ ਇਕ ਲੜੀ ਬਦਲਾਖੋਰੀ ਨਾਲ ਜਾ ਜੁੜਦੀ ਹੈ। ਅਸਲ ਵਿਚ ਇਹ ਬਦਲਾਖੋਰੀ ਹੀ ਉਹ ਮੁੱਦਾ ਹੈ ਜਿਸ ਦੀ ਕੋਈ ਵੀ ਤੰਦ ਅੱਜ ਤੱਕ ਕਿਸੇ ਦੇ ਹੱਥ ਨਹੀਂ ਆਈ। ਇਹ ਤੰਦਾਂ ਤਕਰੀਬਨ ਛੇ ਦਹਾਕੇ ਪਹਿਲਾਂ ਹੋਂਦ ਵਿਚ ਆਏ ਪਾਕਿਸਤਾਨ ਨਾਲ ਸਿੱਧੀਆਂ ਜੁੜੀਆਂ ਹੋਈਆਂ ਹਨ। ਉਦੋਂ ਹਮਸਾਏ ਮਾਂ-ਪਿਉ ਜਾਏ ਰਾਤੋ-ਰਾਤ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸਨ ਅਤੇ ਦੇਖਦਿਆਂ-ਦੇਖਦਿਆਂ ਸੰਸਾਰ ਦੇ ਸਭ ਤੋਂ ਭਿਆਨਕ ਹਾਦਸਿਆਂ ਵਿਚੋਂ ਇਕ ਪੰਜਾਬ ਦੀ ਧਰਤੀ ਉਤੇ ਵਾਪਰ ਗਿਆ। ਇਸ ਦੀਆਂ ਚੀਸਾਂ ਅੱਜ ਤੱਕ ਵੀ ਮੱਠੀਆਂ ਨਹੀਂ ਪਈਆਂ, ਸਗੋਂ ਇਹ ਦਰਦ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦਾ ਗਿਆ ਹੈ। ਦੋ-ਢਾਈ ਦਹਾਕੇ ਪਹਿਲਾਂ ਭਿੱਖੀਵਿੰਡ ਦੇ ਸਾਧਾਰਨ ਜਿਹੇ ਟੱਬਰ ਦਾ ਨੌਜਵਾਨ ਸਰਬਜੀਤ ਸਿੰਘ ਬਦਲਾਖੋਰੀ ਦੀ ਵਿਛਾਈ ਜਾ ਚੁੱਕੀ ਉਸੇ ਬਿਸਾਤ ਦਾ ਹਿੱਸਾ ਬਣ ਗਿਆ। ਕੁਝ ਸਮੇਂ ਬਾਅਦ ਜਦੋਂ ਉਹ ਲਹਿੰਦੇ ਪੰਜਾਬ ਵਿਚ ਕਸੂਰ ਲਾਗਿਉਂ ਫੜਿਆ ਗਿਆ ਤਾਂ ਉਸ ਉਤੇ 14 ਬੇਕਸੂਰ ਲੋਕਾਂ ਨੂੰ ਮਾਰਨ ਦੇ ਦੋਸ਼ ਸਨ। ਸਰਬਜੀਤ ਸਿੰਘ ਦੀ ਇਨ੍ਹਾਂ ਬੇਕਸੂਰ ਲੋਕਾਂ ਨਾਲ ਸਿੱਧੀ ਕੋਈ ਦੁਸ਼ਮਣੀ ਨਹੀਂ ਸੀ, ਬੱਸ ਉਹ ਅਚੇਤ-ਸੁਚੇਤ ਉਨ੍ਹਾਂ ਤੰਦਾਂ ਦੇ ਤਾਣੇ ਵਿਚ ਸਹਿਜੇ ਹੀ ਫਿਟ ਕਰ ਦਿੱਤਾ ਗਿਆ ਸੀ ਜਿਸ ਵਿਚ ਦੋਵੇਂ ਗੁਆਂਢੀ ਮੁਲਕ ਦਹਾਕਿਆਂ ਤੋਂ ਫਸੇ ਹੋਏ ਹਨ। ਇਸੇ ਕੜੀ ਵਿਚ ਪਾਕਿਸਤਾਨ ਵਿਚ ਜੰਮਿਆ ਨੌਜਵਾਨ ਅਜਮਲ ਕਸਾਬ ਅਤੇ ਕਸ਼ਮੀਰ ਵਿਚ ਪਲਿਆ-ਵਧਿਆ ਅਫਜ਼ਲ ਗੁਰੂ ਆਉਂਦਾ ਹੈ। ਇਹ ਕੜੀ ਬਹੁਤ ਲੰਮੀ ਸੂਚੀ ਦਾ ਇਕ ਨਿੱਕਾ ਜਿਹਾ ਅੰਗ ਮਾਤਰ ਹੈ। ਇਹ ਅਸਲ ਵਿਚ ਬੰਦੇ ਦੀ ਹੋਣੀ ਦੀ ਕੋਈ ਦਰਦਨਾਕ ਬਾਤ ਹੈ ਜਿਹੜੀ ਰੁਕਣ ਦਾ ਨਾਂ ਨਹੀਂ ਲੈ ਰਹੀ। ਇਹ ਸਭ ਦੇ ਸਾਹਮਣੇ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੀ ਹੈ, ਪਰ ਇਸ ਨੂੰ ਠੱਲ੍ਹ ਪਾਉਣ ਵਾਲੀ ਆਵਾਜ਼ ਉਸ ਰੂਪ ਵਿਚ ਬੁਲੰਦ ਨਹੀਂ ਹੋ ਰਹੀ ਜਿਸ ਰੂਪ ਵਿਚ ਹੋਣੀ ਚਾਹੀਦੀ ਸੀ। ਜਿਹੜੇ ਇਸ ਬਾਰੇ ਸੋਚਦੇ ਹਨ, ਉਨ੍ਹਾਂ ਦੀ ਇਸ ਤੰਦ-ਤਾਣੇ ਵਿਚ ਕੋਈ ਵੱਟੀ ਨਹੀਂ ਜਾਂਦੀ। ਇਹ ਆਵਾਮ ਦਾ ਉਹ ਹਿੱਸਾ ਹੈ ਜਿਹੜਾ ਚਾਰ ਦਿਨ ਤੜਫ-ਕੁਰਲਾ ਕੇ ਆਪਣੀਆਂ ਆਂਦਰਾਂ ਨੂੰ ਠਾਰਨ ਦਾ ਭਰਮ ਪਾਲ ਲੈਂਦਾ ਹੈ। ਉਸ ਦਾ ਇਹ ਭਰਮ ਵਾਰ-ਵਾਰ ਟੁੱਟਦਾ ਹੈ, ਪਰ ਸ਼ਾਇਦ ਚੰਗੀ ਗੱਲ ਵੀ ਇਹੀ ਹੈ ਕਿ ਇਹ ਭਰਮ ਅਜੇ ਤੱਕ ਬਰਕਰਾਰ ਹੈ। ਇਸ ਭਰਮ ਵਿਚ ਹੀ ਮਨੁੱਖੀ ਜ਼ਿੰਦਗੀ ਦੇ ਜਲੌਅ ਦਾ ਸੱਚ ਲੁਕਿਆ ਹੋਇਆ ਹੈ।

ਪਿਛਲਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ 1947 ਦੀ ਵੰਡ ਸਮੇਂ ਇਸੇ ਸੱਚ ਨੂੰ ਟੁੱਕਿਆ ਗਿਆ ਸੀ, ਪਰ ਇਹ ਸਮੇਂ ਦੀ ਹੀ ਕੋਈ ਸਿਤਮਜ਼ਰੀਫੀ ਹੈ ਕਿ ਹੁਣ ਇਸੇ ਸੱਚ ਨੂੰ ਇਕ ਵਾਰ ਫਿਰ ਟੁੱਕਿਆ ਜਾ ਰਿਹਾ ਹੈ। ਸਰਬਜੀਤ ਸਿੰਘ ਦੇ ਟੱਬਰ ਦਾ ਦਰਦ ਬਿਨਾਂ ਸ਼ੱਕ ਬਹੁਤ ਵੱਡਾ ਹੈ, ਪਰ ਸਰਬਜੀਤ ਦੀ ਜ਼ਿੰਦਗਾਨੀ ਲਈ ਕਈ ਸਾਲਾਂ ਤੋਂ ਵਿਲਕ ਰਹੀ ਉਸ ਦੀ ਭੈਣ ਦਾ ਜਿਹੜਾ ਰੰਗ ਸਰਬਜੀਤ ਸਿੰਘ ਮੌਤ ਤੋਂ ਬਾਅਦ ਸਾਹਮਣੇ ਆਇਆ ਹੈ, ਉਹ ਧਿਆਨ ਦੀ ਵਧੇਰੇ ਮੰਗ ਕਰਦਾ ਹੈ; ਕਿਉਂਕਿ ਜਿਸ ਸੱਚ ਦੀ ਰਾਖੀ ਲਈ ਆਵਾਮ ਦਾ ਵੱਡਾ ਹਿੱਸਾ ਦਿਆਨਤਦਾਰੀ ਨਾਲ ਇੰਨੇ ਸਾਲਾਂ/ਦਹਾਕਿਆਂ ਤੋਂ ਤੰਦਾਂ ਦੀ ਸਾਂਝ ਵਧਾਉਣ ਵਿਚ ਲੱਗਿਆ ਹੋਇਆ ਹੈ, ਇਸ ਦੁਖਿਆਰੀ ਭੈਣ ਦੇ ਹੰਝੂਆਂ ਅਤੇ ਹਉਕਿਆਂ ਦੀ ਭੇਟ ਚੜ੍ਹ ਚੱਲਿਆ ਹੈ। ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਨੇ ਕਿਹਾ ਹੈ ਕਿ ਉਹ ਭਾਰਤ ਵਿਚ ਧੜਾ-ਧੜ ਆ ਰਹੇ ਪਾਕਿਸਤਾਨੀ ਅਦਾਕਾਰਾਂ, ਗਾਇਕਾਂ ਅਤੇ ਹੋਰ ਕਲਾਕਾਰਾਂ ਦੀ ਆਮਦ ਰੋਕਣ ਲਈ ਮੁੰਬਈ ਜਾ ਕੇ ਮੋਰਚਾ ਲਾਵੇਗੀ। ਭੈਣ ਦਲਬੀਰ ਦੀ ਇਹ ਭਾਸ਼ਾ ਉਨ੍ਹਾਂ ਸ਼ਿਵ ਸੈਨਿਕਾਂ ਨਾਲ ਜਾ ਜੁੜੀ ਹੈ ਜਿਨ੍ਹਾਂ ਦੀ ਸਿਆਸਤ ਫਿਰਕੂ ਪਾੜਾ ਵਧਾ ਕੇ ਹੀ ਚੱਲਦੀ ਹੈ। ਮੁੰਬਈ ਵਿਚ ਜਿਸ ਤਰ੍ਹਾਂ ਦੀ ਸਰਗਰਮੀ ਅਤੇ ਸਿਆਸਤ ਸ਼ਿਵ ਸੈਨਾ ਪਿਛਲੇ ਕਈ ਦਹਾਕਿਆਂ ਤੋਂ ਚਲਾ ਰਹੀ ਹੈ, ਉਸ ਬਾਰੇ ਹੁਣ ਕੋਈ ਦੋ ਰਾਵਾਂ ਨਹੀਂ ਕਿ ਇਹ ਮਨੁੱਖਤਾ ਦੇ ਖਿਲਾਫ ਹੈ। ਹੁਣ ਵੀ ਪਹਿਲਾਂ ਇਨ੍ਹਾਂ ਕੁਝ ਖਾਸ ਧਿਰਾਂ ਨੇ ਹੀ ਸਰਬਜੀਤ ਸਿੰਘ ਨੂੰ ਸ਼ਹੀਦ ਦਾ ਦਰਜਾ ਦਿੱਤਾ ਅਤੇ ਆਪਣੇ ਪੰਜਾਬ ਦੀ ਸਰਕਾਰ ਜਿਸ ਨੂੰ ਦੇਸ਼ ਦੇ ਬੜੇ ਹੰਢੇ-ਵਰਤੇ ਸਿਆਸੀ ਆਗੂ ਪ੍ਰਕਾਸ਼ ਸਿੰਘ ਬਾਦਲ ਚਲਾ ਰਹੇ ਹਨ, ਸ਼ਿਵ ਸੈਨਾ ਦੀ ਇਸ ਕੋਝੀ ਸਿਆਸਤ ਦੇ ਗੇੜ ਵਿਚ ਆ ਗਏ ਅਤੇ ਉਨ੍ਹਾਂ ਨੇ ਸਰਬਜੀਤ ਸਿੰਘ ਨੂੰ ਸ਼ਹੀਦ ਦਾ ਦਰਜਾ ਦੇ ਦਿੱਤਾ। ਸਿਆਸੀ ਵਿਸ਼ਲੇਸ਼ਣਕਾਰ ਇਸ ਨੂੰ ਨਿਰੋਲ ਸਿਆਸਤ ਕਰਾਰ ਦੇ ਰਹੇ ਹਨ; ਪਰ ਸਵਾਲਾਂ ਦਾ ਸਵਾਲ ਤਾਂ ਇਹੀ ਹੈ ਕਿ ਅਜਿਹੇ ਐਲਾਨਾਂ ਨਾਲ ਆਮ ਲੋਕਾਂ ਦਾ ਕਿੰਨਾ ਕੁ ਵਾਹ-ਵਾਸਤਾ ਹੈ! ਇਸੇ ਪ੍ਰਸੰਗ ਵਿਚ ਜੇ ਸਰਬਜੀਤ ਦੀ ਦੇਹ ਭਿੱਖੀਵਿੰਡ ਪੁੱਜਣ ਵਾਲੇ ਦਿਨ ਸਿਆਸਤਦਾਨਾਂ ਵੱਲੋਂ ਖੇਡੀ ਗਈ ਖੇਡ ਬਾਰੇ ਗੱਲ ਤੋਰੀ ਜਾਵੇ ਤਾਂ ਇਸ ਝੂਠੀ ਸਿਆਸਤ ਦੀਆਂ ਤੰਦਾਂ ਦਿਸਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਿਆਸਤ ਦੀਆਂ ਇਹੀ ਉਹ ਤੰਦਾਂ ਹਨ ਜਿਹੜੀਆਂ ਸਮੁੱਚੀ ਮਨੁੱਖਤਾ ਦੇ ਖਿਲਾਫ ਭੁਗਤਦੀਆਂ ਹਨ। ਸ਼ਾਇਦ ਇਸੇ ਕਰ ਸਰਹੱਦ ਦੇ ਆਰ-ਪਾਰ ਸਰਬਜੀਤ ਸਿੰਘਾਂ ਅਤੇ ਅਜਮਲ ਕਸਾਬਾਂ ਦੀ ਕੋਈ ਕਮੀ ਨਹੀਂ ਹੈ। ਜ਼ਾਹਿਰ ਹੈ ਕਿ ਬਦਲਾਖੋਰੀ ਦੇ ਇਸ ਸਿਲਸਿਲੇ ਦਾ ਕਿਤੇ ਕੋਈ ਅੰਤ ਨਜ਼ਰੀਂ ਨਹੀਂ ਪੈ ਰਿਹਾ। ਇਸ ਲਈ ਹੁਣ ਦਲਬੀਰ ਕੌਰ ਵਾਂਗ ਨਫਰਤ ਦੀ ਅੱਗ ਵਿਚ ਉਬਲਣ ਦੀ ਥਾਂ, ਜ਼ਿੰਦਗੀ ਦੇ ਜਲੌਅ ਨੂੰ ਬਰਕਰਾਰ ਰੱਖਣ ਦੀ ਕੋਈ ਮੁਹਿੰਮ ਵਿੱਢਣੀ ਚਾਹੀਦੀ ਹੈ। ਜੇ ਅਜਿਹਾ ਹੋ ਸਕਿਆ ਤਾਂ ਅਸੀਂ ਦਵਿੰਦਰਪਾਲ ਸਿੰਘ ਭੁੱਲਰ ਤੇ ਉਹਦੇ ਵਰਗੇ ਅਨੇਕਾਂ ਨੌਜਵਾਨਾਂ ਦੀਆਂ ਜ਼ਿੰਦਗਾਨੀਆਂ ਬਚਾਉਣ ਦੇ ਰਾਹ ਪੈ ਸਕਾਂਗੇ। ਇਹੀ ਉਹ ਸੱਚ ਹੈ, ਜਿਸ ਨੂੰ ਸਵੀਕਾਰ ਕਰ ਕੇ 'ਜ਼ਿੰਦਗਾਨੀ ਲੈਣ ਲਈ ਨਹੀਂ, ਬਚਾਉਣ ਲਈ' ਦੀ ਆਵਾਜ਼ ਬੁਲੰਦ ਕੀਤੀ ਜਾ ਸਕਦੀ ਹੈ। ਇਹ ਰਾਹ ਬਹੁਤ ਔਖਾ ਹੈ ਪਰ ਇਸ ਉਤੇ ਚੱਲਣਾ ਅਸੰਭਵ ਵੀ ਨਹੀਂ ਕਿਉਂਕਿ ਜ਼ਿੰਦਗੀ ਦੇ ਗੀਤ ਗਾਉਣ ਵਾਲੇ ਨਾਇਕ ਸਦਾ ਚੌਥੀ ਕੂਟ ਵੱਲ ਹੀ ਸਫਰ ਕਰਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਜ਼ਾ ਤੇ ਸੱਜਣ!*

ਸਮੇਂ ਬਦਲ ਗਏ ਬਦਲ ਗਈ ਸੋਚ ਸਾਡੀ, ਸਾਨੂੰ ਦੁੱਖ ਨਾ ਕਿਸੇ ਦਾ ਸੱਲਦਾ ਏ।
ਰਹਿ ਗਈ ਬੰਦੇ ਦੀ ਇਹੋ ਪਛਾਣ ਬਾਕੀ, ਕਿਹੜੀ ਪਾਰਟੀ ਤੇ ਕਿਹੜੇ ਦਲ ਦਾ ਏ।
ਰਹੀ ਗੱਲ ਨਾ ਕੋਈ ਇਨਸਾਫ ਵਾਲੀ, ਸ਼ਰੇਆਮ ਹੁਣ ਵਿਤਕਰਾ ਚੱਲਦਾ ਏ।
ਜਿਹਦੇ ਹੱਥਾਂ 'ਤੇ ਖੂਨ ਬੇਦੋਸ਼ਿਆਂ ਦਾ, ਉਹੀਓ ਗੱਦੀਆਂ ਰਾਜਸੀ ਮੱਲਦਾ ਏ।
ਠੱਗ ਸੱਜਣ ਨੂੰ 'ਬਾਬੇ' ਨੇ ਠੋਰਿਆ ਸੀ, ਵਿਚ ਗੋਡਿਆਂ ਛਿੱਥਾ ਹੋ ਧੌਣ ਦੇਵੇ।
ਸੋਚਾਂ ਵਿਚ ਸਵਾਲ ਇਹ ਤੈਰਦਾ ਏ, ਸਜ਼ਾ ਅੱਜ ਦੇ 'ਸੱਜਣ' ਨੂੰ ਕੌਣ ਦੇਵੇ?

# 'ਮੇਰੇ ਪਾਸ ਮੀਡੀਆ ਹੈ'

***ਕਿਸੇ ਵੇਲੇ ਮੀਡੀਆ ਇਕ ਮਿਸ਼ਨ ਸੀ। ਸਾਡੇ ਗਦਰੀਆਂ ਨੇ ਜਦੋਂ ਇਕ ਸਦੀ ਪਹਿਲਾਂ ਅੰਗਰੇਜ਼ਾਂ ਖਿਲਾਫ ਮੋਰਚਾ ਮੱਲਿਆ ਸੀ ਤਾਂ ਉਨ੍ਹਾਂ ਮੀਡੀਆ ਦੀ ਮਿਸ਼ਨ ਵਾਲੀ ਭਾਵਨਾ ਨੂੰ ਉਚਾਈਆਂ ਤੱਕ ਪਹੁੰਚਾ ਦਿੱਤਾ ਸੀ। ਹੁਣ ਜਦੋਂ ਮੀਡੀਆ ਮੁਫਾਦ ਨਾਲ ਬੁਰੀ ਤਰ੍ਹਾਂ ਰਲਗੱਡ ਹੋ ਗਿਆ ਹੈ, ਤਾਂ ਇਸ ਖੇਤਰ ਵਿਚ ਉਨ੍ਹਾਂ ਬੰਦਿਆਂ ਅਤੇ ਸੰਸਥਾਵਾਂ ਦਾ ਆਉਣਾ ਕੋਈ ਅਲੋਕਾਰ ਗੱਲ ਨਹੀਂ ਜਿਨ੍ਹਾਂ ਦਾ ਮਕਸਦ ਆਪਣੇ ਮੁਫਾਦ ਦੀ ਹੀ ਪੂਰਤੀ ਰਹਿ ਜਾਂਦੀ ਹੈ। ਸੀਨੀਅਰ ਪੱਤਰਕਾਰ ਅਤੇ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਦੇ ਸੰਪਾਦਕ ਸ਼ੇਖਰ ਗੁਪਤਾ ਨੇ ਮੀਡੀਆ ਦੇ ਇਸ ਮੁਫਾਦੀ ਮਿਸ਼ਨ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਉਨ੍ਹਾਂ ਦੇ ਮੀਡੀਆ ਬਾਰੇ ਇਹ ਵਿਚਾਰ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

**ਸ਼ੇਖਰ ਗੁਪਤਾ**

ਸਿਆਸੀ ਸਬੰਧਾਂ ਤੋਂ ਇਲਾਵਾ ਇੰਨਾ ਹੀ ਅਹਿਮ ਇਕ ਹੋਰ ਸੂਤਰ ਹੈ ਜੋ ਪੂਰਬੀ ਭਾਰਤ 'ਚ ਸ਼ੱਕ ਦੇ ਘੇਰੇ 'ਚ ਆਏ ਚਿੱਟਫੰਡ ਕੰਪਨੀਆਂ ਦੇ ਮਾਲਕਾਂ ਨੂੰ ਆਪਸ 'ਚ ਜੋੜਦਾ ਹੈ-ਉਹ ਸਾਰੇ ਮੀਡੀਆ ਮਾਲਕ ਵੀ ਹਨ। ਕਈ ਤਾਂ ਇਕ ਤੋਂ ਜ਼ਿਆਦਾ ਮੀਡੀਆ ਸਾਧਨਾਂ ਤੇ ਵੱਖ-ਵੱਖ ਭਾਸ਼ਾਵਾਂ ਦੇ ਮੀਡੀਆ 'ਚ ਵੀ ਆਪਣੀ ਮੌਜੂਦਗੀ ਰੱਖਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਮੀਡੀਆ ਕਾਰੋਬਾਰ 'ਚ ਕਈ ਹੋਰ ਗੱਲਾਂ ਵੀ ਸਾਂਝੀਆਂ ਹਨ। ਉਨ੍ਹਾਂ 'ਚੋਂ ਕਿਸੇ ਲਈ ਵੀ ਮੀਡੀਆ ਉਨ੍ਹਾਂ ਦੀਆਂ ਕਾਰੋਬਾਰੀ ਸਰਗਰਮੀਆਂ 'ਚ ਵੱਡਾ ਜਾਂ ਫ਼ੈਸਲਾਕੁਨ ਸਥਾਨ ਨਹੀਂ ਰੱਖਦਾ। ਇਨ੍ਹਾਂ 'ਚੋਂ ਬਹੁਤਿਆਂ ਦਾ ਮੀਡੀਆ ਕਾਰੋਬਾਰ ਤਾਂ ਘਾਟੇ 'ਚ ਹੀ ਚੱਲ ਰਿਹਾ ਹੈ। ਇਨ੍ਹਾਂ ਸਾਰਿਆਂ ਨੇ ਬਾਕੀ ਸਰਗਰਮੀਆਂ, ਖ਼ਾਸ ਤੌਰ 'ਤੇ ਚਿੱਟਫੰਡ ਕਾਰੋਬਾਰ, ਰੀਅਲ ਅਸਟੇਟ, ਮਾਈਨਿੰਗ ਜਾਂ ਸਿਆਸਤ 'ਚ ਖ਼ੂਬ ਪੈਸਾ ਕਮਾਉਣ ਤੋਂ ਬਾਅਦ ਹੀ ਮੀਡੀਆ ਕਾਰੋਬਾਰ 'ਚ ਕਦਮ ਰੱਖਿਆ। ਸਮੁੱਚੇ ਕਾਰੋਬਾਰ ਦੇ ਮੁਕਾਬਲੇ ਉਹ ਮੀਡੀਆ 'ਚ ਨਿਵੇਸ਼ ਨੂੰ ਬਹੁਤ ਵੱਡੀ ਰਕਮ ਨਹੀਂ ਸਮਝਦੇ ਸਨ।

ਹੁਣ ਅਹਿਮ ਗੱਲ ਇਹ ਹੈ ਕਿ ਭਾਰਤੀ ਲੋਕਾਂ, ਖ਼ਾਸ ਕਰ ਕੇ ਪੱਤਰਕਾਰਾਂ ਦੀ ਲਗਾਤਾਰ ਵਧ ਰਹੀ ਬਰਾਦਰੀ ਦੀਆਂ ਨਜ਼ਰਾਂ 'ਚ ਮੀਡੀਆ ਬੰਦੇ ਦੀ ਤਾਕਤ ਕਈ ਗੁਣਾ ਵਧਾ ਦਿੰਦਾ ਹੈ। ਸਮੁੱਚੇ ਕਾਰੋਬਾਰ 'ਚ ਬਹੁਤ ਛੋਟੀ ਜਿਹੀ ਜਗ੍ਹਾ ਘੇਰਨ ਅਤੇ ਬੈਲੇਂਸ ਸ਼ੀਟ 'ਤੇ ਮਾਮੂਲੀ ਜਿਹਾ ਬੋਝ ਪਾਉਣ ਵਾਲਾ ਮੀਡੀਆ ਕਾਰੋਬਾਰ ਹੋਰ ਕਈ ਢੰਗਾਂ ਨਾਲ ਭਾਰੀ ਮੁਨਾਫ਼ਾ ਕਮਾਉਣ ਦਾ ਜ਼ਰੀਆ ਬਣਦਾ ਹੈ। ਮੀਡੀਆ ਨੇ ਇਨ੍ਹਾਂ ਲੋਕਾਂ ਨੂੰ ਸਿਆਸੀ ਸਰਪ੍ਰਸਤੀ ਦਿਵਾਉਣ ਤੋਂ ਇਲਾਵਾ ਪੁਲਸ ਅਤੇ ਰੈਗੂਲੇਟਰੀ ਏਜੰਸੀਆਂ ਤੋਂ ਵੀ ਬਚਾਇਆ। ਮੀਡੀਆ ਦੇ ਜ਼ਰੀਏ ਆਪਣੇ ਵਿਰੋਧੀਆਂ ਨੂੰ ਫਸਾਉਣ ਦਾ ਕੰਮ ਵੀ ਹੁੰਦਾ ਹੈ। ਸ਼ਾਰਦਾ ਗਰੁੱਪ ਦੀ ਮਾਲਕੀ ਵਾਲੇ ਮੀਡੀਆ ਅਦਾਰਿਆਂ ਦੇ ਮੁਖੀ ਨੇ ਤਾਂ ਰਾਜ ਸਭਾ ਦੀ ਸੀਟ ਤੱਕ ਹਾਸਿਲ ਕਰ ਲਈ। ਚਿੱਟਫੰਡ ਵਪਾਰੀਆਂ ਵਲੋਂ ਸ਼ੁਰੂ ਕੀਤੇ ਗਏ ਮੀਡੀਆ ਕਾਰੋਬਾਰਾਂ ਨੇ ਸਿਰਫ਼ ਇਕ ਕੰਮ ਬਿਲਕੁਲ ਨਹੀਂ ਕੀਤਾ; ਉਹ ਇਹ ਕਿ ਉਨ੍ਹਾਂ ਨੇ ਰਵਾਇਤੀ ਮੀਡੀਆ ਵਾਂਗ ਕਾਰੋਬਾਰ 'ਚ ਕੋਈ ਮੁਨਾਫ਼ਾ ਨਹੀਂ ਕਮਾਇਆ।

ਸ਼ਾਰਦਾ ਗਰੁੱਪ ਨੇ ਬੰਗਾਲੀ, ਅੰਗਰੇਜ਼ੀ, ਹਿੰਦੀ ਅਤੇ ਉਰਦੂ 'ਚ ਅਖ਼ਬਾਰਾਂ ਤੋਂ ਇਲਾਵਾ ਕਈ ਨਿਊਜ਼ ਚੈਨਲ ਵੀ ਚਲਾਏ। ਉੱਤਰ ਪੂਰਬ 'ਚ ਇਹ ਜਿਸ ਸਮੂਹ 'ਚ ਨਿਵੇਸ਼ ਕਰਨ ਦੀ ਯੋਜਨਾ ਬਣਾ ਰਿਹਾ ਸੀ, ਉਹ ਵੀ ਵਿਵਾਦਪੂਰਨ ਅਤੇ ਵਿਚ-ਵਿਚਾਲੇ ਦੀ ਸਿਆਸਤ ਕਰਨ ਵਾਲੇ ਬੰਦੇ ਮਤੰਗ ਸਿੰਘ ਦੀ ਜਾਇਦਾਦ ਹੈ। ਇਹ ਬੰਦਾ ਪਤਾ ਨਹੀਂ ਕਿੱਧਰੋਂ ਪ੍ਰਗਟ ਹੋਇਆ ਤੇ ਚੰਦਰਾਸੁਆਮੀ ਦੀ ਚੜ੍ਹਤ ਦੇ ਦੌਰ 'ਚ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਪੀ.ਵੀ. ਨਰਸਿਮ੍ਹਾ ਰਾਓ ਦੇ ਮੰਤਰੀ ਮੰਡਲ 'ਚ ਮੰਤਰੀ ਬਣ ਗਿਆ ਸੀ। ਜਿਸ ਤਰ੍ਹਾਂ ਉਹ ਰਹੱਸਮਈ ਢੰਗ ਨਾਲ ਸਿਆਸਤ 'ਚ ਪ੍ਰਗਟ ਹੋਇਆ ਸੀ, ਉਸੇ ਤਰ੍ਹਾਂ ਹੀ ਗਾਇਬ ਵੀ ਹੋ ਗਿਆ।

ਅਸੀਂ ਇਹ ਤਾਂ ਨਹੀਂ ਜਾਣਦੇ ਕਿ ਉਸ ਨੇ ਜਾਂ ਉਸ ਦੀ ਪਤਨੀ ਮਨੋਰੰਜਨਾ ਸਿੰਘ ਨੇ ਮੀਡੀਆ ਕਾਰੋਬਾਰ ਚਲਾਉਂਦਿਆਂ ਕੋਈ ਲਾਭ ਕਮਾਇਆ ਜਾਂ ਨਹੀਂ; ਫਿਰ ਵੀ ਅਜਿਹੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ ਕਿ ਉਨ੍ਹਾਂ ਨੇ ਆਪਣੇ ਹੱਥ ਨਾ ਰੰਗੇ ਹੋਣ। ਬੰਗਾਲ 'ਚ ਜਾਂਚ ਦੇ ਘੇਰੇ 'ਚ ਆਏ ਰੋਜਵੈਲੀ, ਟਾਵਰ ਗਰੁੱਪ, ਸ਼ਾਈਨ ਗਰੁੱਪ, ਰਾਹੁਲ ਗਰੁੱਪ, ਚੱਕਰ ਗਰੁੱਪ ਅਤੇ ਜੀ-ਗਰੁੱਪ ਆਦਿ ਸਾਰਿਆਂ ਦੇ ਵਪਾਰਕ ਹਿੱਤ ਇਕੋ ਜਿਹੇ ਹਨ। ਸਾਰੇ ਚਿੱਟਫੰਡ, ਰੀਅਲ ਅਸਟੇਟ ਅਤੇ ਮੀਡੀਆ ਕਾਰੋਬਾਰ 'ਚ ਸਰਗਰਮ ਹਨ। ਅਥਾਹ ਸੋਮਿਆਂ ਵਾਲੇ ਕੇਂਦਰੀ-ਪੂਰਬੀ ਭਾਰਤ 'ਚ ਜਿਥੇ ਮਾਈਨਿੰਗ ਲੀਜ਼ ਨੂੰ ਅਹੁਦੇ-ਵੱਕਾਰ, ਸਰਕਾਰੀ ਦਰਬਾਰ 'ਚ ਉੱਚੀ ਪਹੁੰਚ ਅਤੇ ਪ੍ਰਾਈਵੇਟ ਜਹਾਜ਼ ਦੀ ਟਿਕਟ ਸਮਝਿਆ ਜਾਂਦਾ ਹੈ, ਉਥੇ ਅੱਜਕੱਲ੍ਹ ਮੀਡੀਆ ਦੀ 'ਪੂਛ' ਲਗਾਉਣੀ ਲਾਜ਼ਮੀ ਹੋ ਗਈ ਹੈ। ਸਿਆਸੀ ਵਰਗ ਇਹ ਤਾੜਨ 'ਚ ਸਭ ਤੋਂ ਅੱਗੇ ਸੀ ਕਿ ਮੀਡੀਆ ਕਾਰੋਬਾਰੀ ਰੂਪ 'ਚ ਕਿੰਨਾ ਛੋਟਾ ਹੁੰਦੇ ਹੋਏ ਵੀ ਕਿੰਨੀ ਜ਼ਿਆਦਾ ਤਾਕਤ ਰੱਖਦਾ ਹੈ। ਇਹੋ ਕਾਰਨ ਹੈ ਕਿ ਸਿਆਸਤਦਾਨ ਹੀ ਮੌਜੂਦਾ ਦੌਰ 'ਚ ਮੀਡੀਆ 'ਚ ਦਾਖ਼ਲ ਹੋਣ ਵਾਲੇ 'ਗੈਰ-ਰਵਾਇਤੀ' ਉੱਦਮੀ ਬਣੇ; ਖ਼ਾਸ ਕਰ ਕੇ ਸੂਬਾਈ ਪੱਧਰ 'ਤੇ। ਵਾਈ.ਐੱਸ. ਰਾਜਸ਼ੇਖਰ ਰੈੱਡੀ ਦਾ 'ਸਾਕਸ਼ੀ ਗਰੁੱਪ' ਇਸ ਪ੍ਰਸੰਗ 'ਚ ਸਭ ਤੋਂ ਵੱਡੀ ਮਿਸਾਲ ਹੈ। ਲੱਗਭਗ ਹਰ ਸੂਬੇ 'ਚ ਅਜਿਹੇ ਸਿਆਸਤਦਾਨ-ਮੀਡੀਆ ਉਦਯੋਗਪਤੀ ਮੌਜੂਦ ਹਨ। ਸਿਆਸਤ, ਸੋਮਿਆਂ (ਮਾਈਨਿੰਗ, ਰੀਅਲ ਅਸਟੇਟ ਵਗੈਰਾ), ਰੈਗੂਲੇਟਰੀ (ਗੈਰ-ਬੈਂਕਿੰਗ ਵਿੱਤ) ਦੇ ਸੰਗਮ 'ਤੇ ਸਰਗਰਮ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਦੇ ਮੀਡੀਆ 'ਚ ਦਾਖ਼ਲ ਹੋਏ ਇਨ੍ਹਾਂ 2 ਤਰ੍ਹਾਂ ਦੇ ਸਮੂਹਾਂ 'ਚੋਂ ਸਿਆਸਤਦਾਨ ਜ਼ਿਆਦਾ ਚਲਾਕ ਨਿਕਲੇ। ਜੇ ਉਹ ਮੀਡੀਆ ਦੇ ਜ਼ਰੀਏ ਤਾਕਤ ਹਾਸਲ ਕਰਨੀ ਚਾਹੁੰਦੇ ਸਨ ਤਾਂ ਉਨ੍ਹਾਂ ਨੇ ਖ਼ੁਦ ਇਸ ਦਾ ਸੰਚਾਲਨ ਕਰਨ ਅਤੇ ਵੱਖ-ਵੱਖ ਚੈਨਲ, ਅਖ਼ਬਾਰਾਂ ਸ਼ੁਰੂ ਕਰਨ ਦੇ ਝੰਜਟ 'ਚ ਪੈਣ ਦੀ ਬਜਾਏ ਇਸ ਨੂੰ ਚਲਾਉਣ ਵਾਲਿਆਂ 'ਤੇ ਕੰਟਰੋਲ ਕਰਨ ਦਾ ਰਾਹ ਅਪਣਾਇਆ।

ਦੇਸ਼ ਭਰ 'ਚ ਇਕ-ਇਕ ਸੂਬੇ 'ਤੇ ਨਜ਼ਰ ਮਾਰੋ ਤਾਂ ਤੁਸੀਂ ਦੇਖੋਗੇ ਕਿ ਕਿਸ ਤਰ੍ਹਾਂ ਸਿਆਸਤਦਾਨਾਂ ਨੇ ਟੀ. ਵੀ. ਚੈਨਲਾਂ ਦੀ ਡਿਸਟ੍ਰੀਬਿਊਸ਼ਨ 'ਤੇ ਕਬਜ਼ਾ ਜਮਾਇਆ ਹੋਇਆ ਹੈ। ਪੰਜਾਬ ਅਤੇ ਤਾਮਿਲਨਾਡੂ ਇਸ ਦੀ ਬਹੁਤ ਸਟੀਕ ਮਿਸਾਲ ਪੇਸ਼ ਕਰਦੇ ਹਨ ਜਿਥੇ ਸ਼ਕਤੀਸ਼ਾਲੀ ਸਿਆਸਤਦਾਨਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੇ ਚੈਨਲਾਂ ਦੀ ਡਿਸਟ੍ਰੀਬਿਊਸ਼ਨ 'ਤੇ ਕੰਟਰੋਲ ਬਣਾਇਆ ਹੋਇਆ ਹੈ। ਉਹ ਆਪਣੇ ਕਿਸੇ ਵੀ ਆਲੋਚਕ ਨੂੰ ਆਪਣੇ ਚੈਨਲਾਂ ਤੋਂ ਗਾਇਬ ਕਰ ਦਿੰਦੇ ਹਨ। ਇਸ ਕਾਰੋਬਾਰ 'ਚ ਘਾਟੇ ਦੀ ਸੰਭਾਵਨਾ ਵੀ ਬਹੁਤ ਘੱਟ ਹੈ। ਜਿਥੇ ਡਿਸਟ੍ਰੀਬਿਊਸ਼ਨ ਪ੍ਰਕਿਰਿਆ ਸਥਾਈ ਆਮਦਨ ਯਕੀਨੀ ਬਣਾਉਂਦੀ ਹੈ, ਉਥੇ ਹੀ ਸਿਆਸੀ ਦਬਦਬਾ ਵਿਰੋਧੀਆਂ ਨੂੰ ਖਦੇੜ ਦਿੰਦਾ ਹੈ।

ਸਵਾਲ ਹੁਣ ਇਹ ਹੈ ਕਿ ਅਸੀਂ ਸ਼ਿਕਾਇਤ ਕਿਉਂ ਕਰ ਰਹੇ ਹਾਂ? ਅਸੀਂ ਆਪਣੇ ਖੇਤਰ 'ਚ ਹੋਰ ਕਿਸੇ ਨੂੰ ਵੜਨ ਦੇਣ ਲਈ ਇਜਾਜ਼ਤ ਕਿਉਂ ਦਿੰਦ? ਕਾਨੂੰਨ 'ਚ ਕਿਤੇ ਵੀ ਇਹ ਦਰਜ ਨਹੀਂ ਕਿ ਆਮ ਆਦਮੀ ਮੀਡੀਆ ਦਾ ਮਾਲਕ ਨਹੀਂ ਬਣ ਸਕਦਾ। ਭਾਰਤ ਦੇ ਸਭ ਤੋਂ ਵੱਡੇ ਕਾਰੋਬਾਰੀ ਘਰਾਣਿਆਂ ਨੇ ਵੀ ਜ਼ਰੂਰ ਹੀ ਮੀਡੀਆ 'ਚ ਆਪਣੀ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਕੀਤੀ, ਪਰ ਤਕੜਾ ਘਾਟਾ ਖਾ ਕੇ ਉਹ ਮੈਦਾਨ ਛੱਡ ਗਏ।

ਅੰਬਾਨੀ (ਆਬਜ਼ਰਵਰ ਗਰੁੱਪ), ਵਿਜੇਪਤ ਸਿੰਘਾਨੀਆ (ਇੰਡੀਅਨ ਪੋਸਟ), ਐੱਲ.ਐੱਮ. ਥਾਪਰ (ਦਿ ਪਾਇਨੀਅਰ), ਸੰਜੇ ਡਾਲਮੀਆ (ਸੰਡੇ ਮੇਲ), ਲਲਿਤ ਸੂਰੀ (ਦਿੱਲੀ ਮਿਡ ਡੇ) ਵਰਗੇ ਭਾਰਤੀ ਉਦਯੋਗ ਅਤੇ ਵਪਾਰ ਜਗਤ ਦੇ ਸਾਰੇ ਧੁਨੰਤਰ, ਮੀਡੀਆ ਕਾਰੋਬਾਰ 'ਚ ਧੂੜ ਚੱਟ ਚੁੱਕੇ ਹਨ। ਤੁਸੀਂ ਕਹੋਗੇ ਕਿ ਇਹ ਲੋਕ ਅਸਫਲ ਇਸ ਲਈ ਹੋਏ ਕਿਉਂਕਿ ਉਹ ਆਪਣੇ ਮਨ ਦੀਆਂ ਡੂੰਘਾਈਆਂ 'ਚ ਮੀਡੀਆ ਤੇ ਪੱਤਰਕਾਰਾਂ ਦਾ ਸਨਮਾਨ ਨਹੀਂ ਕਰਦੇ ਸਨ। ਇਨ੍ਹਾਂ ਲੋਕਾਂ 'ਚੋਂ ਬਹੁਤੇ ਤਾਂ ਖ਼ੁਦ ਨੂੰ 'ਮੀਡੀਆ ਬੈਰਨ' ਅਖਵਾਉਣ ਵਾਲਿਆਂ ਵੱਲੋਂ ਦਿੱਤੀ ਜਾ ਰਹੀ ਮਾਮੂਲੀ ਤਨਖਾਹ 'ਤੇ ਪਲਣ ਵਾਲੇ ਘੱਟ ਬੁੱਧੀ ਵਾਲੇ ਪੱਤਰਕਾਰਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਸਮਝਦੇ ਸਨ। ਉਨ੍ਹਾਂ ਨੇ ਸੋਚਿਆ ਕਿ ਜੇ ਸਾਡੇ ਮੁਕਾਬਲੇ ਬਿਲਕੁਲ ਤੁੱਛ ਹੈਸੀਅਤ ਰੱਖਣ ਵਾਲੇ ਲੋਕ ਸਿਰਫ਼ ਮੀਡੀਆ ਦੀ ਵਜ੍ਹਾ ਕਰ ਕੇ ਸਾਨੂੰ ਪ੍ਰੇਸ਼ਾਨ ਕਰ ਸਕਦੇ ਹਨ ਤਾਂ ਕਿਉਂ ਨਾ ਮਾਮੂਲੀ ਜਿਹਾ ਨਿਵੇਸ਼ ਕਰ ਕੇ ਅਸੀਂ ਖ਼ੁਦ ਹੀ 'ਮੀਡੀਆ ਬੈਰਨ' ਬਣ ਜਾਈਏ।

ਉਂਜ, ਉਸ ਦੌਰ ਅਤੇ ਅੱਜ ਦੇ ਹਾਲਾਤ 'ਚ ਬਹੁਤ ਫ਼ਰਕ ਹੈ। ਵੱਡੇ ਉਦਯੋਗਿਕ ਘਰਾਣੇ ਤਾਂ ਇਸ ਲਈ ਨਾਕਾਮ ਹੋਏ ਕਿਉਂਕਿ ਉਹ ਪੱਤਰਕਾਰੀ ਦਾ ਸਨਮਾਨ ਨਹੀਂ ਕਰਦੇ ਸਨ, ਜਦਕਿ ਵਰਤਮਾਨ 'ਚ ਉਦਯੋਗਪਤੀ ਤੇ ਵਪਾਰੀ ਮੀਡੀਆ ਨੂੰ ਮੁੱਖ ਤੌਰ 'ਤੇ ਖ਼ਰੀਦ ਹੀ ਇਸ ਲਈ ਰਹੇ ਹਨ ਕਿਉਂਕਿ ਉਹ ਪੱਤਰਕਾਰੀ ਦਾ ਸਨਮਾਨ ਨਹੀਂ ਕਰਦੇ; ਕਿਉਂਕਿ ਉਹ ਸਮਝਦੇ ਹਨ ਕਿ ਸਾਰੇ ਪੱਤਰਕਾਰ ਜਾਂ ਤਾਂ ਖ਼ਰੀਦੇ ਜਾ ਸਕਦੇ ਹਨ ਜਾਂ ਫਿਰ ਕਾਨੂੰਨ ਮੁਤਾਬਿਕ ਤਨਖਾਹ 'ਤੇ ਰੱਖੇ ਜਾ ਸਕਦੇ ਹਨ।

ਉਨ੍ਹਾਂ ਦਾ ਮੰਨਣਾ ਹੈ ਕਿ ਜੇ ਤੁਹਾਡੇ ਕੋਲ 2-4 ਨਿਊਜ਼ ਚੈਨਲ ਹਨ, ਕੁਝ ਮੰਨੇ-ਪ੍ਰਮੰਨੇ ਤੇ ਉੱਚੀ ਪਹੁੰਚ ਵਾਲੇ ਪੱਤਰਕਾਰ ਮੁਲਾਜ਼ਮ ਵਜੋਂ ਹਨ ਤਾਂ ਉਨ੍ਹਾਂ ਨੂੰ ਮੋਟੀ ਤਨਖਾਹ ਅਤੇ ਮਹਿੰਗੀ ਕਾਰ ਦੇ ਕੇ ਉਨ੍ਹਾਂ ਦੇ ਜ਼ਰੀਏ ਸਰਕਾਰ 'ਚ ਉੱਚੀ ਪਹੁੰਚ ਤੇ ਦਬਦਬਾ ਬਣਾਉਣ ਦੀ ਤੁਹਾਡੀ ਸਮੱਸਿਆ ਹੱਲ ਹੋ ਜਾਵੇਗੀ। ਉਹ ਤੁਹਾਨੂੰ ਸਨਮਾਨ ਵੀ ਦਿਵਾਉਣਗੇ ਕਿਉਂਕਿ ਜਦੋਂ ਵੀ ਤੁਸੀਂ ਕੁਝ ਬੋਲੋਗੇ, ਉਸ ਦਾ ਜ਼ਿਕਰ ਮੀਡੀਆ 'ਚ ਵੀ ਹੋਵੇਗਾ।

ਤੁਹਾਨੂੰ ਅਜਿਹੇ ਇਨਾਮ ਵੰਡ ਸਮਾਗਮਾਂ 'ਚ ਚੋਟੀ ਦੇ ਸਿਆਸਤਦਾਨਾਂ, ਇਥੋਂ ਤਕ ਕਿ ਬੁੱਧੀਜੀਵੀਆਂ ਨਾਲ ਬੈਠਣ-ਉੱਠਣ ਦਾ ਮੌਕਾ ਮਿਲੇਗਾ ਜਿਨ੍ਹਾਂ ਦਾ ਪ੍ਰਬੰਧ ਤੁਹਾਡੇ ਹੀ ਮੀਡੀਆ ਗਰੁੱਪ ਵਲੋਂ ਕੀਤਾ ਗਿਆ ਹੋਵੇਗਾ। ਦਬਦਬਾ ਬਣਾਉਣ, ਸਰਕਾਰੀ ਸਰਪ੍ਰਸਤੀ ਹਾਸਲ ਕਰਨ ਅਤੇ ਵਿਰੋਧੀਆਂ 'ਤੇ ਹਾਵੀ ਹੋਣ ਦਾ ਇਸ ਤੋਂ ਸਸਤਾ ਤਰੀਕਾ ਭਲਾ ਹੋਰ ਕੀ ਹੋ ਸਕਦਾ ਹੈ?

ਜਿਸ ਤਰ੍ਹਾਂ ਯਸ਼ ਚੋਪੜਾ ਦੀ ਫ਼ਿਲਮ 'ਦੀਵਾਰ' ਵਿਚ ਸ਼ਸ਼ੀ ਕਪੂਰ ਆਪਣੇ ਵਿਗੜੇ ਭਰਾ ਅਮਿਤਾਭ ਬੱਚਨ ਨੂੰ ਉਲਾਂਭਾ ਦਿੰਦਿਆਂ ਕਹਿੰਦਾ ਹੈ ਕਿ 'ਮੇਰੇ ਪਾਸ ਮਾਂ ਹੈ', ਠੀਕ ਉਸੇ ਤਰ੍ਹਾਂ ਮੀਡੀਆ ਮਾਲਕ ਵੀ ਕਿਸੇ ਨੂੰ ਘੁਮੰਡ ਨਾਲ ਕਹਿ ਸਕਦਾ ਹੈ, "ਤੇਰੇ ਕੋਲ ਪੁਲਿਸ, ਸੇਬੀ, ਆਰ.ਬੀ.ਆਈ., ਸੀ.ਬੀ.ਆਈ. ਆਦਿ ਕੁਝ ਵੀ ਹੋਵੇ, ਮੇਰੇ ਕੋਲ ਮੀਡੀਆ ਹੈ।"

ਜ਼ਰਾ ਯਾਦ ਕਰੋ, ਗੋਪਾਲ ਕਾਂਡਾ ਨੇ ਕਿਸ ਤਰ੍ਹਾਂ ਦਿੱਲੀ ਪੁਲਿਸ ਦੇ ਆਤਮ-ਸਮਰਪਣ ਕਰਨ ਦੇ ਹੁਕਮ ਨੂੰ ਟਿੱਚ ਜਾਣਿਆ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਲਗਾਏ ਗਏ ਕਈ ਨਾਕਿਆਂ ਦੇ ਬਾਵਜੂਦ ਆਪਣੇ ਨੇੜਲੇ 'ਹਰਿਆਣਾ ਨਿਊਜ਼ ਚੈਨਲ' ਦੀ ਓ.ਬੀ. ਵੈਨ 'ਚ ਬੈਠ ਕੇ ਉਹ ਬਹੁਤ ਸ਼ਾਹੀ ਢੰਗ ਨਾਲ ਅਦਾਲਤ 'ਚ ਆਤਮ-ਸਮਰਪਣ ਕਰਨ ਪਹੁੰਚਿਆ।

ਪੱਤਰਕਾਰੀ ਦੇ ਪੇਸ਼ੇ 'ਚ ਮੇਰੇ ਵਰਗੇ ਸੀਨੀਅਰ ਨਾਗਰਿਕਾਂ ਨੂੰ ਅਜਿਹੇ ਕਈ ਕਿੱਸੇ ਯਾਦ ਹਨ, ਜਦੋਂ ਅਥਾਹ ਦੌਲਤ ਦੇ ਮਾਲਕ ਕਾਰੋਬਾਰੀਆਂ ਨੇ ਨਵੀਆਂ ਮੀਡੀਆ ਕੰਪਨੀਆਂ ਸ਼ੁਰੂ ਕਰਨ ਲਈ ਪੱਤਰਕਾਰਾਂ ਨੂੰ 'ਬਲੈਂਕ ਚੈੱਕ' ਪੇਸ਼ ਕੀਤੇ। ਖ਼ੁਦ ਮੇਰੇ ਨਾਲ ਵੀ ਅਜਿਹਾ ਹੋਇਆ, ਜਦੋਂ ਮੇਰੇ ਇਕ ਜਾਣਕਾਰ ਅਤੇ ਬਹੁਤ ਹੀ ਸਾਫ਼-ਸੁਥਰੇ ਅਕਸ ਵਾਲੇ ਰੀਅਲ ਅਸਟੇਟ ਕਾਰੋਬਾਰੀ ਨੇ ਮੈਨੂੰ ਅਜਿਹੀ ਹੀ ਪੇਸ਼ਕਸ਼ ਕੀਤੀ ਸੀ।

ਜਦੋਂ ਮੈਂ ਉਸ ਨੂੰ ਪੁੱਛਿਆ ਕਿ ਦੇਸ਼ 'ਚ ਲੱਗਭਗ ਸਾਰੇ ਨਿਊਜ਼ ਚੈਨਲ ਘਾਟੇ 'ਚ ਚੱਲ ਰਹੇ ਹਨ ਤਾਂ ਅਜਿਹੇ ਹਾਲਾਤ 'ਚ ਉਹ ਚੈਨਲ ਸ਼ੁਰੂ ਕਰਨ ਲਈ ਉਤਾਵਲਾ ਕਿਉਂ ਹੈ? ਤਾਂ ਉਸ ਨੇ ਜਵਾਬ ਦਿੱਤਾ ਕਿ ਕੱਲ੍ਹ ਉਹ ਸਾਰਾ ਦਿਨ ਨੋਇਡਾ 'ਚ ਜ਼ਮੀਨ ਦੀ ਅਲਾਟਮੈਂਟ ਬਾਰੇ ਹੋਈ ਮੀਟਿੰਗ 'ਚ ਆਪਣੀ ਵਾਰੀ ਦੀ ਉਡੀਕ ਕਰਦਾ ਰਿਹਾ, ਪਰ ਕਿਸੇ ਨੇ ਉਸ ਨੂੰ ਪਾਣੀ ਦਾ ਗਿਲਾਸ ਤਕ ਨਹੀਂ ਪੁੱਛਿਆ, ਜਦਕਿ ਮੀਡੀਆ ਮਾਲਕਾਂ ਨੂੰ ਉਥੇ ਪਹੁੰਚਦਿਆਂ ਹੀ ਪੂਰੇ ਸਨਮਾਨ ਨਾਲ ਅੰਦਰ ਪਹੁੰਚਾਇਆ ਗਿਆ। ਇਸ ਤੋਂ ਇਲਾਵਾ

*(ਬਾਕੀ ਸਫਾ 14 'ਤੇ)*

# ਸਰਬਜੀਤ, ਸ਼ਹਾਦਤ ਤੇ ਭਾਵੁਕਤਾ

## ਅਸਲ ਸਵਾਲਾਂ ਨੂੰ ਕਦੋਂ ਮੁਖ਼ਾਤਬ ਹੋਣਗੇ ਹਾਕਮ?

ਪਾਕਿਸਤਾਨ ਦੀ ਜੇਲ੍ਹ ਵਿਚ ਕਾਤਲਾਨਾ ਹਮਲੇ ਵਿਚ ਗੰਭੀਰ ਜ਼ਖ਼ਮੀ 'ਭਾਰਤੀ' ਨਾਗਰਿਕ ਸਰਬਜੀਤ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਇਸੇ ਦੌਰਾਨ ਜੰਮੂ ਦੀ ਜੇਲ੍ਹ ਵਿਚ ਇਸੇ ਤਰ੍ਹਾਂ ਦੇ ਹਮਲੇ ਦਾ ਸ਼ਿਕਾਰ ਹੋਏ ਪਾਕਿਸਤਾਨੀ ਨਾਗਰਿਕ ਸਨਾਉੱਲਾ ਰਣਜੇ ਦੀ ਹਾਲਤ ਗੰਭੀਰ ਹੈ। ਸਰਹੱਦ ਦੇ ਉਸ ਪਾਰ ਅਤੇ ਇਸ ਪਾਰ ਸੈਂਕੜੇ ਬੰਦੇ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚ ਪੂਰੀ ਤਰ੍ਹਾਂ ਬੇਕਸੂਰ ਨਾਗਰਿਕ ਅਤੇ ਗ੍ਰਿਫ਼ਤਾਰ ਖ਼ੁਫ਼ੀਆ ਏਜੰਟ, ਦੋਵੇਂ ਤਰ੍ਹਾਂ ਦੇ ਬੰਦੇ ਸ਼ਾਮਲ ਹਨ।

ਹਕੂਮਤਾਂ ਆਮ ਜਸੂਸਾਂ ਨੂੰ ਆਪਣੇ ਚੰਦਰੇ ਮਨਸੂਬਿਆਂ ਖ਼ਾਤਰ ਵਰਤਦੀਆਂ ਹਨ ਪਰ ਜਦੋਂ

**ਬੂਟਾ ਸਿੰਘ**
ਫ਼ੋਨ: 91-94634-74342

ਉਹ ਫੜੇ ਜਾਂਦੇ ਹਨ ਤਾਂ ਉਹ ਬਦੇਸ਼ੀ ਹਕੂਮਤ ਦੀਆਂ ਜੇਲ੍ਹਾਂ 'ਚ ਲਾਵਾਰਿਸ ਸੜਦੇ ਰਹਿੰਦੇ ਹਨ। ਜੇ ਸਰਬਜੀਤ ਆਮ ਭਾਰਤ ਦੀ ਥਾਂ ਕੁਲੀਨ 'ਇੰਡੀਆ' ਦਾ ਨਾਗਰਿਕ ਹੁੰਦਾ ਤਾਂ ਉਸ ਦਾ ਇਸ ਦੁਵੱਲੇ ਨਾਟਕ ਵਿਚ ਕਿਰਦਾਰ ਵੀ ਵੱਖਰੀ ਤਰ੍ਹਾਂ ਦਾ ਹੋਣਾ ਸੀ ਤੇ ਉਸ ਦਾ ਅੰਤ ਵੀ ਉਹ ਨਹੀਂ ਸੀ ਹੋਣਾ ਜੋ ਖ਼ਾਕਨਸ਼ੀਨ ਸਰਬਜੀਤਾਂ ਜਾਂ ਕਸਾਬਾਂ ਦਾ ਅਕਸਰ ਹੀ ਹੁੰਦਾ ਹੈ। ਸਰਬਜੀਤ ਦੇ ਵਿਲਕਦੇ ਟੱਬਰ ਦਾ ਦਰਦ ਅੱਜ ਹਰ ਉਹ ਬੰਦਾ ਮਹਿਸੂਸ ਕਰ ਰਿਹਾ ਹੈ ਜਿਸ ਦੇ ਸੀਨੇ ਵਿਚ ਇਨਸਾਨੀਅਤ ਹੈ। ਇਹ ਦਰਦ ਨਿਰਾ ਸਰਬਜੀਤ ਦੇ ਪਰਿਵਾਰ ਜਾਂ ਭਿੱਖੀਵਿੰਡ ਨਗਰ ਦੇ ਲੋਕਾਂ ਦਾ ਨਹੀਂ ਹੈ, ਇਹ ਦੋਵਾਂ ਮੁਲਕਾਂ ਦੇ ਅਵਾਮ ਦਾ ਸਾਂਝਾ ਦਰਦ ਹੈ। ਕਿਤੇ ਜ਼ਾਹਿਰਾ ਤੇ ਜਾਣਿਆ ਪਛਾਣਿਆ; ਕਿਤੇ ਗੁੰਮਨਾਮ ਤੇ ਬੇਪਛਾਣ। ਅੱਜ ਹੁਕਮਰਾਨਾਂ ਲਈ ਸਰਬਜੀਤ ਦੀ ਮੌਤ ਪੂਰੀ ਬੇਹਯਾਈ ਨਾਲ ਕੌਮੀ ਜਜ਼ਬਾਤ ਭੜਕਾਉਣ ਦਾ ਮੁੱਦਾ ਹੈ। ਕਾਰਪੋਰੇਟ ਮੀਡੀਆ ਨੇ ਇਸ ਨੂੰ ਮੁਨਾਫ਼ੇ ਦਾ ਲੱਚਰ ਧੰਦਾ ਬਣਾ ਲਿਆ ਹੈ। ਮੀਡੀਆ ਦੇ ਜਿਸ ਵੱਡੇ ਹਿੱਸੇ ਦੀ ਚਾਲਕ ਸ਼ਕਤੀ ਹੀ ਖ਼ਬਰਾਂ ਤੇ ਸੁਰਖ਼ੀਆਂ ਘੜਨ ਦੀ ਲਾਲਸਾ ਹੈ, ਉਸ ਦੇ ਦੋਵੇਂ ਹੱਥੀਂ ਲੱਡੂ ਹਨ ਜਿਸ ਨੂੰ ਸਥਾਪਤੀ ਹੱਥੋਂ ਜ਼ਾਹਿਰਾ ਕਤਲ ਤਾਂ ਕਦੇ ਨਜ਼ਰ ਨਹੀਂ ਆਉਂਦੇ; ਜਿਸ ਲਈ ਬੋਰ ਵਿਚ ਡਿਗਿਆ ਬੱਚਾ ਜਾਂ ਸਰਬਜੀਤ ਦੀ ਮੌਤ ਵੱਡੇ ਮੁਨਾਫ਼ੇ ਦਾ ਸਾਧਨ ਹੈ! ਇਸ ਵੰਨਗੀ ਦਾ ਮੀਡੀਆ ਕੁਝ ਸਮਾਂ ਪਹਿਲਾਂ ਕਸਾਬ ਜਾਂ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੇ ਜਸ਼ਨਾਂ ਨੂੰ ਜਿਵੇਂ ਤੂਲ ਦੇ ਕੇ ਟੀ.ਆਰ.ਪੀ. ਨੂੰ ਜ਼ਰਬਾਂ ਦੇ ਰਿਹਾ ਸੀ, ਅੱਜ ਉਸੇ ਜੋਸ਼ੋ-ਖ਼ਰੋਸ਼ ਨਾਲ ਸਰਬਜੀਤ ਦੇ ਪਰਿਵਾਰ ਦੇ ਗ਼ਮ ਦਾ ਮੰਡੀਕਰਨ ਕਰਨ ਵਿਚ ਜੁਟਿਆ ਹੋਇਆ ਹੈ। ਦਰਅਸਲ, ਨਾਬਰਾਬਰੀ ਆਧਾਰਤ ਸਥਾਪਤੀ ਦੀਆਂ ਕੌਮਵਾਦੀ ਜਨੂੰਨ ਤੇ ਜੰਗਬਾਜ਼ ਨੀਤੀ ਦੀਆਂ ਗਰਜਾਂ ਤੇ ਜਸੂਸੀ ਤਾਣੇਬਾਣੇ, "ਦਹਿਸ਼ਤਗਰਦੀ" ਦੇ ਥੀਏਟਰ ਐ ਜੰਗੀ ਸਨਅਤ ਦੀ ਰਾਜਨੀਤਕ ਆਰਥਿਕਤਾ ਦੇ ਆਪਸੀ ਰਿਸ਼ਤੇ ਨੂੰ ਸਮਝਣ ਦੀ ਲੋੜ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਸਰਬਜੀਤ ਦੀ ਲੋਥ ਦਾ ਮੁੱਲ ਪੰਝੀ ਲੱਖ ਅਤੇ ਇਕ ਕਰੋੜ ਰੁਪਿਆ ਉਹ ਮੱਕਾਰ ਹੁਕਮਰਾਨ ਪਾ ਰਹੇ ਹਨ ਜਿਨ੍ਹਾਂ ਦੇ ਵਿਕਾਸ ਮਾਡਲ ਦਾ ਰੱਥ ਨਿੱਤ ਦਹਿ-ਹਜ਼ਾਰਾਂ ਨਾਗਰਿਕਾਂ ਨੂੰ ਬੇਰਹਿਮੀ ਨਾਲ ਕੁਚਲ ਕੇ 'ਵਿਕਾਸ' ਦੀਆਂ ਮੰਜ਼ਿਲਾਂ ਮਾਰ ਰਿਹਾ ਹੈ। ਇਨ੍ਹਾਂ 'ਨਾਗਰਿਕਾਂ' ਦਾ ਮੁੱਲ ਕੀੜਿਆਂ-ਮਕੌੜਿਆਂ ਤੋਂ ਵੱਧ ਨਹੀਂ ਪੈਂਦਾ। ਇਨ੍ਹਾਂ ਹੁਕਮਰਾਨਾਂ ਦੇ ਰਾਜ ਵਿਚ ਕਸ਼ਮੀਰ ਅਤੇ ਪੰਜਾਬ ਵਿਚੋਂ ਹਜ਼ਾਰਾਂ ਬੇਪਛਾਣ ਕਬਰਾਂ ਦਾ ਨਿੱਤ ਨਵਾਂ ਸੱਚ ਸਾਹਮਣੇ ਆ ਰਿਹਾ ਹੈ ਅਤੇ ਛੱਤੀਸਗੜ੍ਹ, ਝਾਰਖੰਡ, ਉੜੀਸਾ ਵਿਚ ਨਾਗਰਿਕਾਂ ਨੂੰ ਥੋਕ ਬੇਪਛਾਣ ਕਬਰਾਂ ਵਿਚ ਦਫ਼ਨਾਉਣ ਦਾ ਓਪਰੇਸ਼ਨ ਜ਼ੋਰ-ਸ਼ੋਰ ਨਾਲ ਚਲਾਇਆ ਜਾ ਰਿਹਾ ਹੈ। ਭਿੱਖੀਵਿੰਡ ਪਿੰਡ ਦੀਆਂ ਦੋ ਧੀਆਂ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਉਹ ਬਾਦਲ 'ਰਾਜੇ' ਕਰ ਰਹੇ ਹਨ ਜੋ ਰੋਜ਼ਗਾਰ ਮੰਗਦੀ ਆਪਣੀ ਹੀ 'ਪਰਜਾ' ਨੂੰ ਪੁਲਿਸ ਹੱਥੋਂ ਡਾਂਗਾਂ ਨਾਲ ਰੋਜ਼ ਕੁਟਵਾਉਂਦੇ ਹਨ; ਜੋ ਪੰਜਾਬ ਦੀਆਂ ਧੀਆਂ ਨੂੰ ਸ਼ਰ੍ਹੇਆਮ ਗੁੱਤਾਂ ਤੋਂ ਫੜ ਕੇ ਸੜਕਾਂ 'ਤੇ ਜ਼ਲੀਲ ਕਰਾਉਂਦੇ ਹਨ। ਸਥਾਪਤੀ ਲਈ ਮਰਨ ਅਤੇ ਆਪਣੇ ਹਿੱਤ ਦੀ ਰਾਖੀ ਲਈ ਸਥਾਪਤੀ ਦਾ ਵਿਰੋਧ ਕਰਦਿਆਂ ਮਾਰੇ ਜਾਣ ਦਾ ਇਹੀ ਫ਼ਰਕ ਹੈ। ਅੱਜ ਜਿਹੜੇ ਹੁਕਮਰਾਨ ਸਰਬਜੀਤ ਨੂੰ 'ਦਲੇਰ ਪੁੱਤਰ', 'ਕੌਮੀ ਸ਼ਹੀਦ' ਦੇ ਖ਼ਿਤਾਬ ਦੇ ਰਹੇ ਹਨ, ਇਸੇ ਹੁਕਮਰਾਨ ਕੋੜਮੇ ਦੀਆਂ ਜੰਗਬਾਜ਼ ਜੀਭਾਂ ਸਦਾ ਗੁਆਂਢੀ ਮੁਲਕਾਂ ਨਾਲ ਦੁਵੱਲੇ ਰਿਸ਼ਤਿਆਂ ਨੂੰ ਵਿਗਾੜਨ ਦੀ ਤਾਕ ਵਿਚ ਰਹਿੰਦੀਆਂ ਹਨ। ਇਹ ਜ਼ੁਬਾਨਾਂ ਜਦੋਂ ਵੀ ਖੁੱਲ੍ਹਦੀਆਂ ਹਨ ਤਾਂ ਮੁਲਕ ਦੀ ਰਾਖੀ ਦੇ ਨਾਂ ਹੇਠ ਗੁਆਂਢੀ ਮੁਲਕਾਂ ਖ਼ਿਲਾਫ਼ ਹਮੇਸ਼ਾ ਜ਼ਹਿਰ ਉਗਲਦੀਆਂ ਹਨ ਤੇ ਜੰਗ ਦੇ ਲਲਕਾਰੇ ਮਾਰ ਕੇ ਫ਼ੌਜੀ ਤਾਕਤ ਦੀ ਧੌਂਸ ਜਮਾਉਂਦੀਆਂ ਨਜ਼ਰ ਆਉਂਦੀਆਂ ਹਨ। ਸਰਬਜੀਤ ਦੇ ਮਾਮਲੇ 'ਚ ਕੌਮੀ ਜਨੂੰਨ ਭੜਕਾਉਣ ਅਤੇ ਇਸ ਦਾ ਲਾਹਾ ਲੈਣ ਦੀ ਦੌੜ 'ਚ ਸੱਤਾਧਾਰੀ ਤੇ ਵਿਰੋਧੀ-ਧਿਰ 'ਚੋਂ ਕੋਈ ਵੀ ਪਿੱਛੇ ਨਹੀਂ ਰਹਿਣਾ ਚਾਹੁੰਦਾ। ਹੋਰ ਮਾਮਲਿਆਂ 'ਤੇ ਬਹਿਸ ਮੌਕੇ ਇਕ ਦੂਜੇ ਦੀਆਂ ਪੱਗਾਂ ਨੂੰ ਹੱਥ ਪਾਉਣ ਵਾਲੇ ਸਰਬਸੰਮਤੀ ਨਾਲ ਮਤਾ ਪਾਉਂਦੇ ਹਨ।

ਇਨ੍ਹਾਂ ਨੂੰ ਪਤਾ ਹੈ ਕਿ ਰੋਜ਼ਗਾਰ ਦੀ ਲਗਭਗ ਅਣਹੋਂਦ ਵਾਲੇ ਦੋਵਾਂ ਮੁਲਕਾਂ ਵਿਚ ਲੱਖਾਂ ਮਾਵਾਂ ਦੇ ਨੂਰੇ-ਨਜ਼ਰ ਇਕ ਦੂਜੇ ਦੇ ਪੈਰ ਮਿੱਧ ਕੇ ਕੁਝ ਹਜ਼ਾਰ ਸਿੱਕਿਆਂ ਖ਼ਾਤਰ ਸਿਪਾਹੀਆਂ, ਜਸੂਸਾਂ ਦੇ ਰੂਪ 'ਚ ਨਹੱਕੀ ਜੰਗ ਦਾ ਖਾਜਾ ਬਣਨ, ਆਪਣੇ ਹੀ ਨਾਗਰਿਕਾਂ ਵਿਰੁੱਧ ਜੰਗ ਵਿਚ ਸ਼ਾਮਲ ਹੋ ਕੇ ਮਾਸੂਮਾਂ ਦੇ ਸੱਥਰ ਵਿਛਾਉਣ, ਆਪਣੇ ਹੀ ਮੁਲਕ ਦੀਆਂ ਮਾਵਾਂ-ਧੀਆਂ-ਭੈਣਾਂ ਦੇ "ਚੀਰ ਹਰਨ" ਕਰਨ ਅਤੇ ਸਥਾਪਤੀ ਦੇ ਕੌਮੀ ਜਨੂੰਨ ਦੇ ਬਦਕਾਰ ਏਜੰਡੇ ਦੇ ਵਾਹਕ ਬਣਨ ਲਈ ਤੱਤਪਰ ਹਨ-ਆਪਣਾ ਹਸ਼ਰ ਜਾਣਦੇ ਹੋਏ ਵੀ। ਕਿਉਂ? ਕਿਉਂਕਿ ਮੁਲਕ ਦੀ ਜਵਾਨੀ ਲਈ ਪੁਲਿਸ-ਫ਼ੌਜ ਦੀ ਨੌਕਰੀ ਹੀ ਇਕੋ ਇਕ ਭਰੋਸੇਯੋਗ ਰੋਜ਼ਗਾਰ ਬਚਿਆ ਹੈ ਜਿਥੇ ਮਾਰੇ ਜਾਣ 'ਤੇ ਪੈਨਸ਼ਨ, 'ਸ਼ਹੀਦ' ਦਾ ਰੁਤਬਾ ਅਤੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਦੀ ਤਾਂ ਗਾਰੰਟੀ ਹੈ! ਬਾਕੀ ਨੌਕਰੀਆਂ ਦੀ ਭਰਤੀ ਤਾਂ ਠੇਕੇ 'ਤੇ ਹੋਣ ਲੱਗੀ ਹੈ। ਜਿਸ ਮੁਲਕ ਦੀ 77 ਫ਼ੀ ਸਦੀ ਆਬਾਦੀ ਮਹਿਜ਼ 600 ਰੁਪਏ ਨਾਲ ਪੂਰਾ ਮਹੀਨਾ ਗੁਜ਼ਾਰਾ ਕਰ ਰਹੀ ਹੋਵੇ, ਉਨ੍ਹਾਂ ਲਈ ਇਸ ਤੋਂ ਸੁਖ਼ਾਲਾ ਤੇ ਭਰੋਸੇਯੋਗ ਰੋਜ਼ਗਾਰ ਅਤੇ ਮੁੱਲਵਾਨ ਮੌਤ ਹੋਰ ਹੋ ਵੀ ਕੀ ਸਕਦੇ ਹਨ! ਛੱਤੀਸਗੜ੍ਹ ਦੇ ਭੋਲੇ-ਭਾਲੇ ਮੁੰਡੇ ਕੁੜੀਆਂ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ ਜੋ ਮਹਿਜ਼ ਪੰਦਰਾਂ ਸੌ ਰੁਪਏ ਪਿੱਛੇ ਆਪਣੇ ਹੀ ਭਰਾਵਾਂ-ਭੈਣਾਂ ਨੂੰ ਕਤਲ ਕਰਨ ਲਈ ਐੱਸ.ਪੀ.ਓ. ਭਰਤੀ ਹੋ ਰਹੇ ਹਨ।

ਪਾਕਿਸਤਾਨ ਦੀ ਹਕੂਮਤ ਜੇਲ੍ਹ ਵਿਚ ਬੰਦ ਦੂਜੇ ਮੁਲਕ ਦੇ ਨਾਗਰਿਕ ਨੂੰ ਸੁਰੱਖਿਆ ਨਾ ਦੇ ਕੇ ਅਣਐਲਾਨੀ ਮੌਤ ਦੀ ਸਜ਼ਾ ਦੇ ਹਵਾਲੇ ਕਰਨ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ; ਪਰ ਮਾਮਲਾ ਮਹਿਜ਼ ਇੰਨਾ ਕੁ ਹੀ ਨਹੀਂ ਹੈ। ਇਹ ਮਹਿਜ਼ ਅਜਮਲ ਕਸਾਬ ਜਾਂ ਅਫ਼ਜ਼ਲ ਗੁਰੂ ਦੀ ਫਾਂਸੀ ਦੇ ਸੰਭਾਵੀ ਕੱਟੜਪੰਥੀ ਪ੍ਰਤੀਕਰਮ ਦੇ ਮੱਦੇਨਜ਼ਰ ਸਰਬਜੀਤ ਦੀ ਸੁਰੱਖਿਆ ਪ੍ਰਤੀ ਭਾਰਤ ਦੇ ਹੁਕਮਰਾਨਾਂ ਦੀ ਲਾਪ੍ਰਵਾਹੀ ਤੇ ਢਿੱਲ ਮੱਠ ਦਾ ਮਾਮਲਾ ਵੀ ਨਹੀਂ ਹੈ।

ਕਿਸੇ ਨੂੰ ਵੀ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਰਬਜੀਤ ਦਾ ਕਤਲ ਪਾਕਿਸਤਾਨ ਦੇ ਰਾਜ ਤੰਤਰ ਦੇ ਉਸ ਹਿੱਸੇ ਦੇ ਸੋਚੇ-ਸਮਝੇ ਇਸ਼ਾਰੇ 'ਤੇ ਹੋਇਆ ਹੈ ਜੋ ਕਿਸੇ ਵੀ ਕੀਮਤ 'ਤੇ ਦੋਵਾਂ ਮੁਲਕਾਂ ਦਰਮਿਆਨ ਅਮਨ-ਅਮਾਨ ਨਹੀਂ ਚਾਹੁੰਦੇ। ਪਾਕਿਸਤਾਨੀ ਹੁਕਮਰਾਨਾਂ ਲਈ ਇਹ ਕਸਾਬ ਵਾਂਗ ਫਾਹੇ ਲਾਉਣ ਦੀ ਬਦਨਾਮੀ ਤੋਂ ਬਚ ਕੇ ਆਪਣੇ ਰਾਜਸੀ ਮੁਫ਼ਾਦ ਪੂਰੇ ਕਰ ਲੈਣ ਦਾ ਮਹਿਫੂਜ਼ ਰਾਹ ਹੈ। ਅਜਿਹੀ ਰਾਜਸੀ ਨਸਲ ਦੀ ਸਰਹੱਦ ਦੇ ਇਸ ਪਾਰ ਵੀ ਕਮੀ ਨਹੀਂ ਹੈ ਜੋ ਗਾਹੇ-ਬਗਾਹੇ ਵੱਖੋ-ਵੱਖਰੇ ਮੁੱਦਿਆਂ ਉੱਪਰ ਜੰਗਬਾਜ਼ ਹੋਕਰੇ ਮਾਰ ਕੇ ਆਪਣੀ 'ਦੇਸ਼ਭਗਤੀ' ਦਾ ਸਬੂਤ ਦੇਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀ। ਇਸ ਦਾ ਹੋਛਾ ਇਜ਼ਹਾਰ ਸਰਬਜੀਤ ਦੇ ਅੰਤਿਮ ਸੰਸਕਾਰ ਮੌਕੇ ਵੀ ਪੂਰੀ ਬੇਹਯਾਈ ਨਾਲ ਸਾਹਮਣੇ ਆਇਆ ਹੈ। ਆਪਣੇ ਅਵਾਮ ਦੀ "ਸਮੂਹਕ ਭਾਵਨਾ" ਦੇ ਨਾਂ ਹੇਠ ਬਦਲਾਖ਼ੋਰੀ ਦੀ ਸਿਆਸਤ ਕਰਨ ਦੀ ਗਰਜ ਸਰਹੱਦ ਦੇ ਉਸ ਪਾਰ ਦੇ ਹੁਕਮਰਾਨਾਂ ਨੂੰ ਵੀ ਓਨੀ ਹੀ ਹੈ ਜਿੰਨੀ ਇਸ ਪਾਰ ਵਾਲਿਆਂ ਨੂੰ। ਜੇ ਪਿਛਲੇ ਸਾਲ ਜੂਨ ਮਹੀਨੇ ਦੀ 26 ਤਰੀਕ ਨੂੰ ਸਰਬਜੀਤ ਦੀ ਰਿਹਾਈ ਦੇ ਐਲਾਨ ਤੋਂ ਠੀਕ ਪੰਜ ਘੰਟੇ ਬਾਅਦ ਪਾਕਿਸਤਾਨੀ ਹੁਕਮਰਾਨ ਰਿਹਾਈ ਦੇ ਘਚੋਲੇ ਦਾ ਜ਼ਿੰਮੇਵਾਰ ਮੀਡੀਆ ਨੂੰ ਠਹਿਰਾ ਕੇ ਉਸ ਦੀ ਰਿਹਾਈ ਤੋਂ ਮੁੱਕਰ ਸਕਦੇ ਹਨ ਤਾਂ ਉਨ੍ਹਾਂ ਉੱਪਰ ਪੈ ਰਹੇ ਰਾਜਸੀ ਗਰਜਾਂ ਦੇ ਦਬਾਅ ਨੂੰ ਸਮਝਿਆ ਜਾ ਸਕਦਾ ਹੈ। ਦੋਵਾਂ ਮੁਲਕਾਂ ਦੇ ਹੁਕਮਰਾਨਾਂ ਲਈ ਨਾ ਕਸਾਬ, ਅਫ਼ਜ਼ਲ ਗੁਰੂ, ਸਰਬਜੀਤ ਜਾਂ ਦਵਿੰਦਰਪਾਲ ਸਿੰਘ ਭੁੱਲਰ ਦੇ ਪਰਿਵਾਰ ਦੀਆਂ ਰਹਿਮ ਦੀਆਂ ਅਰਜੋਈਆਂ ਤੇ ਤਰਲੇ ਕੋਈ ਅਰਥ ਰੱਖਦੇ ਹਨ, ਨਾ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਹੋਰ ਇਨਸਾਫ਼ ਤੇ ਅਮਨਪਸੰਦ ਲੋਕਾਂ ਦੀਆਂ ਇਨ੍ਹਾਂ ਦੀਆਂ ਜਾਨਾਂ ਬਚਾਉਣ ਲਈ ਲਾਮਬੰਦ ਕੀਤੀਆਂ ਲੋਕ ਰਾਇ ਮੁਹਿੰਮਾਂ। ਜੇ ਇਸ ਜਾਂ ਉਸ ਪਾਰ ਦੇ ਹੁਕਮਰਾਨ ਐਨੇ ਹੀ ਅਮਨ-ਪ੍ਰੇਮੀ, ਦਿਆਨਤਦਾਰ ਤੇ ਗ਼ਲਤੀਆਂ ਤੋਂ ਸਿੱਖਣ ਵਾਲੇ ਇਮਾਨਦਾਰੀ ਦੇ ਪੁਤਲੇ ਹੁੰਦੇ ਤਾਂ ਵਾਘੇ ਵਾਲੀ ਲਕੀਰ ਹੀ ਕਿਉਂ ਹੁੰਦੀ ਅਤੇ ਦੋਵਾਂ ਗੁਆਂਢੀ ਮੁਲਕਾਂ ਦਰਮਿਆਨ ਵਾਰ-ਵਾਰ ਜੰਗ ਰੂਪੀ ਖ਼ੂਨ-ਖ਼ਰਾਬਾ ਹੀ ਕਿਉਂ ਹੁੰਦਾ? ਦੋਵੇਂ ਪਾਸੇ ਸੰਜੀਦਾ ਰਾਜਸੀ ਪਹੁੰਚ ਨਦਾਰਦ ਹੈ ਅਤੇ ਜੰਗਬਾਜ਼ੀ ਭਾਰੂ ਹੈ। ਦੋਵੇਂ ਹੁਕਮਰਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਦੁਵੱਲੇ ਅਮਨ-ਅਮਾਨ ਦਾ ਮਤਲਬ ਹੈ, ਇਨ੍ਹਾਂ ਮੁਲਕਾਂ ਦੇ ਖ਼ਾਕ-ਨਸ਼ੀਨ ਅਵਾਮ ਦਾ ਅੰਨ੍ਹੇ ਕੌਮੀ ਜਨੂੰਨ ਦੀ ਬੇਸੁਰਤੀ ਵਿਚੋਂ ਜਾਗ ਕੇ ਆਪਣੇ ਅਸਲ ਮਸਲਿਆਂ ਬਾਰੇ ਸੋਚ-ਵਿਚਾਰ ਦੇ ਰਾਹ ਤੁਰਨਾ। ਫਿਰ ਨਾ ਇਹ ਹੁਕਮਰਾਨ ਤਖ਼ਤ-ਨਸ਼ੀਨ ਰਹਿਣਗੇ, ਨਾ ਇਨ੍ਹਾਂ ਦੇ ਰਾਜ ਰਹਿਣਗੇ। ਅਮਨ-ਅਮਾਨ ਨਾਲ ਇਨ੍ਹਾਂ ਦੇ ਰਾਜ ਤਖ਼ਤ ਹੀ ਨਹੀਂ, ਆਲਮੀ ਪੱਧਰ ਦੀ ਜੰਗੀ ਸਾਜ਼ੋ-ਸਮਾਨ ਬਣਾਉਣ ਵਾਲੀ ਸਨਅਤ ਦੀ ਹੋਂਦ ਹੀ ਖ਼ਤਰੇ 'ਚ ਪੈ ਜਾਵੇਗੀ ਜੋ ਜੰਗ ਦੇ ਬੱਦਲ ਮੰਡਰਾਉਣ 'ਤੇ ਹੀ ਮੁਨਾਫ਼ੇ ਕਮਾ ਸਕਦੀ ਹੈ। ਲਿਹਾਜ਼ਾ, ਭਾਰਤੀ ਹੁਕਮਰਾਨ ਉਸ ਨੂੰ 'ਦਲੇਰ ਪੁੱਤਰ' ਤੇ 'ਕੌਮੀ ਸ਼ਹੀਦ' ਕਹਿ ਕੇ ਆਪਣੇ ਉਸ ਘਿਨਾਉਣੇ ਮੁਜਰਮਾਨਾ ਕਿਰਦਾਰ ਤੋਂ ਸੁਰਖ਼ਰੂ ਹੋ ਨਹੀਂ ਹੋ ਸਕਦੇ ਜਿਸ ਦੀ ਸਰਬਜੀਤ ਵਰਗੇ ਨਾਗਰਿਕਾਂ ਨੂੰ ਜਸੂਸ ਬਣਾ ਕੇ ਬਲਦੀ ਦੇ ਬੁੱਥੇ ਦੇਣ 'ਚ ਮੁੱਖ ਭੂਮਿਕਾ ਹੈ ਸਗੋਂ ਇਹ ਆਪਣੇ ਕਿਰਦਾਰ ਉੱਪਰ ਮੋਹਰ ਹੀ ਲਾ ਰਹੇ ਹਨ। ਇਨ੍ਹਾਂ ਦੀ ਵਜ੍ਹਾ ਨਾਲ ਭਵਿਖ ਵਿਚ ਵੀ ਬੇਸ਼ੁਮਾਰ ਸਰਬਜੀਤ ਤੇ ਕਸਾਬ ਲਕੀਰ ਦੇ ਦੋਵੇਂ ਪਾਸੇ ਬਲੀ ਦੇ ਬੱਕਰੇ ਬਣਾਏ ਜਾਂਦੇ ਰਹਿਣਗੇ।

ਸਰਬਜੀਤ ਭਾਰਤ ਵਲੋਂ ਭੰਨਤੋੜ ਕਰਨ ਲਈ ਭੇਜਿਆ ਜਾਸੂਸ ਸੀ ਜਾਂ ਨਹੀਂ, ਇਸ ਬਾਰੇ ਦੋਵਾਂ ਮੁਲਕਾਂ ਦੇ ਹੁਕਮਰਾਨਾਂ ਦੇ ਦਾਅਵਿਆਂ, ਪ੍ਰਤੀ-ਦਾਅਵਿਆਂ ਦਾ ਹਰ ਕਿਸੇ ਨੂੰ ਚੰਗੀ ਤਰ੍ਹਾਂ ਪਤਾ ਹੈ। ਜੇ ਭਾਰਤੀ ਹੁਕਮਰਾਨ ਸਰਬਜੀਤ ਦੇ ਬੇਕਸੂਰ ਹੋਣ ਦੀ ਪੈਰਵਾਈ ਕਰਦੇ ਤਾਂ ਉਨ੍ਹਾਂ ਨੂੰ ਇਹ ਦੱਸਣਾ ਪੈਣਾ ਸੀ ਕਿ ਪਾਕਿਸਤਾਨ ਵਿਚ ਕੀਤੇ ਬੰਬ ਧਮਾਕਿਆਂ ਦਾ ਅਸਲ ਮੁਜਰਮ ਮਨਜੀਤ ਸਿੰਘ ਹੈ ਜੋ ਭਿੱਖੀਵਿੰਡ ਵਾਲਾ ਸਰਬਜੀਤ ਨਹੀਂ ਹੈ। ਭਾਰਤੀ ਰਾਜ ਨੂੰ ਆਪਣਾ ਘਿਣਾਉਣਾ ਕਿਰਦਾਰ ਢਕੀ ਰੱਖਣ 'ਚ ਹੀ ਫ਼ਾਇਦਾ ਸੀ। ਇਸ ਲਈ ਭਿੱਖੀਵਿੰਡ ਵਾਲੇ ਸਰਬਜੀਤ ਨੂੰ ਬਲੀ ਦਾ ਬੱਕਰਾ ਬਣਨ ਦਿੱਤਾ ਗਿਆ। ਉਂਜ ਭਾਰਤੀ ਹੁਕਮਰਾਨਾਂ ਨੇ ਉਸ ਨੂੰ ਕੌਮੀ ਸ਼ਹੀਦ ਕਰਾਰ ਦੇ ਕੇ ਉਸ ਦੀ ਉਹ ਭੂਮਿਕਾ ਤਸਲੀਮ ਕਰ ਲਈ ਹੈ ਜਿਸ ਦਾ ਇਲਜ਼ਾਮ ਪਾਕਿਸਤਾਨ ਲਾ ਰਿਹਾ ਹੈ। ਭਾਰਤੀ ਹੁਕਮਰਾਨਾਂ ਨੂੰ ਇਹ ਜਵਾਬ ਤਾਂ ਦੇਣਾ ਹੀ ਪਵੇਗਾ ਕਿ ਜੇ ਸਰਬਜੀਤ ਬੇਕਸੂਰ ਸੀ ਤਾਂ ਫਿਰ ਉਨ੍ਹਾਂ ਦੇ ਮੁਲਕ ਦਾ ਇਕ 'ਬੇਕਸੂਰ' ਨਾਗਰਿਕ ਜੋ 30 ਅਗਸਤ 1990 ਦੇ ਦਿਨ ਸ਼ਰਾਬ ਦੇ ਨਸ਼ੇ 'ਚ ਕਸੂਰ ਕੋਲੋਂ ਸਰਹੱਦ ਪਾਰ ਕਰ ਗਿਆ ਦੱਸਿਆ ਜਾਂਦਾ ਹੈ, ਗੁਆਂਢੀ ਮੁਲਕ ਵਿਚ ਗ਼ਲਤੀ ਨਾਲ ਪੈਰ ਧਰਨ ਕਰ ਕੇ ਹੀ 23 ਵਰ੍ਹੇ ਉੱਥੋਂ ਦੀ ਜੇਲ੍ਹ ਵਿਚ ਪਲ ਪਲ ਮੌਤ ਦੇ ਸਾਏ ਹੇਠ ਕਿਉਂ ਸੜਦਾ ਰਿਹਾ? ਭਾਰਤੀ ਰਾਜ ਨੇ ਉਸ ਦੀ ਪੈਰਵਾਈ ਸੰਜੀਦਗੀ ਨਾਲ ਕਰ ਕੇ ਉਸ ਦੀ ਬੰਦ-ਖ਼ਲਾਸੀ ਨਹੀਂ ਕਰਵਾਈ, ਪਰ ਹੁਣ ਇਲਾਕਾ ਪੱਧਰ ਦੇ ਆਗੂ ਤੋਂ ਲੈ ਕੇ ਰਾਹੁਲ ਗਾਂਧੀ ਤਕ, ਹਰ ਕੋਈ ਉਸ ਨੂੰ ਸ਼ਹੀਦ ਕਰਾਰ ਦੇ ਕੇ ਹੇਜ ਦਿਖਾ ਰਿਹਾ ਹੈ। ਕੀ ਇਸ ਲਈ ਭਾਰਤੀ ਰਾਜ ਦੀ ਹੈਂਕੜਬਾਜ਼ ਬਦੇਸ਼ ਨੀਤੀ ਮੁੱਖ ਜ਼ਿੰਮੇਵਾਰ ਨਹੀਂ ਹੈ ਜੋ ਦੋਵਾਂ ਮੁਲਕਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਸੁਖਾਵੇਂ ਬਣਾਉਣ ਦੇ ਕੂਟਨੀਟਕ ਯਤਨ ਇਮਾਨਦਾਰੀ ਨਾਲ ਕਰਨ ਦੀ ਬਜਾਏ ਅਕਸਰ ਹੀ ਧੌਂਸਬਾਜ਼ੀ ਤੇ ਹੈਂਕੜਬਾਜ਼ੀ ਨਾਲ ਪੇਸ਼ ਆਉਂਦੀ ਹੈ? ਪਰ ਜਦੋਂ ਭਾਰਤੀ ਹੁਕਮਰਾਨ ਉਸ ਨੂੰ ਕੌਮੀ ਸ਼ਹੀਦ ਕਰਾਰ ਦੇ ਰਹੇ ਹਨ ਤਾਂ ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਉਸ ਦੀ ਸ਼ਹਾਦਤ ਕਿਹੜਾ 'ਕੌਮੀ' ਫਰਜ਼ ਅਦਾ ਕਰਦਿਆਂ ਹੋਈ? ਚਾਹੇ ਉਸ ਨੇ ਸ਼ਰਾਬ ਦੇ ਨਸ਼ੇ ਵਿਚ ਸਰਹੱਦ ਪਾਰ ਕੀਤੀ ਹੋਵੇ, ਜਾਂ 'ਰਾਅ' ਦੇ ਖ਼ੁਫ਼ੀਆ ਏਜੰਟ ਵਜੋਂ ਗੁਆਂਢੀ ਮੁਲਕ ਦੀ ਜਸੂਸੀ ਕਰਨ ਲਈ; ਦੋਵੇਂ ਹਾਲਾਤ 'ਚ ਉਸ ਦੇ ਕਿਰਦਾਰ ਦਾ ਸ਼ਹਾਦਤ ਨਾਲ ਕੋਈ ਲਾਗਾ-ਦੇਗਾ ਨਹੀਂ ਹੈ।

ਜੇ ਭਾਰਤੀ ਹੁਕਮਰਾਨਾਂ ਦੇ ਬੇਰਹਿਮ ਦਿਲਾਂ 'ਚ ਅਫ਼ਜ਼ਲ ਗੁਰੂ ਜਾਂ ਪਾਕਿਸਤਾਨੀ ਨਾਗਰਿਕ ਅਜਮਲ ਕਸਾਬ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਇਨਸਾਨੀ ਹਮਦਰਦੀ ਪੈਦਾ ਨਹੀਂ ਹੋਈ, ਫਿਰ ਉਨ੍ਹਾਂ ਨੂੰ ਆਪਣੇ ਪਾਕਿਸਤਾਨੀ ਸ਼ਰੀਕਾਂ ਤੋਂ ਇਨਸਾਨੀ ਰਵੱਈਆ ਅਪਨਾਉਣ ਦੀ ਤਵੱਕੋ ਰੱਖਣ ਦਾ ਕੀ ਇਖ਼ਲਾਕੀ ਹੱਕ ਹੈ? ਉਨ੍ਹਾਂ ਨੇ ਖ਼ੁਦ ਕਸਾਬ ਜਾਂ ਅਫ਼ਜ਼ਲ ਦੇ ਮਾਮਲੇ 'ਚ ਰਹਿਮ ਦੀ ਇਹੀ ਦਰਿਆਦਿਲੀ ਦਿਖਾਉਣ ਦਾ ਜਸ ਕਿਉਂ ਨਹੀਂ ਖੱਟ ਲਿਆ? ਜੇ ਕਸ਼ਮੀਰੀ ਅਫ਼ਜ਼ਲ ਗੁਰੂ



ਸਰਬਜੀਤ ਸਿੰਘ



ਅਫ਼ਜ਼ਲ ਗੁਰੂ



ਅਜਮਲ ਕਸਾਬ



ਦਵਿੰਦਰਪਾਲ ਸਿੰਘ ਭੁੱਲਰ

## ਦੇਸ-ਪਰਦੇਸ

ਜਿਸ ਕਸ਼ਮੀਰ ਨੂੰ ਭਾਰਤ ਦਾ 'ਅਨਿੱਖੜ ਅੰਗ' ਦੱਸਿਆ ਜਾਂਦਾ ਹੈ, ਨੂੰ ਮੁਲਕ ਦਾ ਆਪਣਾ ਹੁਕਮਰਾਨ ਲਾਣਾ ਅਤੇ ਇੱਥੋਂ ਦਾ ਇਨਸਾਫ਼-ਤੰਤਰ ਨਿਰਦੋਸ਼ ਕਰਾਰ ਦੇ ਕੇ ਵੀ "ਕੌਮ ਦੀ ਸਮੂਹਕ ਭਾਵਨਾ ਦੀ ਤਸੱਲੀ" ਲਈ ਫਾਹੇ ਲਾਉਣ ਲਈ ਬਜ਼ਿਦ ਰਿਹਾ ਤੇ ਉਸ ਦੇ ਪਰਿਵਾਰ ਦੀ ਫਰਿਆਦ ਦੇ ਬਾਵਜੂਦ ਉਸ ਦੀ ਲਾਸ਼ ਵੀ ਨਹੀਂ ਦਿੱਤੀ, ਫਿਰ 'ਬੇਗਾਨੇ' ਪਾਕਿਸਤਾਨ ਦੇ ਹੁਕਮਰਾਨਾਂ ਜਾਂ ਉਥੋਂ ਦੀ ਅਦਾਲਤ ਦਾ ਤਾਂ ਸਰਬਜੀਤ ਲਗਦਾ ਹੀ ਕੀ ਸੀ? ਉਨ੍ਹਾਂ ਨੇ ਘੱਟੋ-ਘੱਟ ਲਾਸ਼ ਤਾਂ ਦੇ ਦਿੱਤੀ ਹੈ! ਆਪਣੇ ਹੀ ਨਾਗਰਿਕ ਦਵਿੰਦਰਪਾਲ ਸਿੰਘ ਭੁੱਲਰ ਦੇ ਟੱਬਰ ਦੀਆਂ ਰਹਿਮ ਦੀਆਂ ਅਪੀਲਾਂ ਅਤੇ ਜਮਹੂਰੀਅਤਪਸੰਦ ਅਵਾਮ ਦੀ ਆਵਾਜ਼ ਨੂੰ ਇਥੋਂ ਦੇ ਹੁਕਮਰਾਨ ਸੱਚੇ ਮਨੋਂ ਕਿੰਨਾ ਕੁ ਗੌਲ਼ ਰਹੇ ਹਨ? ਰਾਜਸੀ ਗਿਣਤੀਆਂ-ਮਿਣਤੀਆਂ ਕਰ ਕੇ ਉਸ ਦੀ ਫਾਂਸੀ ਆਰਜ਼ੀ ਤੌਰ 'ਤੇ ਅੱਗੇ ਪਾਉਣਾ ਹੋਰ ਗੱਲ ਹੈ। ਤਕਨੀਕੀ-ਕਾਨੂੰਨੀ ਨਜ਼ਰੀਏ ਤੋਂ, ਇਲਜ਼ਾਮ ਤਾਂ ਕਸਾਬ ਅਤੇ ਸਰਬਜੀਤ ਦੋਵਾਂ ਉੱਪਰ ਇਕੋ ਸਨ-ਦੂਜੇ ਮੁਲਕ ਵਿਚ ਜਾ ਕੇ ਮੌਤ ਦਾ ਛੱਟਾ ਦੇ ਕੇ ਦਰਜਨਾਂ ਮਨੁੱਖੀ ਜਾਨਾਂ ਲੈਣ ਦੇ। ਕਿਤੇ ਦਹਿਸ਼ਤੀ ਹਮਲੇ ਦਾ ਮੰਚ ਮੁੰਬਈ ਦਾ ਤਾਜ ਹੋਟਲ ਜਾਂ ਛਤਰਪਤੀ ਸ਼ਿਵਾ ਜੀ ਰੇਲਵੇ ਸਟੇਸ਼ਨ ਸੀ ਅਤੇ ਕਿਤੇ ਲਾਹੌਰ ਜਾਂ ਫੈਸਲਾਬਾਦ ਦੇ ਭੀੜ-ਭੜੱਕੇ ਵਾਲੀਆਂ ਥਾਵਾਂ। ਇਲਜ਼ਾਮਾਂ ਦੀ ਸਚਾਈ ਵੀ ਦੋਵੇਂ ਪਾਰ ਦੇ ਹੁਕਮਰਾਨ ਖ਼ੁਦ ਹੀ ਜਾਣਦੇ ਹਨ ਜਿਸ ਉੱਪਰੋਂ ਸ਼ਾਇਦ ਹੀ ਕਦੇ ਪਰਦਾ ਉੱਠੇ; ਕਿਉਂਕਿ ਕਸਾਬ, ਤਾਰਿਕ ਵਰਗੇ ਸਬੂਤ ਹੀ ਮਿਟਾ ਦਿੱਤੇ ਗਏ ਜੋ ਕਦੇ ਵੀ ਅਸਲ ਕਹਾਣੀ ਸਾਹਮਣੇ ਲਿਆ ਸਕਦੇ ਸਨ। ਅਫ਼ਜ਼ਲ ਗੁਰੂ ਉੱਪਰ ਵੀ ਇਹੀ ਇਲਜ਼ਾਮ ਸਨ ਅਤੇ ਭੁੱਲਰ ਉੱਪਰ ਵੀ ਇਲਜ਼ਾਮ ਇਸੇ ਤਰ੍ਹਾਂ ਦੇ ਹਨ-ਦਰਜਨਾਂ ਮਨੁੱਖੀ ਜਾਨਾਂ ਲੈਣ ਦੇ। ਫਿਰ ਭਾਰਤੀ ਹੁਕਮਰਾਨਾਂ ਦਾ ਇਨ੍ਹਾਂ ਪ੍ਰਤੀ ਇਨਸਾਨੀ ਰਵੱਈਆ ਕਿਉਂ ਨਹੀਂ ਰਿਹਾ?

ਹੁਕਮਰਾਨ ਖ਼ੁਦ ਕਬੂਲ ਕਰਦੇ ਹਨ ਕਿ ਇਸ ਵਕਤ ਭਾਰਤ ਦੀਆਂ ਜੇਲ੍ਹਾਂ ਵਿਚ 272 ਪਾਕਿਸਤਾਨੀ ਬੰਦ ਹਨ। ਦੂਜੇ ਪਾਸੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 483 ਮਛੇਰਿਆਂ ਸਮੇਤ 535 ਭਾਰਤੀ ਬੰਦ ਦੱਸੇ ਜਾਂਦੇ ਹਨ। ਕੀ ਭਾਰਤ ਦੇ ਹੁਕਮਰਾਨਾਂ ਨੇ ਕਿੰਨਿਆਂ ਪ੍ਰਤੀ ਇਨਸਾਨੀ ਰਵੱਈਆ ਅਪਣਾ ਕੇ ਉਨ੍ਹਾਂ ਦੇ ਵਤਨ ਭੇਜਿਆ ਹੈ ਜਿਸ ਦੇ ਅਧਾਰ 'ਤੇ ਉਨ੍ਹਾਂ ਦੀ ਮੰਗ ਪਾਕਿਸਤਾਨ ਉੱਪਰ ਮੋੜਵਾਂ ਇਖ਼ਲਾਕੀ ਦਬਾਅ ਬਣੇ? ਕੀ ਸਰਬਜੀਤ ਦੀ ਮੌਤ ਤੋਂ ਸਬਕ ਸਿੱਖ ਕੇ ਹੁਕਮਰਾਨ ਇਨ੍ਹਾਂ 535 ਬੰਦਿਆਂ ਦੀ ਬੰਦ-ਖ਼ਲਾਸੀ ਲਈ ਸੰਜੀਦਾ ਕੋਸ਼ਿਸ਼ਾਂ ਕਰਨਗੇ?

ਇਸ ਡੂੰਘੇ ਸਦਮੇ ਦੀ ਘੜੀ ਗੁਆਂਢੀ ਮੁਲਕ ਦਾ ਝੰਡਾ ਸਾੜ ਕੇ, ਪਾਕਿਸਤਾਨ ਨੂੰ ਕੋਸ ਕੇ, ਉਸ ਦੇ ਖ਼ਿਲਾਫ਼ ਭੜਾਸ ਕੱਢ ਕੇ ਉਹ ਭੋਲੇ-ਭਾਲੇ ਲੋਕ ਤਾਂ ਮਨ ਨੂੰ ਤਸੱਲੀ ਦੇ ਸਕਦੇ ਹਨ ਜਿਨ੍ਹਾਂ ਦੇ ਦਿਮਾਗ ਸ਼ਾਤਰ ਹੁਕਮਰਾਨਾਂ ਵਲੋਂ ਭਰੇ ਅੰਨ੍ਹੇ ਕੌਮੀ ਜਨੂੰਨ ਨਾਲ ਮਦਹੋਸ਼ ਹਨ; ਜਿਨ੍ਹਾਂ ਦੇ ਅੰਨ੍ਹੇ ਕੌਮਵਾਦ ਦੀ ਪੱਟੀ ਨਾਲ ਢਕੇ ਦੀਦੇ ਸਾਡੇ ਆਪਣੇ ਹੁਕਮਰਾਨਾਂ ਦੇ ਮੁਜਰਮਾਨਾ ਕਿਰਦਾਰ ਨੂੰ ਵੇਖਣ ਸਮਝਣ ਤੋਂ ਆਹਰੀ ਹਨ; ਪਰ ਹੋਸ਼ਮੰਦ ਨਾਗਰਿਕਾਂ ਨੂੰ ਉਨ੍ਹਾਂ ਸਵਾਲਾਂ ਨੂੰ ਮੁਖ਼ਾਤਬ ਹੋ ਕੇ ਜਵਾਬ ਜ਼ਰੂਰ ਲੱਭਣੇ ਹੋਣਗੇ ਜਿਨ੍ਹਾਂ ਕਾਰਨ ਸਰਬਜੀਤ ਪਾਕਿਸਤਾਨ ਦੀ ਜੇਲ੍ਹ ਵਿਚ ਸੀ ਅਤੇ ਕਸਾਬ ਭਾਰਤ ਦੀ ਜੇਲ੍ਹ ਵਿਚ। ਸਰਹੱਦ ਦੇ ਦੋਵੇਂ ਪਾਰ "ਦਹਿਸ਼ਤਗ਼ਰਦ" ਹਮਲਿਆਂ ਦੇ ਇਹ ਥੀਏਟਰ ਕਿਉਂ ਅਤੇ ਕਿਵੇਂ ਹੋਂਦ ਵਿਚ ਆਉਂਦੇ ਹਨ, ਇਨ੍ਹਾਂ ਉੱਪਰ ਖੇਡੇ ਜਾਂਦੇ ਦਹਿਸ਼ਤਗਰਦੀ ਦੇ ਨਾਟਕਾਂ ਦੀਆਂ ਅਸਲ ਸੂਤਰਧਾਰ ਤਾਕਤਾਂ ਕੌਣ ਹਨ ਤੇ ਇਨ੍ਹਾਂ ਦੇ ਹਿੱਤ ਕੀ ਹਨ? ਇਸ ਸਿਆਸਤ ਦੀ ਟੇਕ ਅਮਨ-ਅਮਾਨ ਨਹੀਂ ਬਲਦੇ ਸਿਵੇ ਹਨ। ਇਨ੍ਹਾਂ ਸੂਤਰਧਾਰਾਂ ਦੀ ਸ਼ਨਾਖ਼ਤ ਤੇ ਪਰਦਾਫਾਸ਼ ਹੀ ਇਸ ਦੀ ਜ਼ਾਮਨੀ ਬਣ ਸਕਦੀ ਹੈ ਕਿ ਭਵਿੱਖ ਵਿਚ ਕੋਈ ਹੋਰ ਸਰਬਜੀਤ, ਕਸਾਬ ਜਾਂ ਅਫ਼ਜ਼ਲ ਗੁਰੂ ਕਤਲ ਨਹੀਂ ਹੋਣਗੇ। ਹੁਣ ਲੋੜ ਜਜ਼ਬਾਤ ਦੇ ਵਹਿਣ 'ਚ ਵਹਿਣ ਦੀ ਬਜਾਏ ਇਨ੍ਹਾਂ ਅਸਲ ਸਵਾਲਾਂ ਨੂੰ ਮੁਖ਼ਾਤਬ ਹੋਣ ਦੀ ਹੈ।

# ਪ੍ਰਾਹੁਣਚਾਰੀ, ਪਿਕਨਿਕ ਤੇ ਪ੍ਰਚਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪੂਰੇ ਪੰਜਾਬ ਵਿਚ ਵੀ ਇਹ ਅਖਾਣ ਕਿਹਾ-ਸੁਣਿਆ ਜਾਂਦਾ ਹੋਵੇ, ਇਹਦਾ ਤਾਂ ਮੈਨੂੰ ਪਤਾ ਨਹੀਂ; ਪਰ ਸਾਡੇ ਦੁਆਬੇ ਵਿਚ ਇਹ ਉਦੋਂ ਵਰਤਿਆ ਜਾਂਦਾ ਹੈ, ਜਦੋਂ ਕੋਈ ਜਣਾ ਕਿਸੇ ਇਕ ਕੰਮ ਨੂੰ ਗਿਆ ਹੋਇਆ, ਨਾਲੋ ਨਾਲ ਕਈ ਹੋਰ ਕੰਮ ਵੀ ਝੁੱਗੇ ਵਿਚ ਹੀ ਨੇਪਰੇ ਚਾੜ੍ਹ ਆਵੇ: ਨਾਲੇ ਦੇਵੀ ਦੇ ਦਰਸ਼ਨ, ਨਾਲੇ ਮੁੰਜ ਬਗੜ ਦਾ ਸੌਦਾ।

ਤਕਰੀਬਨ ਸਾਰੀਆਂ ਦੇਵੀਆਂ ਦੇ ਮੰਦਰ ਪਹਾੜਾਂ ਵਿਚ ਹੀ ਹਨ। ਪਹਾੜੀ ਖੇਤਰ ਵਿਚ ਹੀ ਮੁੰਜ ਤੇ ਬਗੜ ਬਹੁਤ ਹੁੰਦੀ ਹੈ। ਦੁਆਬੇ ਵਿਚ ਵਸਦੇ ਦੇਵੀ-ਭਗਤ ਸ਼ਰਧਾਲੂ 'ਮਾਤਾ' ਦੇ ਦਰਸ਼ਨਾਂ ਨੂੰ ਗਏ, ਮੁੜਦੇ ਹੋਏ ਮੰਜੇ ਬੁਣਨ ਜਾਂ ਰੱਸੇ ਵਗੈਰਾ ਬਣਾਉਣ ਵਾਸਤੇ ਮੁੰਜ ਜਾਂ ਬਗੜ ਵੀ ਖਰੀਦ ਲਿਆਉਂਦੇ ਹੋਣਗੇ। ਇਸ ਰਿਵਾਜ ਵਿਚੋਂ ਇਹ ਕਹਾਵਤ ਹੋਂਦ ਵਿਚ ਆਈ ਹੋਵੇਗੀ। ਇਹੋ ਜਿਹੇ ਹਾਲਾਤ ਨੂੰ ਇਕ ਹੋਰ ਕਹਾਵਤ ਵਿਚ ਵੀ ਲਪੇਟਿਆ ਜਾਂਦਾ ਹੈ: ਇਕ ਪੰਥ, ਦੋ ਕਾਜ।

ਵੈਸੇ ਕਦੀ-ਕਦੀ ਇੰਜ ਵੀ ਹੋ ਜਾਂਦਾ ਹੈ ਕਿ ਇੱਥੋ ਪੰਥ, ਭਾਵ ਇਕ ਰਸਤੇ 'ਤੇ ਦੋ ਕਾਜ ਕਰਨੇ ਮਿਥ ਕੇ ਤੁਰੇ ਹੋਏ ਬੰਦੇ ਦੇ ਦੋ ਛੱਡਿਆਂ, ਇਕ ਵੀ ਕਾਜ ਦੀ ਪੂਰੀ ਨਹੀਂ ਪੈਂਦੀ; ਪਰ ਕਦੇ ਬਾਬੇ ਦੀ ਫੁੱਲ ਕ੍ਰਿਪਾ ਐਸੀ ਹੋ ਜਾਂਦੀ ਹੈ ਕਿ ਦੋਂਹ ਕੰਮਾਂ ਦੀ ਜਗ੍ਹਾ ਕਈ-ਕਈ ਕਾਰਜ ਸਫਲੇ ਹੋ ਜਾਂਦੇ ਹਨ। ਜਿਵੇਂ ਐਤਕੀ ਵਿਸਾਖੀ ਨੂੰ ਮੇਰੇ ਅਤੇ ਮੇਰੇ ਕੁਝ ਮਿੱਤਰਾਂ ਨਾਲ ਹੋਇਆ। ਪੰਜਾਬ ਰਹਿੰਦਿਆਂ ਤਾਂ ਹਰ ਸਾਲ ਵਿਸਾਖੀ ਸ੍ਰੀ ਅਨੰਦਪੁਰ ਸਾਹਿਬ ਜਾਂ ਕਿਸੇ ਹੋਰ ਇਤਿਹਾਸਕ ਗੁਰਧਾਮ ਵਿਖੇ ਪੱਕੀ ਹੁੰਦੀ ਸੀ, ਲੇਕਿਨ ਪਰਦੇਸ ਵਿਚ ਆ ਕੇ ਸਾਰੇ ਦਿਨ-ਦਿਹਾਰ, 'ਸੰਡੇ' ਦੀ ਬੁੱਕਲ ਵਿਚ ਹੀ ਸਿਮਟ ਜਾਂਦੇ ਹੋਣ ਕਾਰਨ, ਪੰਜਾਬ ਵਾਲੇ ਉਸ ਉਤਸ਼ਾਹ ਤੇ ਉਮਾਹ ਜਿਹੀ ਗੱਲ ਨਹੀਂ ਬਣਦੀ। ਰਹਿੰਦੀ ਕਸਰ ਇਥੇ ਦੀ ਕੋਹਲੂ ਦੇ ਬੈਲ ਵਾਲੀ ਜ਼ਿੰਦਗੀ ਕੱਢ ਦਿੰਦੀ ਹੈ ਜੋ ਵਿਸਾਖੀਆਂ-ਦੀਵਾਲੀਆਂ ਮਨਾਉਣ ਦੀਆਂ ਰੀਝਾਂ ਨੂੰ ਸਿਰ ਵੀ ਚੁੱਕਣ ਨਹੀਂ ਦਿੰਦੀ।

ਇਸ ਵਰ੍ਹੇ (2013) ਦੀ ਵਿਸਾਖੀ ਤੋਂ ਮਹੀਨਾ ਕੁ ਪਹਿਲੋਂ ਮੇਰੇ ਮਿੱਤਰ ਡਾ. ਗੁਰਮੀਤ ਸਿੰਘ ਬਰਸਾਲ ਨੇ ਇਕ ਦਿਨ ਮੈਨੂੰ ਫੋਨ 'ਤੇ ਪੁੱਛਿਆ ਕਿ ਐਤਕੀਂ ਵਿਸਾਖੀ 'ਤੇ ਕਿਤੇ ਚੱਲੀਏ? ਮੇਰੇ ਮੂੰਹੋਂ 'ਚਲੋ ਚੱਲਾਂਗੇ' ਸੁਣ ਕੇ ਉਨ੍ਹਾਂ ਮੈਨੂੰ ਚਾਰ ਦਿਨ ਦੀ ਦਾ ਬੰਦੋਬਸਤ ਕਰਨ ਲਈ ਆਖਦਿਆਂ 'ਵਿਸਾਖੀ ਟੂਰ' ਦਾ ਪ੍ਰੋਗਰਾਮ ਵਿਸਥਾਰ ਸਹਿਤ ਦੱਸਿਆ। ਇਹ ਸੁਣ ਕੇ ਮੇਰੀਆਂ ਵੀ ਵਾਛਾਂ ਖਿੜ ਗਈਆਂ, ਜਦ ਮੈਨੂੰ ਪਤਾ ਲੱਗਾ ਕਿ ਪੂਰੀ ਨਿਸ਼ਕਾਮਤਾ ਨਾਲ ਗੁਰਮਤਿ ਪ੍ਰਚਾਰ 'ਚ ਜੁੱਟੀ ਹੋਈ ਕਿਰਤੀ ਨੌਜਵਾਨਾਂ ਦੀ ਜਥੇਬੰਦੀ 'ਵਰਲਡ ਸਿੱਖ ਫੈਡਰੇਸ਼ਨ' ਦਾ ਸਥਾਨਕ ਗਰੁੱਪ ਕੈਨੇਡਾ ਦੇ ਸਰੀ ਸ਼ਹਿਰ ਦੇ ਵਿਸਾਖੀ ਜੋੜ ਮੇਲੇ ਵਿਚ ਸ਼ਾਮਲ ਹੋਣ ਲਈ ਕਮਰ ਕੱਸੀ ਬੈਠਾ ਹੈ। ਦੋ-ਤਿੰਨ ਥਾਂਵਾਂ 'ਤੇ ਇਸ ਸੰਸਥਾ ਵੱਲੋਂ ਚਲਾਈਆਂ ਗਈਆਂ ਪ੍ਰਚਾਰ ਮੁਹਿੰਮਾਂ ਵਿਚ ਮੈਂ ਖੁਦ ਹਿੱਸਾ ਲੈ ਚੁੱਕਾ ਸਾਂ। ਅਸਲ ਵਿਚ ਇਸ ਜਥੇਬੰਦੀ ਦੇ ਵਾਲੰਟੀਅਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਰਹਿਤ ਮਰਯਾਦਾ ਨੂੰ ਆਧਾਰ ਮੰਨ ਕੇ ਸਿੱਖੀ ਵਿਚ ਘਸੋੜੇ ਜਾ ਰਹੇ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਗੁਰਡੰਮ ਵਿਰੁਧ ਪੂਰੇ ਸਿਰੜ ਨਾਲ ਚੇਤਨਾ ਲਹਿਰ ਚਲਾ ਰਹੇ ਹਨ। ਗਿਣਤੀ-ਮਿਣਤੀ ਵਾਲੇ ਜਪਾਂ-ਤਪਾਂ ਦੀ ਥਾਂ ਇਹ ਕਰਨੀ ਵਿਚ ਸ਼ੁੱਧਤਾ ਲਿਆਉਣ ਦੀ ਡਟ ਕੇ ਵਕਾਲਤ ਕਰਦੇ ਹਨ। ਮੈਂ ਨੇੜਿਉਂ ਹੋ ਕੇ ਦੇਖ ਚੁੱਕਾ ਹਾਂ ਕਿ ਇਹ ਨੌਜਵਾਨ, ਭਾਈ ਕਾਹਨ ਸਿੰਘ ਰਚਿਤ 'ਗੁਰਮਤਿ ਮਾਰਤੰਡ' (ਦੋ ਭਾਗ) ਵਿਚ ਲਿਖੀ ਤਤਿ-ਗੁਰਮਤਿ ਨੂੰ ਹੀ ਪ੍ਰਚਾਰਦੇ ਹਨ।

ਕਿਸੇ ਨਾਲ ਮਿੱਤਰਤਾ ਨਿਭਣ ਦੇ ਛੇ ਲੱਛਣਾਂ ਦੀ ਸਾਂਝ ਲਾਜ਼ਮੀ ਹੋਣ ਬਾਰੇ ਇਕ ਗ੍ਰੰਥਕਾਰ ਲਿਖਦਾ ਹੈ:

ਆਸ਼ਾ, ਇਸ਼ਟ, ਉਪਾਸਨਾ,
ਖਾਨ-ਪਾਨ ਪਹਿਰਾਨ।
ਯਹ ਖਟ ਗੁਣ ਜਹਿ ਮਿਲੇ,
ਤਹਿ ਮਿਤਰਤਾ ਜਾਨ।

ਇਸ ਦੋਹੇ ਅਨੁਸਾਰ ਵਰਲਡ ਸਿੱਖ ਫੈਡਰੇਸ਼ਨ ਦੇ ਸੇਵਾਦਾਰਾਂ ਨਾਲ ਮੇਰੀ ਦੋਸਤੀ ਹੋਣੀ ਸੁਭਾਵਿਕ ਹੀ ਸੀ। ਸੋ, ਮੈਂ ਵੱਡੇ ਚਾਅ ਨਾਲ ਡਾ. ਬਰਸਾਲ ਨੂੰ ਸਰੀ ਜਾਣ ਲਈ ਪੱਕੀ 'ਹਾਂ' ਕਰ ਦਿੱਤੀ।

ਮਿੱਥੇ ਪ੍ਰੋਗਰਾਮ ਮੁਤਾਬਕ ਅਸੀਂ 19 ਅਪਰੈਲ ਵਾਲੇ ਦਿਨ ਪੰਜ-ਛੇ ਜਣੇ ਸੁਵਖਤੇ ਹੀ ਓਕਲੈਂਡ ਹਵਾਈ ਅੱਡੇ 'ਤੇ ਪਹੁੰਚ ਗਏ। ਗੋਰੇ ਯਾਤਰੂਆਂ ਦੀ ਲਾਈਨ ਵਿਚ ਲੱਗੇ ਹੋਏ ਅਸੀਂ ਖੱਟੀਆਂ-ਨੀਲੀਆਂ ਪੱਗਾਂ ਤੇ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਨਿਵੇਕਲੇ ਤੇ ਓਪੜਵੇਂ ਦਿਖਾਈ ਦੇ ਰਹੇ ਸਾਂ। ਆਪਣੇ ਮਿੱਤਰਾਂ ਨਾਲ ਦਿਲਲਗੀ ਕਰਦਿਆਂ ਮੈਂ ਇਕ ਗੱਲ ਸੁਣਾਈ ਕਿ ਕਥਾਵਾਚਕ ਗਿਆਨੀ ਗੁਰਚਰਨ ਸਿੰਘ ਵੈਦ ਸਿੱਖ ਸਰੂਪ ਦੀ ਵਿਲੱਖਣ ਆਭਾ ਬਾਬਤ ਕਿਹਾ ਕਰਦੇ ਸਨ ਕਿ ਹੋਰ ਕਿਸੇ ਵੀ ਧਰਮ ਦੇ ਪੈਰੋਕਾਰ ਦਸਾਂ-ਪੰਦਰਾਂ-ਵੀਹਾਂ ਦੀ ਗਿਣਤੀ ਵਿਚ ਕਿਤੇ ਸ਼ਹਿਰ-ਬਾਜ਼ਾਰ ਵਿਚ ਤੁਰੇ ਜਾਂਦੇ ਹੋਣ ਤਾਂ ਉਨ੍ਹਾਂ ਨੂੰ ਕੋਈ ਨਹੀਂ ਗੌਲਦਾ; ਲੇਕਿਨ ਜੇ ਬਾਣੇ ਵਿਚ ਸਜੇ ਤਿਆਰ-ਬਰ-ਤਿਆਰ ਪੰਜ ਸਿੰਘ ਬਾਜ਼ਾਰ ਵਿਚੋਂ ਲੰਘ ਜਾਣ ਤਾਂ ਸਾਰੇ ਲੋਕੀਂ ਅੱਡੀਆਂ ਚੁੱਕ-ਚੁੱਕ ਉਨ੍ਹਾਂ ਵੱਲ ਦੇਖਣਗੇ ਕਿ ਅੱਜ ਖਾਲਸੇ ਨੇ ਪਤਾ ਨਹੀਂ ਕਿੱਧਰ ਨੂੰ ਚੜ੍ਹਾਈ ਕੀਤੀ ਹੈ!

ਇੰਜ ਹੱਸਦੇ-ਹਸਾਉਂਦੇ ਅਸੀਂ ਅਮਰੀਕਾ ਦੇ ਸਰਹੱਦੀ ਸ਼ਹਿਰ ਬੈਲੀਗੈਮ ਜਾ ਉਤਰੇ। ਆਪੋ ਆਪਣੇ ਬੈਗ ਚੁੱਕੀ ਏਅਰਪੋਰਟ ਤੋਂ ਬਾਹਰ ਨਿਕਲਦੇ ਸਮੇਂ ਮੈਨੂੰ ਇਕ ਹੋਰ 'ਫੁਰਲੀ' ਸੁੱਝ ਗਈ। ਪੁਰਾਣੀ ਗੱਲ ਹੈ, ਕਹਿੰਦੇ ਇੰਗਲੈਂਡ ਰਹਿੰਦਾ ਕੋਈ ਪੰਜਾਬੀ ਆਪਣੇ ਗੋਰੇ ਮਿੱਤਰ ਨੂੰ ਪੰਜਾਬ ਦਿਖਾਲਣ ਨਾਲ ਲੈ ਗਿਆ। ਕਿਸੇ ਦੇ ਘਰ ਅਖੰਡ ਪਾਠ ਦੇ ਭੋਗ 'ਤੇ ਦੋਵੇਂ ਸ਼ਾਮਲ ਹੋਏ। ਸਮਾਪਤੀ ਦੀ ਅਰਦਾਸ ਤੋਂ ਬਾਅਦ ਪ੍ਰਸ਼ਾਦ ਲੈ ਕੇ ਪੰਡਾਲ ਤੋਂ ਬਾਹਰ ਆਉਂਦਿਆਂ ਪੰਜਾਬੀ ਨੇ ਗੋਰੇ ਮਿੱਤਰ ਨੂੰ ਪੁੱਛਿਆ ਕਿ ਸਾਡੇ 'ਰਿਲੀਜਨ' ਦੀ 'ਪਰੇਅਰ' ਤੈਨੂੰ ਕੈਸੀ ਲੱਗੀ? ਗੋਰਾ ਕਹਿੰਦਾ, "ਭਰਾਵਾ, ਮੈਂ ਤਾਂ ਉਦੋਂ ਸੁੱਖ ਦਾ ਸਾਹ ਲਿਆ, ਜਦੋਂ 'ਪਰੇਅਰ' ਦੇ ਚਲਦਿਆਂ ਹੀ ਅਚਾਨਕ ਨੰਗੀ ਕ੍ਰਿਪਾਨ ਕੱਢ ਕੇ ਖੜ੍ਹ ਗਏ ਸਿੰਘ ਨੇ ਮੁੜ ਕ੍ਰਿਪਾਨ ਮਿਆਨ ਵਿਚ ਪਾ ਲਈ।"

ਕੜਾਹ-ਪ੍ਰਸ਼ਾਦ ਵਿਚ ਕ੍ਰਿਪਾਨ ਭੇਟ ਕਰਨ ਵਾਲੇ ਸਿੰਘ ਵੱਲ ਦੇਖ ਕੇ ਗੋਰਾ ਭੈਅ-ਭੀਤ ਹੋ ਗਿਆ ਸੀ। ਇਸੇ ਗੱਲ ਦੇ ਹਵਾਲੇ ਨਾਲ ਮੈਂ ਕਿਆਸ ਲਾਉਂਦਿਆਂ ਆਖਿਆ ਕਿ ਦੋਸਤੋ, ਸਾਡੇ ਨਾਲ ਜਹਾਜ਼ ਵਿਚ ਬੈਠੇ ਸਾਰੇ ਗੋਰੇ ਗੋਰੀਆਂ ਨੇ ਵੀ ਉਦੋਂ ਸੁੱਖ ਦਾ ਸਾਹ ਲਿਆ ਹੋਣੈ, ਜਦੋਂ ਅਸੀਂ ਪੰਜੇ-ਛੇਏ ਜਣੇ ਜਹਾਜ਼ ਵਿਚੋਂ ਬਾਹਰ ਆ ਗਏ।

ਅਗਾਂਹ ਸਾਡਾ ਸਰੀ ਵਾਲਾ ਮੇਜ਼ਬਾਨ ਮਿੱਕੀ ਸਿੰਘ ਵੱਡੀ ਵੈਨ ਲੈ ਕੇ ਪਹੁੰਚਿਆ ਹੋਇਆ ਸੀ। ਉਸ ਨੇ ਸਾਡਾ ਸਮਾਨ ਵੈਨ ਦੇ ਪਿੱਛੇ ਸਲੀਕੇ ਨਾਲ ਰੱਖ ਦਿੱਤਾ। ਹੁਣ ਸਾਡੀ ਵੈਨ ਵਰ੍ਹਦੇ ਮੀਂਹ ਵਿਚ ਬਾਰਡਰ ਵੱਲ ਭੱਜ ਰਹੀ ਸੀ। ਬਾਰਡਰ ਟੱਪਦਿਆਂ ਕੈਨੇਡਾ ਵਾਲੇ ਪਾਸੇ ਲੱਗੇ ਬੋਰਡ ਉਤੇ ਮਾਂ-ਬੋਲੀ ਪੰਜਾਬੀ ਵਿਚ ਲਿਖੇ ਹੋਏ 'ਸਵਾਗਤ' ਦੇ ਸ਼ਬਦ ਦੇਖ ਕੇ ਮੈਨੂੰ ਕੁਝ ਦਿਨ ਪਹਿਲਾਂ ਦੇਖੀ ਉਹ ਫੋਟੋ ਯਾਦ ਆ ਗਈ ਜਿਸ ਵਿਚ ਪੰਜਾਬੀ ਦੇ ਕਈ ਸ਼ੁਭਚਿੰਤਕ ਚੰਡੀਗੜ੍ਹ ਧਰਨਾ ਮਾਰੀ ਬੈਠੇ ਸਨ। ਉਹ ਮੰਗ ਕਰ ਰਹੇ ਸਨ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣਾਏ ਸ਼ਹਿਰ ਚੰਡੀਗੜ੍ਹ ਵਿਚ ਪੰਜਾਬੀ ਬੋਲੀ ਨੂੰ ਬਣਦਾ ਸਤਿਕਾਰ ਦਿੱਤਾ ਜਾਵੇ। ਸਰਹੰਦ ਨਹਿਰ ਦਾ ਭੁਲੇਖਾ ਪਾਉਂਦੀ ਨਦੀ ਲੰਘ ਕੇ ਅਸੀਂ ਜਲਦੀ ਹੀ ਸਰੀ ਪਹੁੰਚ ਗਏ।




ਕੈਨੇਡੀਅਨ ਐਮ ਪੀ ਗੁਰਮੰਤ ਗਰੇਵਾਲ ਤੇ ਨੀਨਾ ਗਰੇਵਾਲ ਨਾਲ ਲੇਖਕ ਦੁਪਾਲਪੁਰ

ਮਿੱਕੀ ਸਿੰਘ ਦੇ ਘਰ ਪਹੁੰਚੇ ਤਾਂ ਪਰਿਵਾਰ ਦੇ ਜੀਆਂ ਨੇ ਸਾਡਾ ਸਕੇ-ਸੋਹਰੇ ਰਿਸ਼ਤੇਦਾਰਾਂ ਵਾਂਗ ਸਵਾਗਤ ਕੀਤਾ। ਦੂਜੇ ਦਿਨ 20 ਅਪਰੈਲ ਨੂੰ ਕਿਉਂਕਿ ਸਰੀ ਦੀ ਇਤਿਹਾਸਕ ਖਾਲਸਾ ਡੇਅ ਪਰੇਡ ਵਿਚ ਅਸੀਂ ਸਟਾਲ ਲਾਉਣਾ ਸੀ, ਬਿਨਾਂ ਦੇਰ ਕੀਤਿਆਂ ਅਸੀਂ ਤਜਵੀਜ਼ਸ਼ੁਦਾ ਪ੍ਰਚਾਰ-ਮੁਹਿੰਮ ਦੀਆਂ ਤਿਆਰੀਆਂ ਵਿਚ ਰੁੱਝ ਗਏ। ਵਰਲਡ ਸਿੱਖ ਫੈਡਰੇਸ਼ਨ ਦੀ ਅਮਰੀਕਨ ਯੂਨਿਟ ਦੇ ਭਾਈ ਅਜੈਬ ਸਿੰਘ ਸਿਆਟਲ, ਹਰਮਿੰਦਰ ਸਿੰਘ ਸੇਖਾ ਤੇ ਭਾਈ ਹਰਬਖਸ਼ ਸਿੰਘ ਨੇ ਫਟਾ ਫਟ ਫੋਨ ਖੜਕਾਏ ਅਤੇ ਸਾਰੇ ਵੀਰਾਂ ਨੂੰ ਭਾਈ ਸ਼ੌਕੀਨ ਸਿੰਘ 'ਚੁੱਪ ਕੀਤੀ' ਦੇ ਘਰੇ ਮੀਟਿੰਗ ਹੋਣ ਦਾ ਸੁਨੇਹਾ ਭੇਜ ਦਿੱਤਾ।

ਨਗਰ ਕੀਰਤਨ ਵਿਚ ਫੈਡਰੇਸ਼ਨ ਦੀ ਪ੍ਰਚਾਰ ਮੁਹਿੰਮ ਸਫਲਤਾ ਸਹਿਤ ਨੇਪਰੇ ਚਾੜ੍ਹਨ ਲਈ ਇਸ ਪਹਿਲੀ ਮੀਟਿੰਗ ਵਿਚ ਸਪੋਕਨ, ਟੋਰਾਂਟੋ, ਐਬਟਸਫੋਰਡ, ਕੈਲਗਰੀ, ਡੰਕਨ ਅਤੇ ਡੈਲਟਾ ਤੋਂ ਨੌਜਵਾਨ ਪਹੁੰਚੇ। ਸ਼ੇਰ-ਏ-ਪੰਜਾਬ ਰੇਡੀਓ ਦੇ ਹੋਸਟ ਕੁਲਦੀਪ ਸਿੰਘ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿਚ ਦੂਜੇ ਦਿਨ ਦੇ ਪ੍ਰੋਗਰਾਮਾਂ ਦੀ ਰੂਪ-ਰੇਖਾ ਉਲੀਕਣ ਦੇ ਨਾਲ-ਨਾਲ ਸਿੱਖ ਜਗਤ ਨੂੰ ਘੁਣ ਵਾਂਗ ਖੋਖਲਾ ਕਰ ਰਹੇ ਡੇਰਾਵਾਦ ਬਾਰੇ ਗਹਿਰ-ਗੰਭੀਰ ਵਿਚਾਰ ਮੰਥਨ ਕੀਤਾ ਗਿਆ। ਦੇਰ ਰਾਤ ਤੱਕ ਚੱਲੀ ਇਸ ਮੀਟਿੰਗ ਵਿਚ ਵਰਲਡ ਸਿੱਖ ਫੈਡਰੇਸ਼ਨ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕੀਤਾ ਗਿਆ। ਸਾਰਿਆਂ ਦਾ ਮੱਤ ਸੀ ਕਿ ਫੈਡਰੇਸ਼ਨ ਨੂੰ ਪ੍ਰਧਾਨ-ਸਕੱਤਰਾਂ ਦੇ ਅਹੁਦਿਆਂ ਵਾਲੀ ਲਾਲਸਾ ਦੀ ਬਿਮਾਰੀ ਤੋਂ ਮੁਕਤ ਰੱਖਿਆ ਜਾਵੇ।

ਦੂਜੇ ਦਿਨ ਆਸਮਾਨ ਬਿਲਕੁਲ ਸਾਫ਼ ਹੋ ਗਿਆ। ਸੂਰਜ ਦੀਆਂ ਕੇਸਰੀ ਕਿਰਨਾਂ ਸਰੀ ਸ਼ਹਿਰ ਦੀਆਂ ਸੜਕਾਂ ਦੇ ਦੋਹੀਂ ਪਾਸੀਂ ਲੱਗੇ ਹੋਏ ਦੁਧੀਆ ਤੰਬੂ ਨਿਹਾਰ ਰਹੀਆਂ ਸਨ। ਹੌਲੀ-ਹੌਲੀ ਚਹਿਲ-ਪਹਿਲ ਹੋਣ ਲੱਗੀ। ਢਾਡੀਆਂ ਦੀਆਂ ਢੱਡਾਂ ਦੀ 'ਡੁੱਗ ਡੁੱਗ' ਅਤੇ ਸਾਰੰਗੀਆਂ ਦੀ ਟੁਣਕਾਰ ਕੰਨਾਂ ਵਿਚ ਗੂੰਜਣ ਲੱਗੀ। ਦੇਖਦਿਆਂ ਹੀ ਦੇਖਦਿਆਂ ਇੰਨਾ ਇਕੱਠ ਹੋ ਗਿਆ ਕਿ ਇਉਂ ਜਾਪਣ ਲੱਗਾ, ਜਿਵੇਂ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਵਿਚ ਪਹੁੰਚ ਗਏ ਹੋਈਏ। ਬਹੁਤ ਸਾਰੇ ਕਾਰੋਬਾਰੀ ਅਦਾਰਿਆਂ ਅਤੇ ਧਾਰਮਿਕ ਤੇ ਸਮਾਜੀ ਜਥੇਬੰਦੀਆਂ ਨੇ ਆਪੋ-ਆਪਣੇ ਫਲੋਟ ਜਾਂ ਸਟਾਲ ਸਜਾਏ ਹੋਏ ਸਨ। ਵੰਨ-ਸੁਵੰਨੇ ਖਾਦ ਪਦਾਰਥਾਂ ਦਾ ਅਤੁੱਟ ਲੰਗਰ ਵਰਤਾਇਆ ਜਾ ਰਿਹਾ ਸੀ। ਤਲੇ ਜਾ ਰਹੇ ਪਕੌੜਿਆਂ-ਸਮੋਸਿਆਂ ਦੀ ਮਸਾਲਿਆਂ ਵਾਲੀ ਸੁਗੰਧੀ ਬਦੋ-ਬਦੀ ਭੁੱਖ ਲੱਗੀ ਹੋਣ ਦਾ ਭੁਲੇਖਾ ਪਾ ਰਹੀ ਸੀ।

ਸ਼ੇਰ-ਏ-ਪੰਜਾਬ ਰੇਡੀਓ ਦੀ ਸਟੇਜ ਤੋਂ ਵਿਸਾਖੀ ਬਾਰੇ ਬੋਲਣ ਲਈ ਮੈਨੂੰ ਵੀ ਮੌਕਾ ਮਿਲਿਆ। ਫੈਡਰੇਸ਼ਨ ਦੇ ਸਟਾਲ ਤੋਂ ਪ੍ਰੋ. ਸਰਬਜੀਤ ਸਿੰਘ ਧੂੰਦਾ, ਭਾਈ ਪੰਥਪ੍ਰੀਤ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਅਮਰੀਕ ਸਿੰਘ ਚੰਡੀਗੜ੍ਹ, ਭਾਈ ਹਰਜਿੰਦਰ ਸਿੰਘ ਸਭਰਾ, ਭਾਈ ਪਰਮਜੀਤ ਸਿੰਘ ਉਤਰਾਖੰਡ ਅਤੇ ਭਾਈ ਹਰਭਜਨ ਸਿੰਘ ਨਿਊ ਯਾਰਕ ਵਾਲਿਆਂ ਦੀਆਂ ਹਜ਼ਾਰਾਂ ਸੀ.ਡੀਆਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਵੱਖ-ਵੱਖ ਵਿਸ਼ਿਆਂ 'ਤੇ ਲਿਖੇ ਹੋਏ ਪੈਂਫਲਿਟ ਵੀ ਵੰਡੇ ਗਏ। ਇਥੇ ਹੀ ਬਤੌਰ ਵਾਲੰਟੀਅਰ ਸੇਵਾ ਕਰਦਿਆਂ ਸਾਨੂੰ ਸਥਾਨਕ ਮੀਡੀਏ ਵਾਲੇ ਮਿਲੇ ਜਿਨ੍ਹਾਂ ਵਿਚੋਂ 'ਚੜ੍ਹਦੀ ਕਲਾ', 'ਅਕਾਲ ਗਾਰਡੀਅਨ', 'ਪੰਜਾਬੀ ਟ੍ਰਿਬਿਊਨ' ਅਤੇ 'ਪੰਜਾਬ ਗਾਰਡੀਅਨ' ਅਖ਼ਬਾਰਾਂ ਦੇ ਸੰਪਾਦਕ ਸ਼ਾਮਲ ਸਨ। ਅਨੇਕਾਂ ਨਵੇਂ ਪੁਰਾਣੇ ਮਿੱਤਰਾਂ ਨਾਲ ਮਿਲਾਪ ਹੋਇਆ।

ਫੈਡਰੇਸ਼ਨ ਦੇ ਇਕ ਪੈਨਲ ਨੇ ਰੇਡੀਓ ਸ਼ੇਰ-ਏ-ਪੰਜਾਬ, ਰੇਡੀਓ ਰੈਡ ਐਫ਼.ਐਮ., ਰੇਡੀਓ ਇੰਡੀਆ ਅਤੇ ਇਕ ਟੀ.ਵੀ. ਚੈਨਲ ਤੋਂ ਪ੍ਰਸਾਰਤ ਕੀਤੇ ਟਾਕ ਸ਼ੋਅ ਵਿਚ ਸਰੋਤਿਆਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਪੈਨਲ ਵਿਚ ਮੇਰੇ ਸਮੇਤ ਡਾ. ਬਰਸਾਲ, ਬਾਵਾ ਸਿੰਘ, ਬੀਬੀ ਕਮਲਜੀਤ ਕੌਰ, ਹਰਬਖਸ਼ ਸਿੰਘ ਰਾਊਕੇ, ਅਜੈਬ ਸਿੰਘ ਸਿਆਟਲ ਅਤੇ ਰਛਪਾਲ ਸਿੰਘ ਬਾਹੋਵਾਲ ਸ਼ਾਮਲ ਸਨ। ਤੀਜੇ ਦਿਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਵੀ ਸਾਨੂੰ ਵਿਚਾਰ ਪ੍ਰਗਟਾਉਣ ਦਾ ਸਮਾਂ ਮਿਲਿਆ। ਇਸੇ ਤਰ੍ਹਾਂ ਵੈਨਕੂਵਰ ਦੀ ਸਿੱਖ ਸਟੱਡੀ ਸੈਂਟਰ ਐਂਡ ਟੀਚਿੰਗ ਸੁਸਾਇਟੀ ਦੇ ਮੁੱਖ ਦਫ਼ਤਰ ਵਿਚ ਪ੍ਰਬੰਧਕਾਂ ਨੇ ਫੈਡਰੇਸ਼ਨ ਦੀ ਕਾਰਜਸ਼ੈਲੀ ਦੀ ਭਰਪੂਰ ਸ਼ਲਾਘਾ ਕੀਤੀ। ਭਰਵੇਂ ਇਕੱਠ ਵਿਚ ਸਾਰੇ ਸੇਵਾਦਾਰਾਂ ਨੂੰ ਕਿਤਾਬਾਂ ਦੇ ਸੈਟ ਭੇਟ ਕਰ ਕੇ ਸਨਮਾਨਤ ਕੀਤਾ ਗਿਆ। ਕਿਣ-ਮਿਣ ਵਾਲੇ ਮੌਸਮ ਵਿਚ ਸ. ਕਰਨੈਲ ਸਿੰਘ ਸ਼ੇਖੂਪੁਰ ਦੇ ਘਰੇ ਪਕੌੜੇ ਛਕਦਿਆਂ ਆਪਣੇ ਪਿੰਡਾਂ ਦੀਆਂ ਗੱਲਾਂ ਕਰ ਕੇ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਸ. ਗੁਰਲਾਲ ਸਿੰਘ ਦੇ ਘਰੇ ਮੋਹ ਨਾਲ ਤਿਆਰ ਕੀਤਾ ਹੋਇਆ ਲੰਚ ਛਕਿਆ।

ਇਨ੍ਹਾਂ ਚਹੁੰ ਦਿਨਾਂ ਵਿਚ ਸਾਡੀ ਪਿਕਨਿਕ ਵੀ ਹੋ ਗਈ, ਪ੍ਰਾਹੁਣਚਾਰੀ ਦਾ ਲੁਤਫ਼ ਵੀ ਲੈ ਲਿਆ ਅਤੇ ਯਥਾਯੋਗ ਗੁਰਮਤਿ ਦਾ ਪ੍ਰਚਾਰ ਵੀ ਹੋ ਗਿਆ।




ਵਰਲਡ ਸਿੱਖ ਫੈਡਰੇਸ਼ਨ ਦੇ ਸੇਵਾਦਾਰ

## 'ਮੇਰੇ ਪਾਸ ਮੀਡੀਆ ਹੈ'

(ਸਫਾ 13 ਦੀ ਬਾਕੀ)

ਉਨ੍ਹਾਂ ਨੇ ਸੌਦਾ ਵੀ ਬਹੁਤ ਸਸਤੇ ਭਾਅ 'ਚ ਕਰ ਲਿਆ ਹੋਵੇਗਾ। ਬਸ, ਉਥੋਂ ਹੀ ਮੈਂ ਫ਼ੈਸਲਾ ਕਰ ਲਿਆ ਕਿ ਮੈਂ ਵੀ ਆਪਣਾ ਚੈਨਲ ਕਾਇਮ ਕਰ ਕੇ ਹੀ ਸਾਹ ਲਵਾਂਗਾ।

ਇਹ ਹਾਲਾਤ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਦੋ ਚੀਜ਼ਾਂ ਨੂੰ ਬਰਬਾਦ ਕਰ ਦੇਵੇਗੀ। ਸਭ ਤੋਂ ਪਹਿਲਾਂ ਤਾਂ ਮੀਡੀਆ ਬਾਜ਼ਾਰ ਨੂੰ ਨੁਕਸਾਨ ਪਹੁੰਚਾਏਗੀ ਕਿਉਂਕਿ ਇਸ ਨਾਲ ਤਨਖਾਹ ਅਤੇ ਇਸ਼ਤਿਹਾਰ ਦੇਣ ਵਾਲਿਆਂ ਤੇ ਸਪਾਂਸਰਾਂ ਨਾਲ ਤੈਅ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ ਤੇ ਇਸ ਨਾਲ ਸਾਡੇ ਇਸ ਪੇਸ਼ੇ ਦੀ ਨੀਂਹ ਹੀ ਹਿੱਲ ਜਾਵੇਗੀ। ਕਈ ਦਹਾਕਿਆਂ ਦੀ ਇਮਾਨਦਾਰੀ ਤੇ ਮਾਣ-ਸਨਮਾਨ ਖੂਹ 'ਚ ਪੈ ਜਾਵੇਗਾ। ਪੱਤਰਕਾਰੀ ਵੀ ਕਈ ਅਰਥਾਂ 'ਚ ਡਾਕਟਰੀ ਪੇਸ਼ੇ ਵਾਂਗ ਹੀ ਪਵਿੱਤਰ ਪੇਸ਼ਾ ਹੈ।

ਇਸ ਖੇਤਰ 'ਚ ਹੋ ਰਹੀ ਮੌਜੂਦਾ ਘੁਸਪੈਠ ਵੀ ਪੱਤਰਕਾਰਾਂ ਪ੍ਰਤੀ ਸਨਮਾਨ ਦੀ ਭਾਵਨਾ ਘਟਾਉਣ ਲਈ ਜ਼ਿੰਮੇਵਾਰ ਹੈ। ਹੁਣ ਤਾਂ ਹਿੰਦੀ ਸਿਨੇਮਾ 'ਚ ਵੀ ਪੱਤਰਕਾਰਾਂ ਨੂੰ ਬਹੁਤ ਮਜ਼ਾਕੀਆ ਰੂਪ 'ਚ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਹਾਲਾਤ 'ਚ ਕੀਤਾ ਕੀ ਜਾਵੇ? ਕੋਈ ਵੀ ਅਜਿਹਾ ਸੁਝਾਅ ਜੋ ਸਰਕਾਰ ਜਾਂ ਕਿਸੇ ਹੋਰ ਬਾਡੀ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਦੇਣ ਦੀ ਗੱਲ ਕਰਦਾ ਹੈ ਕਿ ਮੀਡੀਆ ਦਾ ਮਾਲਕ ਕੌਣ ਹੋਵੇਗਾ, ਜ਼ਰੂਰ ਹੀ ਵਿਨਾਸ਼ਕਾਰੀ ਹੈ।

ਇਸ ਸਮੇਂ ਅਜਿਹੀ ਕੋਈ ਸ਼ਰਤ ਨਹੀਂ ਹੈ ਕਿ ਮੀਡੀਆ ਦਾ ਮਾਲਕ ਕੌਣ ਬਣ ਸਕਦਾ ਹੈ ਤੇ ਕੌਣ ਨਹੀਂ; ਪਰ ਆਪਸੀ ਮੁਕਾਬਲੇਬਾਜ਼ੀ ਅਤੇ 'ਸਨਸਨੀਖੇਜ਼' ਖੁਲਾਸਿਆਂ ਦੇ ਮੁੱਦੇ 'ਤੇ ਖੁੱਲ੍ਹੀ ਅਤੇ ਵਿਆਪਕ ਬਹਿਸ ਹੋਣੀ ਚਾਹੀਦੀ ਹੈ।

**Quick Stop 40, Oklahoma**

**Help Wanted**

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

## ਅਮਰੀਕ ਸਿੰਘ ਬਸਰਾ ਗੁਰਦੁਆਰਾ ਕਰਾਊਨ ਪੁਆਇੰਟ ਦੇ ਪ੍ਰਧਾਨ ਬਣੇ

**ਕਰਾਊਨ ਪੁਆਇੰਟ, ਇੰਡੀਆਨਾ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ ਦੀ ਗਵਰਨਿੰਗ ਬਾਡੀ ਦੀ ਸਾਲ 2013-2015 ਲਈ ਸਰਬਸੰਮਤੀ ਨਾਲ ਹੋਈ ਚੋਣ ਵਿਚ ਸ. ਅਮਰੀਕ ਸਿੰਘ ਬਸਰਾ ਪ੍ਰਧਾਨ ਚੁਣੇ ਗਏ। ਬਾਕੀ ਅਹੁਦੇਦਾਰਾਂ ਵਿਚ ਸ. ਕੁਲਦੀਪ ਸਿੰਘ ਟਾਂਡਾ ਕਾਰਜਕਾਰੀ ਸਕੱਤਰ, ਸ. ਰਾਜਿੰਦਰ ਸਿੰਘ ਬੈਂਸ ਵਿਤ ਸਕੱਤਰ, ਸ. ਗੁਰਮੀਤ ਸਿੰਘ ਧਾਰਮਕ ਸਕੱਤਰ ਅਤੇ ਸ. ਲਖਵਿੰਦਰ ਸਿੰਘ ਚੀਮਾ ਸਿੱਖਿਆ ਅਤੇ ਲੋਕ ਸੰਪਰਕ ਸਕੱਤਰ ਚੁਣੇ ਗਏ ਹਨ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਡਾਇਰੈਕਟਰਾਂ ਦੇ ਬੋਰਡ ਨੇ ਚੋਣ ਉਪਰੰਤ ਨਵੇਂ ਪ੍ਰਧਾਨ ਸ. ਅਮਰੀਕ ਸਿੰਘ ਬਸਰਾ ਅਤੇ ਹੋਰ ਅਹੁਦੇਦਾਰਾਂ ਨੂੰ ਵਧਾਈ ਦਿਤੀ। ਬੋਰਡ ਨੇ ਪਹਿਲੀ ਗਵਰਨਿੰਗ ਬਾਡੀ ਦੇ ਮੈਂਬਰਾਂ ਵਲੋਂ ਕੀਤੀ ਗਈ ਸੇਵਾ ਦੀ ਪ੍ਰਸ਼ੰਸਾ ਕਰਦਿਆਂ ਆਸ ਪ੍ਰਗਟਾਈ ਕਿ ਨਵੀਂ ਕਮੇਟੀ ਵੀ ਗੁਰੂਘਰ ਦੀ ਸੇਵਾ ਤਨਦੇਹੀ ਨਾਲ ਕਰੇਗੀ। ਆਨਰੇਰੀ ਮੈਂਬਰ ਸ. ਇੰਦਰਪਾਲ ਸਿੰਘ ਨੂੰ ਬੋਰਡ ਦੇ ਨਵੇਂ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ।

ਅਹੁਦਾ ਛਡ ਰਹੇ ਪ੍ਰਧਾਨ ਸ. ਗੁਰਨਾਮ ਸਿੰਘ ਸਿੱਧੂ ਨੇ ਆਪਣੇ ਕਾਰਜਕਾਰੀ ਸਕੱਤਰ ਅਤੇ ਪ੍ਰਧਾਨ ਹੋਣ ਦੇ ਸਮੇਂ ਬੋਰਡ ਮੈਂਬਰਾਂ ਅਤੇ ਗਵਰਨਿੰਗ ਬਾਡੀ ਦਾ ਮਿਲੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਗੁਰੂਘਰ ਦੀ ਅਗੋਂ ਵੀ ਪੂਰੀ ਨਿਸ਼ਠਾ ਨਾਲ ਸੇਵਾ ਕਰਦੇ ਰਹਿਣਗੇ। ਉਨ੍ਹਾਂ ਨਵੇਂ ਚੁਣੇ ਗਏ ਪ੍ਰਧਾਨ ਨੂੰ ਜੀ ਆਇਆਂ ਕਿਹਾ। ਉਪਰੰਤ ਗੁਰੂ ਮਹਾਰਾਜ ਅਗੇ ਅਰਦਾਸ ਕੀਤੀ ਗਈ।

# ਐਮ ਟੀ ਏ ਦੇ ਸਿੱਖ ਮੁਲਾਜ਼ਮਾਂ ਨੇ ਮਨਾਇਆ ਪੰਜਵਾਂ ਸਿੱਖ ਵਿਰਾਸਤ ਦਿਹਾੜਾ



**ਨਿਊ ਯਾਰਕ (ਬਿਊਰੋ):** ਐਮ ਟੀ ਏ ਨਿਊ ਯਾਰਕ ਦੇ ਸਿੱਖ ਮੁਲਾਜ਼ਮਾਂ ਵਲੋਂ ਪੰਜਵਾਂ ਸਿੱਖ ਵਿਰਾਸਤ ਦਿਹਾੜਾ ਲੰਘੇ ਸ਼ੁੱਕਰਵਾਰ ਮੈਨਹਟਨ ਦੇ ਡਾਊਨ ਟਾਊਨ ਵਿਚ ਰੇਲਵੇ ਵਿਭਾਗ ਦੀ ਬਰੌਡਵੇ ਬਿਲਡਿੰਗ ਦੇ ਹਾਲ ਵਿਚ ਮਨਾਇਆ ਗਿਆ।

ਜ਼ਿਕਰਯੋਗ ਹੈ ਕਿ ਐਮ ਟੀ ਏ ਅਧੀਨ ਨਿਊ ਯਾਰਕ ਦੀ ਰੇਲਵੇ, ਸਬਵੇ ਅਤੇ ਬੱਸਾਂ ਰਾਹੀਂ ਆਵਾਜਾਈ ਦੇ ਸਾਧਨ ਆਉਂਦੇ ਹਨ ਅਤੇ ਤੀਹ ਹਜ਼ਾਰ ਲੋਕਾਂ ਨੂੰ ਨੌਕਰੀਆਂ ਦੇਣ ਵਾਲਾ ਇਕ ਵੱਡਾ ਅਦਾਰਾ ਹੈ। ਇਸ ਵਿਚ 50 ਦੇ ਕਰੀਬ ਦਸਤਾਰਧਾਰੀ ਸਿੱਖ ਵੀ ਕੰਮ ਕਰਦੇ ਹਨ। ਇਨ੍ਹਾਂ ਸਿੱਖਾਂ ਵਲੋਂ ਪਿਛਲੇ ਪੰਜ ਸਾਲਾਂ ਤੋਂ ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਹਰ ਸਾਲ ਅਪਰੈਲ-ਮਈ ਮਹੀਨੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਿੱਖ ਵਿਰਾਸਤ ਦਿਹਾੜਾ ਮਨਾਇਆ ਜਾਂਦਾ ਹੈ।

ਇਸ ਵਾਰ ਦੇ ਸਮਾਗਮ ਵਿਚ ਢਾਈ ਸੌ ਦੇ ਕਰੀਬ ਗੈਰ ਸਿੱਖ ਮੁਲਾਜ਼ਮ ਸ਼ਾਮਲ ਹੋਏ। ਆਏ ਮਹਿਮਾਨਾਂ ਨੂੰ ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਬਾਰੇ ਜਾਣਕਾਰੀ ਦੇਣ ਲਈ ਹਾਲ ਨੂੰ ਸੁੰਦਰ ਤਸਵੀਰਾਂ ਅਤੇ ਬੈਨਰਾਂ ਨਾਲ ਸਜਾਇਆ ਗਿਆ ਸੀ। ਸ. ਕਰਮਜੀਤ ਸਿੰਘ ਵਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਆਖੇ ਜਾਣ ਮਗਰੋਂ ਵੱਡੇ ਫਿਲਮੀ ਪਰਦੇ ਉਤੇ ਸਿੱਖ ਨੈਟ ਡਾਟ ਕਾਮ ਵਲੋਂ ਤਿਆਰ ਕੀਤੀ ਗਈ ਸਨਾਤਮ ਕੌਰ ਖਾਲਸਾ ਦੀ ਅੰਗਰੇਜ਼ੀ ਡਾਕੂਮੈਂਟਰੀ ਫਿਲਮ 'ਆਈ ਐਮ ਏ ਸਿੱਖ' (ਮੈਂ ਸਿੱਖ ਹਾਂ) ਦਿਖਾਈ ਗਈ ਜਿਸ ਵਿਚ ਸਿੱਖ ਧਰਮ ਦੇ ਪੰਜਾਂ ਕਕਾਰਾਂ, ਲੰਗਰ ਦੀ ਪ੍ਰਥਾ, ਗੁਰਦੁਆਰਿਆਂ ਅਤੇ ਸਿੱਖ ਪਰੰਪਰਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਫਿਲਮ ਨੇ ਆਏ ਗੈਰ ਸਿੱਖ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਤਾਂ ਦਿੱਤੀ ਹੀ, ਨਾਲ ਹੀ ਉਨ੍ਹਾਂ ਦੇ ਮਨ ਵਿਚ ਸਿੱਖ ਧਰਮ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਦੀ ਉਤਸੁਕਤਾ ਵੀ ਪੈਦਾ ਕੀਤੀ। ਰੇਲਵੇ ਸਟੇਸ਼ਨ ਵਿਭਾਗ ਤੋਂ ਇੰਦਰਜੀਤ ਸਿੰਘ ਉਮਰਪੁਰੀ ਨੇ 1699 ਵਿਚ ਖਾਲਸੇ ਦੀ ਸਿਰਜਣਾ ਦੀ ਅਹਿਮੀਅਤ ਅਤੇ ਖਾਲਸੇ ਦੇ ਧਰਮਾਂ ਤੋਂ ਉਪਰ ਉਠ ਕੇ ਮਨੁਖਤਾ ਦੀ ਭਲਾਈ ਲਈ ਕੰਮ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਬਾਰੇ ਜਾਣਕਾਰੀ ਦਿੱਤੀ। ਗਤਕੇ ਅਤੇ ਭੰਗੜੇ ਬਾਰੇ ਫਿਲਮਾਂ ਵੀ ਮਹਿਮਾਨਾਂ ਨੂੰ ਦਿਖਾਈਆਂ ਗਈਆਂ।

ਸਿੱਖ ਵਿਦਵਾਨ ਸ. ਗੁਰਚਰਨ ਸਿੰਘ ਲਾਂਬਾ ਦੇ ਯਤਨਾਂ ਸਦਕਾ ਗੈਟ ਪੰਜਾਬੀ ਟੀ ਵੀ ਚੈਨਲ ਵਾਸਤੇ ਪ੍ਰੋਗਰਾਮ ਰਿਕਾਰਡ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਮਹਿੰਦਰ ਸਿੰਘ ਹੇਅਰ, ਕਰਮਜੀਤ ਸਿੰਘ, ਕੁਲਦੀਪ ਸਿੰਘ, ਮੋਨਾ ਸਿੰਘ, ਨਰਿੰਦਰ ਸਿੰਘ ਬਿੰਦਰਾ, ਮਹਿੰਦਰ ਸਿੰਘ ਆਹੂਜਾ, ਬਲਦੇਵ ਸਿੰਘ, ਤਰਲੋਕ ਸਿੰਘ ਅਤੇ ਜਤਿੰਦਰਪਾਲ ਸਿੰਘ ਅਟਾਰੀ ਨੇ ਸਖਤ ਮਿਹਨਤ ਕੀਤੀ।





*ਉਘੇ ਖੇਡ ਪ੍ਰੋਮੋਟਰ ਅਤੇ ਪੰਜਾਬੀ ਵਿਰਸਾ ਸਪੋਰਟਸ ਕਲੱਬ ਨਿਊ ਯਾਰਕ ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ ਦੇ ਬੇਟੇ ਗੁਰਕਮਲ ਸਿੰਘ ਸਿੱਧੂ ਦਾ ਵਿਆਹ ਪਿਛਲੇ ਦਿਨੀਂ ਸ. ਕੁਲਦੀਪ ਸਿੰਘ ਦੀ ਸਪੁੱਤਰੀ ਮਨਪ੍ਰੀਤ ਕੌਰ ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ। ਤਸਵੀਰ ਵਿਚ ਸ. ਸਿੱਧੂ ਅਤੇ ਉਨ੍ਹਾਂ ਧੀ ਧਰਮ ਪਤਨੀ ਆਪਣੇ ਨੂੰਹ-ਪੁੱਤਰ ਨਾਲ।*

## ਮਲੇਸ਼ੀਆ ਦੀ ਸਿਆਸਤ ਵਿਚ ਛਾਏ ਭਾਰਤੀ

**ਕੁਆਲਾਲੰਪੁਰ:** ਮਲੇਸ਼ੀਆ ਵਿਚਲੇ ਸੱਤਾਧਾਰੀ ਗਠਜੋੜ ਬਰੀਸਨ ਨੈਸ਼ਨਲ ਦੀ ਜਿੱਤ ਵਿਚ ਇਸ ਮੁਲਕ ਵਿਚ ਵਸਦੇ ਭਾਰਤੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਯੂਨੀਵਰਸਿਟੀ ਸੈਨਜ ਮਲੇਸ਼ੀਆ ਦੇ ਸਹਾਇਕ ਪ੍ਰੋਫੈਸਰ ਸ਼ਿਵਾਮੁਰੂਗਨ ਪਾਂਡੀਆਂ ਨੇ ਦੱਸਿਆ ਕਿ ਬਰੀਸਨ ਗਠਜੋੜ ਕਈ ਇਲਾਕਿਆਂ ਵਿਚ ਸੀਟਾਂ ਨਹੀਂ ਸੀ ਜਿੱਤ ਸਕਦਾ, ਜੇਕਰ ਭਾਰਤੀ ਮੂਲ ਦੇ ਲੋਕ ਉਸ ਦੀ ਮਦਦ ਨਾ ਕਰਦੇ। ਇਸ ਗਠਜੋੜ ਵਿਚ ਮਲੇਸ਼ੀਅਨ ਇੰਡੀਅਨ ਕਾਂਗਰਸ ਵੀ ਸ਼ਾਮਲ ਹੈ।

ਇਹ ਪਾਰਟੀ ਮਲੇਸ਼ੀਆ ਵਿਚਲੇ ਭਾਰਤੀਆਂ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਜੀਬ ਤੁਨ ਰਜ਼ਾ ਦੀਆਂ ਕੋਸ਼ਿਸ਼ਾਂ ਸਦਕਾ ਹੀ ਭਾਰਤੀ ਭਾਈਚਾਰੇ ਦੇ ਲੋਕ ਇਸ ਗਠਜੋੜ ਨਾਲ ਜੁੜੇ ਤੇ 222 ਸੀਟਾਂ ਵਾਲੀ ਸੰਸਦ ਵਿਚ ਇਸ ਗਠਜੋੜ ਨੇ 133 ਸੀਟਾਂ ਨਾਲ ਸਾਧਾਰਨ ਬਹੁਮਤ ਹਾਸਲ ਕਰ ਲਿਆ। ਇਹ ਗਠਜੋੜ 56 ਸਾਲਾਂ ਤੋਂ ਸੱਤਾ ਵਿਚ ਹੈ। ਮਲੇਸ਼ੀਆ ਦੀ 2.9 ਕਰੋੜ ਆਬਾਦੀ ਵਿਚ 60 ਫੀਸਦ ਮੁਸਲਮਾਨ, 25 ਫੀਸਦ ਚੀਨੀ ਤੇ ਅੱਠ ਫੀਸਦ ਭਾਰਤੀ ਹਨ। ਪਿਛਲੀਆਂ ਚੋਣਾਂ ਵਿਚ ਭਾਰਤੀ ਭਾਈਚਾਰੇ ਨੇ ਵਿਰੋਧੀ ਧਿਰ ਦੀ ਹਮਾਇਤ ਕੀਤੀ ਸੀ। ਉਸ ਸਮੇਂ ਸੱਤਾਧਾਰੀ ਗਠਜੋੜ ਨੂੰ ਜਿੱਤਣ ਵਿਚ ਮੁਸ਼ਕਲ ਆਈ ਸੀ ਪਰ ਇਸ ਵਾਰ ਭਾਰਤੀਆਂ ਦੀ ਹਮਾਇਤ ਨਾਲ ਉਹ ਸਾਧਾਰਨ ਬਹੁਮਤ ਲੈ ਲਿਆ।

## 'ਰਣਧੀਰ ਪੁਰਸਕਾਰ' ਗੁਰਦੇਵ ਸਿੰਘ ਰੁਪਾਣਾ ਦੇ ਨਾਵਲ 'ਸ੍ਰੀ ਪਾਰਵਾ' ਨੂੰ

**ਨਿਊ ਯਾਰਕ (ਸੁਰਿੰਦਰ ਸੋਹਲ):** ਪੰਜਾਬੀ ਸ਼ਾਇਰ ਅਤੇ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੇ ਪਹਿਲੇ ਪ੍ਰਧਾਨ ਰਣਧੀਰ ਸਿੰਘ ਨਿਊ ਯਾਰਕ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ 'ਰਣਧੀਰ ਪੁਰਸਕਾਰ' ਇਸ ਵਾਰ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਸ. ਗੁਰਦੇਵ ਸਿੰਘ ਰੁਪਾਣਾ ਦੇ ਨਾਵਲ 'ਸ੍ਰੀ ਪਾਰਵਾ' ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਰਾਜਿੰਦਰ ਜਿੰਦ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਇਨਾਮ ਵਿਚ 51 ਹਜ਼ਾਰ ਰੁਪਏ, ਇਕ ਯਾਦਗਾਰੀ ਚਿੰਨ੍ਹ ਅਤੇ ਲੋਈ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਗੁਪਤ ਰੂਪ ਵਿਚ ਵਿਦਵਾਨਾਂ ਤੋਂ ਰਾਏ ਲੈ ਕੇ ਗੁਰਦੇਵ ਸਿੰਘ ਰੁਪਾਣਾ ਦੇ ਇਸ ਨਾਵਲ ਨੂੰ ਇਨਾਮ ਲਈ ਚੁਣਿਆ ਗਿਆ ਹੈ।

ਰਾਜਿੰਦਰ ਜਿੰਦ ਅਨੁਸਾਰ ਰਣਧੀਰ ਸਿੰਘ ਨਿਊ ਯਾਰਕ ਦੀ ਬਰਸੀ ਦੇ ਨੇੜੇ-ਤੇੜੇ ਪੰਜਾਬ ਵਿਚ ਇਕ ਸਮਾਗਮ ਰਚਾ ਕੇ ਇਹ ਇਨਾਮ ਗੁਰਦੇਵ ਸਿੰਘ ਰੁਪਾਣਾ ਨੂੰ ਭੇਟ ਕੀਤਾ ਜਾਵੇਗਾ। ਯਾਦ ਰਹੇ, ਇਸ ਤੋਂ ਪਹਿਲਾਂ ਇਹ ਇਨਾਮ ਪੰਜਾਬੀ ਦੇ ਸਮਰੱਥ ਗਜ਼ਲਗੋ ਜਸਵਿੰਦਰ ਰੋਪੜ ਨੂੰ ਦਿੱਤਾ ਗਿਆ ਸੀ।



ਮਰਹੂਮ ਰਣਧੀਰ ਸਿੰਘ ਨਿਊ ਯਾਰਕ



ਗੁਰਦੇਵ ਸਿੰਘ ਰੁਪਾਣਾ







# ਪੰਜਾਬ ਸਪੋਰਟਸ

# ਅੰਤਰਰਾਸ਼ਟਰੀ ਕਬੱਡੀ ਕੱਪ ਮੇਲਾ



ਸਵਰਗੀ ਸ. ਮੇਜਰ ਸਿੰਘ ਮੌਜੀ

## ਪਹਿਲਾ ਇਨਾਮ
## ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ

### ਦੂਜਾ ਇਨਾਮ

ਵਰਿੰਦਰ ਸਾਹੀ, ਦਰਸ਼ਨ ਸਿੰਘ ਦਰੜ ਤੇ ਪ੍ਰਿਥਪਾਲ ਸਿੰਘ ਘੋਤੜਾ





ਦਲਜੀਤ ਸਿੰਘ ਰਾਜਪੁਰਾ
ਚੇਅਰਮੈਨ



ਅਜਮੇਰ ਸਿੰਘ ਪੰਨੂ
(ਪ੍ਰਧਾਨ)



ਦਰਸ਼ਨ ਸਿੰਘ ਧਾਲੀਵਾਲ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬਲਦੇਵ ਸਿੰਘ ਸੱਲ੍ਹਾਂ | ਪਾਖਰ ਸਿੰਘ ਸਿੱਧੂ | ਬਚਨ ਸਿੰਘ ਗਿੱਲ | ਸ਼ਮਸ਼ੇਰ ਸਿੰਘ ਬੋਪਾਰਾਏ | ਅਮਰਜੀਤ ਸਿੰਘ ਸੰਧਰ | ਹਰਭਜਨ ਸਿੰਘ ਸੰਧਾਵਾਲੀਆ | ਬਲਬੀਰ ਸਿੰਘ ਸੈਣੀ | ਡਾ. ਹਰਜਿੰਦਰ ਸਿੰਘ ਖਹਿਰਾ | ਮਨਜੀਤ ਸਿੰਘ ਦਸੂਹਾ



ਬਲਵਿੰਦਰ ਸਿੰਘ ਸੰਧੂ | ਡਾ. ਗੁਰਚਰਨ ਸਿੰਘ ਗਰੇਵਾਲ | ਦਵਿੰਦਰ ਗੋਰਾਇਆ | ਪਰਮਜੀਤ ਸਿੱਧੂ | ਹਰਜੀਤ ਸੰਧਰ | ਕੁਲਵੰਤ ਢਿੱਲੋਂ | ਬਹਾਦਰ ਸਿੰਘ | ਹਰਿੰਦਰ ਚਾਹਲ | ਲਾਲੀ ਸਿੱਧੂ | ਹਰਪਾਲ ਟਾਂਡਾ | ਨਰਿੰਦਰ ਮੁੰਦਰ | ਪਰਮਜੀਤ ਸਿੰਘ ਸਿੱਧੂ | ਸਤਵੰਤ ਨਿੱਜਰ ਕਬੱਡੀ ਪ੍ਰੋਮੋਟਰ



ਜਸਵਿੰਦਰ ਜੱਸੀ | ਨਿੱਕ ਗਾਖਲ | ਗੁਲਜ਼ਾਰ ਮੁਲਤਾਨੀ | ਜਗਮੀਤ ਸਿੰਘ | ਬਾਬ ਹੁੰਦਲ | ਬਲਵਿੰਦਰ ਸਿੰਘ | ਹਰਜਿੰਦਰ ਸੰਧੂ | ਸੁਖਮੇਲ ਅਟਵਾਲ | ਲਵ ਮਿਨਹਾਸ | ਬੇਅੰਤ ਸਿੰਘ ਬੋਪਾਰਾਏ | ਭੁਪਿੰਦਰ ਸਿੰਘ ਬੋਪਾਰਾਏ | ਰੁਪਿੰਦਰ ਅਰੋੜਾ



ਜਗਦੀਸ਼ਰ ਕਲੇਰ | ਅਜੀਤ ਸਿੰਘ ਸੁੱਖੀ (ਅੰਬਰ ਪੈਲੇਸ) | ਜੱਸੀ ਧਾਲੀਵਾਲ | ਬੌਬੀ ਅਤੇ ਮਨਜੀਤ ਸਿੰਘ | ਸੁਖਮਿੰਦਰ ਪੰਧੇਰ | ਦਲਜੀਤ ਚਾਹਲ | ਜਸਵਿੰਦਰ ਲੱਖਣ | ਕਿੰਟੂ ਬਾਵਾ | ਮੁਖਤਿਆਰ ਸੇਖੋਂ | ਗੁਰਿੰਦਰ ਢਿੱਲੋਂ | ਜਸਵੀਰ ਸੰਧੂ

ਸਪਾਂਸਰ- ਸ਼ਿਕਾਗੋ: ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ (ਪਿੰਡ ਗਿੱਲਾਂ, ਲੁਧਿਆਣਾ), ਅਯੁਧਿਆ ਸਲਵਾਨ (ਸਟਾਰ ਫੂਡਜ਼), ਜੱਸੀ ਸਹੋਤਾ, ਪਾਲ ਡੰਡੋਨਾ, ਗੁਰਮੁਖ ਭੁਲਰ, ਜੱਸੀ ਸੰਧੂ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਚਰਨ ਸਿੰਘ (ਦੀਵਾਨ ਐਂਡ ਕਲਾਕ ਆਟੋ), ਪਰਮਿੰਦਰ ਸਿੰਘ ਹੈਪੀ, ਸਤਵਿੰਦਰ ਸਿੰਘ, ਬਿਕਰਮ ਸਿੰਘ ਸਿੱਧੂ, ਜਸਵੀਰ ਸੋਢੀ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ, ਹਰਜੀਤ ਸਿੰਘ, ਗੁਰਮੀਤ ਸਿੰਘ ਭੋਲਾ, ਗੁਰਦਿੱਤ ਸਿੰਘ ਸੈਣੀ, ਰਵੀ (ਆਰ ਕੇ ਕਾਰਪੈਟਸ), ਪਰਦੀਪ ਸਲਵਾਨ (ਆਪਣਾ ਫੂਡਜ਼), ਇੰਦਰ ਦੇਵ (ਪੰਜਾਬੀ ਢਾਬਾ), ਸੁਰਿੰਦਰ ਜੈਨ (ਆਸ਼ਿਆਨਾ ਬੈਂਕੁਇਟ), ਮਹਾਰਾਜਾ ਰੈਸਟੋਰੈਂਟ (ਰੋਜ਼ਮਾਂਟ), ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਠਾਕਰ ਸਿੰਘ ਬਸਾਤੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਦਲੀਪ ਪਟੇਲ, ਜਗਜੀਤ ਸਿੰਘ ਢੀਂਡਸਾ, ਸਤਪਾਲ ਸਿੰਘ ਸੰਧੂ, ਕਾਬਲ ਸਿੰਘ ਭੁੱਲਰ, ਮੰਗੀ ਟਿਵਾਣਾ, ਹਰਪ੍ਰੀਤ ਗਿੱਲ, ਜਗਜੀਤ ਨਾਹਲ, ਗਗਨਪ੍ਰੀਤ ਸਿੰਘ, ਦੀਪਾ ਵਿਰਕ ਅਤੇ ਸ਼ਿਕਾਗੋ ਟਰੱਕ ਯੂਨੀਅਨ, ਸ਼ਿਕਾਗੋ ਲਿਮੋਜ਼ੀਨ ਯੂਨੀਅਨ, ਦਰਸ਼ਨ ਸਿੰਘ ਪੰਮਾ, ਲਖਵੀਰ ਸਿੰਘ ਸੰਧੂ, ਜੈਰਾਮ ਸਿੰਘ ਕਾਹਲੋਂ, ਗੁਰਬਚਨ ਸਿੰਘ ਢੁੱਡੀਕੇ, ਮਹਿੰਦਰ ਸਿੰਘ ਭੱਠਲ, ਤਾਲੀ ਭੱਠਲ, ਕਲਸੀ ਕੰਸਟਰਕਸ਼ਨਜ਼, ਸੂਗਾ ਬਿਲਡਰਜ਼, ਅਟਾਰਨੀ ਪਾਲ ਚਾਵਲਾ, ਜਸਬੀਰ ਅਤੇ ਪੀਟ ਦਿਓਲ, ਰੌਕੀ ਭੱਲਾ, ਬਲਵਿੰਦਰ ਗਿਰਨ, ਸੰਨੀ ਤੇ ਰੌਨੀ ਕੁਲਾਰ, ਪਾਲ ਲੈਲ, ਅਰਵਿੰਦ ਗਾਖਲ, ਸੰਘੇੜਾ ਪਰਿਵਾਰ, ਗਾਖਲ ਪਰਿਵਾਰ, ਬਾਗੜੀ ਪਰਿਵਾਰ, ਸੰਘਾ ਪਰਿਵਾਰ, ਹੁੰਦਲ ਪਰਿਵਾਰ। ਡਿਕੇਟਰ ਅਤੇ ਬਲੂਮਿੰਗਟਨ: ਸੋਨੀ ਤੇ ਰਾਜ ਘੋਤੜਾ, ਬਿੱਲਾ ਤੇ ਜੱਸੀ ਮਿਆਣੀ, ਸ਼ਮਸ਼ੇਰ ਸਿੰਘ, ਟੋਨੀ, ਲੱਕੀ ਪੇਲੀਆ, ਇੰਦਰਜੀਤ ਅਤੇ ਰੋਮੀ (ਫੇਮਸ ਲਿੱਕਰ), ਸੁਰਜੀਤ ਸਿੰਘ ਢੇਸੀ, ਸਰਬਜੀਤ ਸਿੰਘ (ਪੂਰਨ ਰੈਸਟੋਰੈਂਟ), ਛਿੰਦਾ ਚੀਮਾ, ਸੰਜੀਵ ਬਿੱਲੂ, ਬਲਬੀਰ ਸਿੰਘ ਨਿੱਜਰ ਅਤੇ ਸੱਤੀ ਭਾਅ ਜੀ (ਪਿਊਰੀਆ), ਕੁਲਦੀਪ ਸਿੰਘ-ਹੈਰਾ ਕੰਸਟਰਕਸ਼ਨ। ਮਿਲਵਾਕੀ: ਸੁਰਜੀਤ ਤੂਰ, ਆਗਿਆਪਾਲ ਸਿੰਘ ਚਾਹਲ, ਤੇਜਿੰਦਰ ਗਿੱਪੀ, ਤਲਵਿੰਦਰ ਸਿੰਘ ਸੂਸ, ਹਰਭਜਨ ਸਿੰਘ ਚਾਹਲ, ਸੁਰਜੀਤ ਢਿੱਲੋਂ, ਸੁਰਜੀਤ ਸਿੰਘ। ਆਇਓਵਾ: ਜੱਸੀ ਰੱਬ, ਚੰਨਾ ਤਲਵੰਡੀ, ਗੁਰਸ਼ਰਨ ਸਿੰਘ ਸਹੋਤਾ, ਭਜਨ ਗੋਰਾਇਆ, ਸ਼ਾਨ ਛੀਨਾ, ਆਮਿਰ ਹਨੀਫ। ਮਿਸ਼ੀਗਨ: ਕੁਲਵਿੰਦਰ ਗਿੱਲ, ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਅਵਤਾਰ ਸਿੰਘ, ਸਤਪਾਲ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਤਰਸੇਮ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਹੈਪੀ, ਹਰਦੀਪ ਸਿੰਘ, ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ), ਕਰਨੈਲ ਸਿੰਘ, ਜਰਨੈਲ ਸਿੰਘ, ਗੁਰਜਿੰਦਰ ਸਿੰਘ ਡਿੰਪਲ, ਲਾਡੀ ਮੁਲਤਾਨੀ, ਰਿੰਕੂ, ਰਾਜ ਜਾਮਾਰਾਏ, ਕਰਨ ਗਿੱਲ, ਰਾਜ ਸੀਹੜਾ, ਕਰਮਬੀਰ ਸਿੰਘ, ਭਾਈ ਗੁਰਦੇਵ ਸਿੰਘ, ਮਨਜੀਤ ਸਿੰਘ ਨੰਨਣ, ਰਾਜਬੀਰ ਸਿੰਘ ਬੋਪਾਰਾਏ, ਤੀਰਥ ਸਿੰਘ ਬੋਦਲਾਂ, ਲੱਕੀ ਚਾਹਲ, ਹਰਪਾਲ ਸਿੰਘ, ਹਰਦੀਪ ਸਿੰਘ, ਜੱਸੀ ਗੁਰਦਾਸਪੁਰੀਆ, ਜੇ ਬੀ ਸਿੰਘ ਸਰਾਂ, ਭੋਲਾ ਬੂਦਰਜ਼। ਇੰਡੀਆਨਾ: ਤਰਲੋਚਨ ਸਿੰਘ ਸੰਘਾ, ਮੁਖਤਿਆਰ ਸਿੰਘ, ਓਂਕਾਰ ਸਿੰਘ, ਸੋਨੂੰ ਪਹਿਲਵਾਨ, ਮਨਦੀਪ ਸਿੰਘ (ਲੱਕੀ) ਘੋਤੜਾ, ਅਵਤਾਰ ਸਿੰਘ, ਮਨਜੀਤ ਸਿੰਘ ਮੁੰਦਰ, ਮੌਂਟੀ, ਸੋਨੀ, ਸਾਹਬ ਸਿੰਘ ਸੇਖੋਂ। ਕਰਾਊਨ ਪੁਆਇੰਟ: ਸਰਵਣ ਸਿੰਘ ਟਿਵਾਣਾ, ਕਮਲਜੀਤ ਵਿਰਕ, ਹਰਿੰਦਰ ਸਿੰਘ ਤੂਰ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਪਾਲੀ ਗਰੇਵਾਲ, ਜਸਪਾਲ ਸਿੰਘ ਘੋਤੜਾ, ਸਤਵਿੰਦਰ ਸੱਤਾ, ਰਣਜੀਤ ਸਿੰਘ ਕਾਹਲੋਂ, ਪ੍ਰਿੰਸ, ਗੁਰਿੰਦਰ ਗਿੱਲ,

# ਕਲੱਬ, ਸ਼ਿਕਾਗੋ



# 25 ਮਈ 2013

## (ਸਨਿਚਰਵਾਰ, ਸਵੇਰੇ 11 ਤੋਂ ਰਾਤ 9 ਵਜੇ ਤੱਕ)

**Odeum Expo Center**

**1033 North Villa Avenue, Villa Park, IL 60181**

ਇਸ ਵਾਰ ਦਾ ਮੇਲਾ ਸਵਰਗੀ ਸ. ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ

*ਲੋਕ ਗਾਇਕ ਸੁਰਿੰਦਰ ਛਿੰਦਾ, ਨਿੰਮਾ ਡੱਲੇਵਾਲਾ ਅਤੇ ਹੋਰ ਨਾਮੀ ਗਾਇਕ ਸਰੋਤਿਆਂ ਦਾ ਗੀਤ-ਸੰਗੀਤ ਦੇ ਪ੍ਰੋਗਰਾਮ ਰਾਹੀਂ ਮਨੋਰੰਜਨ ਕਰਨਗੇ*



ਮੁੱਖ ਮਹਿਮਾਨ



ਸੁਰਜੀਤ ਸਿੰਘ ਰੱਖੜਾ
ਕੈਬਨਿਟ ਮੰਤਰੀ

## ਖਾਣਾ ਫਰੀ, ਪਾਰਕਿੰਗ ਫਰੀ



ਹਰਜੀਤ ਸਿੰਘ ਸਾਹੀ, ਜਸਵੀਰ ਸਿੰਘ ਲਾਲੀ, ਹਰਵਿੰਦਰ ਸਿੰਘ ਵਾਲੀਆ, ਵਰਿੰਦਰ ਸਾਹੀ, ਪ੍ਰਿਥਪਾਲ ਘੋਤੜਾ, ਦਰਸ਼ਨ ਸਿੰਘ ਦਰੜ, ਮਨਜੀਤ ਸਿੰਘ ਨਾਗਰਾ, ਇੰਦਰਜੀਤ ਸਿੰਘ, ਮਨਜਿੰਦਰ ਭੰਮਰਾ, ਜਗਜੀਤ ਸਿੰਘ ਸਿੱਧੂ, ਸੋਹਣ ਗਿੱਲ



ਅਵਤਾਰ ਲੱਖਾ, ਸੋਨੂੰ, ਗੁਰਬਚਨ ਪੱਪੂ, ਰਾਣਾ ਵਿਰਕ, ਰਾਜਿੰਦਰ ਬੈਂਸ, ਲਾਲੀ ਧਾਲੀਵਾਲ, ਓਂਕਾਰ ਕਾਰੀ, ਬਲਵਿੰਦਰ ਸਿੰਘ ਗਿਲਜ਼ੀਆਂ, ਰੇਸ਼ਮ ਸਿੰਘ ਖੱਖ, ਗੁਰਦੇਵ ਸਿੰਘ, ਮੱਖਣ ਸਿੰਘ, ਮਨਜੀਤ ਗਰੇਵਾਲ



ਰਿੰਪੀ ਖੱਟੜਾ, ਧਰਮਿੰਦਰ ਖੱਟੜਾ, ਮਨਦੀਪ ਭੂਰਾ, ਕੁਲਦੀਪ ਟਾਂਡਾ, ਕੁਲਦੀਪ ਲੰਗ, ਪਿੰਕਾ ਪਾਲੀਆ, ਸੁਖਦੇਵ ਸਮਰਾ, ਲਖਬੀਰ ਸੀਹਰਾ, ਓਮ ਨਰਾਲਾ



ਚੰਨਾ ਕੈਲਮਜੂ, ਖੇਮ ਵਿਰਕ, ਲਖਬੀਰ ਢੀਂਡਸਾ, ਗੁਰਮੀਤ ਸਿੰਘ, ਸਿਕੰਦਰ ਬਿੱਟੂ, ਕ੍ਰਿਸ਼ਨ ਸਿੰਘ, ਸੁਰਜੀਤ ਤੂਰ, ਤਲਵਿੰਦਰ ਸੂਸ, ਜੇ ਪੀ ਖਹਿਰਾ



*ਬਾਬਾ ਮੱਖਣ ਸ਼ਾਹ ਕਮੇਟੀ, ਸਾਊਥਬੈਂਡ*

ਸੁਖਵਿੰਦਰ ਤੇ ਰਿੱਕੀ ਬਸਰਾ, ਹੈਰੀ ਢੱਟ, ਨਿਧਾਨ ਸਿੰਘ ਮਟੋਟ, ਸਿਕੰਦਰ ਸਿੰਘ ਬਿੱਟੂ, ਜਸਵੀਰ ਸਿੰਘ ਪਾਲੀਆ, ਸ. ਮੇਹਰ ਸਿੰਘ, ਲੱਕੀ ਤੇ ਵਿੱਕੀ, ਮਨਜੀਤ ਕਹਿਲ, ਵਰਿੰਦਰ ਨਾਗਰਾ, ਰਾਜ ਭੁੱਲਰ। **ਇੰਡੀਅਨਐਪੋਲਿਸ:** ਗੁਰਮੀਤ ਡਿਪਟੀ, ਜਸਬੀਰ ਡਿਪਟੀ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਸਤਵੰਤ ਨਿੱਜਰ, ਨਾਡਾ ਰਾਣਾ, ਬਲਦੇਵ ਥਿੰਦ, ਸ਼ਿੰਗਾਰਾ ਸਿੰਘ, ਸੰਨੀ ਗਿੱਲ, ਸੰਨੀ ਤੇ ਬੀਨੂੰ ਡਾਲਾ, ਸਾਹਬ ਸਿੰਘ ਸੇਖੋਂ ਕੁਆਲਿਟੀ-ਇਨ ਹੋਟਲ (ਲੇਫੀਅਟ), ਕੁਲਵੰਤ ਸਿੰਘ ਦਿਓਲ। **ਸਹਿਯੋਗੀ ਸੰਸਥਾਵਾਂ:** ਪੀ ਸੀ ਐਸ, ਪੀ ਐਚ ਓ, ਪੀ ਏ ਓ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਬਾਬਾ ਮੱਖਣ ਸ਼ਾਹ ਲੁਬਾਣਾ-ਸਾਊਥਬੈਂਡ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਫਾਈਵ ਰਿਵਰ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਪੀ ਸੀ ਓ-ਮਿਲਵਾਕੀ, ਪੀ ਸੀ ਐਸ-ਫੋਰਟਵੇਨ, ਪੰਜਾਬ ਸਪੋਰਟਸ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ-ਕਲੀਵਲੈਂਡ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਡਿਟਰਾਇਟ, ਗੁਰੂ ਨਾਨਕ ਸਿੱਖ ਸੈਂਟਰ-ਮਿਸ਼ਵਾਕਾ।

***ਕਬੱਡੀ ਕੁਮੈਂਟੇਟਰ: ਪ੍ਰਿੰ. ਸਰਵਣ ਸਿੰਘ ਅਤੇ ਪ੍ਰੋ. ਮੱਖਣ ਹਕੀਮਪੁਰੀ***

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਅਜਮੇਰ ਸਿੰਘ ਪੰਨੂ ਫੋਨ:630-440-3458,
ਸੰਤੋਖ ਸਿੰਘ ਡੀ ਸੀ ਫੋਨ:847-338-3866, ਨਰਿੰਦਰ ਸਿੰਘ ਸਰਾਂ ਫੋਨ:630-205-9264
ਹਰਵਿੰਦਰ ਸਿੰਘ ਘੋਤੜਾ ਫੋਨ:708-228-8520, ਜਸਕਰਨ ਧਾਲੀਵਾਲ ਫੋਨ:630-290-7993
ਹੈਪੀ ਹੀਰ ਫੋਨ: 630-205-6575, ਅਜੈਬ ਸਿੰਘ ਲੱਖਣ ਫੋਨ: 847-544-1788
ਲੱਕੀ ਸਹੋਤਾ ਫੋਨ: 847-489-7773, ਅਮਰੀਕ ਸਿੰਘ ਫੋਨ: 773-507-8043
ਲਵਦੀਪ ਸਿੰਘ ਦੂਲਤ ਫੋਨ:224-425-0705, ਬਲਦੇਵ ਸਿੰਘ ਗਿੱਲ ਫੋਨ: 847-239-4700
ਗੁਰਪ੍ਰੀਤ ਗਿੱਲ ਫੋਨ: 630-818-5159, ਗਿਆਨ ਸਿੰਘ ਸੀਹਰਾ ਫੋਨ: 630-841-6537

**ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ:** ਲਖਵਿੰਦਰ ਸਿੰਘ ਲੱਖਾ (ਇੰਡੀਆਨਾ), ਹਰਦੀਪ ਸਿੰਘ ਤਾਊ, ਲਾਲੀ ਸਿੱਧੂ (ਮਿਲਵਾਕੀ), ਸਰੂਪ ਢਿਲੋਂ, ਗੁਰਿੰਦਰ ਢਿਲੋਂ (ਸਿਨਸਿਨੈਟੀ ਓਹਾਇਓ), ਰਾਜਿੰਦਰ ਦਿਆਲ, ਜੁਝਾਰ ਸਿੰਘ ਕੰਗ, ਹਰਿੰਦਰ ਸਿੰਘ ਸਰਾਂ, ਪਰਮਿੰਦਰ ਸਿੰਘ ਕਾਹਲੋਂ, ਅਜਮੇਰ ਸਿੰਘ ਲੱਖਣ, ਮਹਿੰਦਰ ਸਿੰਘ ਰਕਾਲਾ, ਦਰਸ਼ਨ ਡਿਡਰਾਲ, ਰੁਪਿੰਦਰ ਸਿੰਘ ਕੰਗ, ਰਘਬੀਰ ਸਿੰਘ ਕੰਗ, ਰਾਣਾ ਭੰਡਾਲ, ਗੁਰਦੀਪ ਸਿੰਘ ਢਿੱਲੋਂ, ਡਾ. ਸ਼ਰਨਜੀਤ ਸਿੰਘ ਰੰਧਾਵਾ, ਜਗਮੋਹਨ ਸਿੰਘ ਅੰਤਾਲ, ਆਗਿਆਪਾਲ ਸਿੰਘ ਚਾਹਲ।

# ਦਸਤਾਵੇਜ਼ੀ ਫ਼ਿਲਮ 'ਸੇਵਾ'

## ਵਿਰਸਾ ਸੰਭਾਲਣ ਦਾ ਸਹਿਜ ਸੁਨੇਹਾ

ਕਲਾ ਪਰਿਕਰਮਾ

*ਪੱਤਰਕਾਰ ਅਤੇ ਦਸਤਾਵੇਜ਼ੀ ਫ਼ਿਲਮਸਾਜ਼ ਦਲਜੀਤ ਅਮੀ ਦੀ ਨਵੀਂ ਫ਼ਿਲਮ 'ਸੇਵਾ' ਟੋਰਾਂਟੋ (ਕੈਨੇਡਾ) ਵਿਖੇ ਹੋ ਰਹੇ ਪੰਜਾਬੀ ਇੰਟਰਨੈਸ਼ਨਲ ਫਿਲਮ ਫੈਸਟੀਵਲ ਦੀਆਂ ਨਾਮਜ਼ਦਗੀਆਂ ਲਈ ਚੁਣੀ ਗਈ ਹੈ। ਇਹ ਫਿਲਮ ਬਰੈਂਪਟਨ (ਕੈਨੇਡਾ) ਦੇ ਸ਼ੈਰੀਡਨ ਕਾਲਜ (ਡੇਵਿਸ ਕੈਂਪਸ) ਵਿਚ 18 ਮਈ ਨੂੰ ਦਿਖਾਈ ਜਾ ਰਹੀ ਹੈ। ਇਸ ਫਿਲਮ ਵਿਚ ਵਿਰਸੇ ਅਤੇ ਵਿਰਾਸਤ ਨੂੰ ਸਾਂਭਣ ਲਈ ਲੱਗੇ ਕਾਮਿਆਂ ਅਤੇ ਉਨ੍ਹਾਂ ਦੇ ਫਿਕਰਾਂ ਦੀ ਬਾਤ ਪਾਈ ਗਈ ਹੈ। ਦਲਜੀਤ ਅਮੀ 'ਪੰਜਾਬ ਟਾਈਮਜ਼' ਲਈ ਵੱਖ-ਵੱਖ ਮੁੱਦਿਆਂ 'ਤੇ ਲੇਖ ਲਿਖਦੇ ਰਹਿੰਦੇ ਹਨ। ਇਸ ਫਿਲਮ ਬਾਰੇ ਪਾਠਕਾਂ ਨਾਲ ਗੱਲਾਂ ਕਰ ਕੇ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ। -ਸੰਪਾਦਕ*



ਦਸਤਾਵੇਜ਼ੀ ਫ਼ਿਲਮਸਾਜ਼ ਦਲਜੀਤ ਅਮੀ ਦੀ ਨਵੀਂ ਫ਼ਿਲਮ 'ਸੇਵਾ' ਗਿਆਨ ਦੇ ਅਮੁੱਕ ਖਜ਼ਾਨੇ ਦੀ ਸਾਂਭ-ਸੰਭਾਲ ਬਾਰੇ ਵੱਖ-ਵੱਖ ਨੁਕਤਾ-ਨਿਗ੍ਹਾ ਤੋਂ ਸਹਿਜ ਸੰਵਾਦ ਤੋਰਦੀ ਹੈ। ਕੁੱਲ 27 ਮਿੰਟਾਂ ਦੀ ਇਸ ਫ਼ਿਲਮ ਦਾ ਤੋੜਾ ਗੁਰਬਾਣੀ ਵਿਚ ਆਈ ਤੁਕ 'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥' ਉਤੇ ਝੜਦਾ ਹੈ। ਪਿਉ-ਦਾਦਿਆਂ ਦੇ ਅਮੁੱਲ ਖ਼ਜ਼ਾਨੇ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਸੇਵਾ ਇਸ ਫ਼ਿਲਮ ਦੀ ਚੂਲ ਹੈ। ਇਹ ਉਹ ਕਰਜ਼ ਹੈ ਜਿਸ ਨੂੰ ਉਤਾਰਨ ਦੀ ਗੱਲ ਇਸ ਫ਼ਿਲਮ ਵਿਚ ਉਭਾਰ ਕੇ ਕੀਤੀ ਗਈ ਹੈ। ਇਤਿਹਾਸ ਅਤੇ ਵਿਰਸੇ ਬਾਰੇ ਬਹੁ-ਪਰਤੀ ਵਿਚਾਰ ਅਤੇ ਵਿਹਾਰ ਇਸ ਫ਼ਿਲਮ ਵਿਚ ਨਾਲੋ-ਨਾਲ ਤੁਰਦੇ ਹਨ। ਇਹ ਵਿਚਾਰ ਬਹੁਤ ਥਾਈਂ ਹਮ-ਰਾਹ ਵੀ ਹੁੰਦੇ ਹਨ ਅਤੇ ਕਈ ਥਾਈਂ ਇੱਕ-ਦੂਜੇ ਨਾਲ ਖਹਿੰਦੇ ਵੀ ਹਨ, ਪਰ ਫ਼ਿਲਮਸਾਜ਼ ਇਨ੍ਹਾਂ ਨੂੰ ਇਸ ਤਰ੍ਹਾਂ ਲੜੀ ਵਿਚ ਪਰੋ ਕੇ ਪੇਸ਼ ਕਰਦਾ ਹੈ ਕਿ ਫ਼ਿਲਮ ਦਾ ਹਰ ਫਰੇਮ/ਹਰ ਦ੍ਰਿਸ਼ ਸੁਨੇਹਾ ਲੈ ਕੇ ਆਉਂਦਾ ਹੈ। ਅਸਲ ਵਿਚ ਦਲਜੀਤ ਅਮੀ ਆਪਣੀ ਇਸ ਫ਼ਿਲਮ ਰਾਹੀਂ ਸਾਡੇ ਸਾਹਮਣੇ ਹੀ ਗੁਆਚ ਰਹੇ ਵਿਰਸੇ ਦਾ ਦਰਦ ਦਰਸ਼ਕਾਂ ਨਾਲ ਸਾਂਝਾ ਕਰਦਾ ਹੈ। ਗਿਆਨ ਦਾ ਇਹ ਖ਼ਜ਼ਾਨਾ ਅਗਿਆਨਤਾ ਕਰ ਕੇ, ਜਾਂ ਕੁਦਰਤ ਦੀ ਮਾਰ ਕਰ ਕੇ ਲਗਾਤਾਰ ਤਬਾਹ ਹੋ ਰਿਹਾ ਹੈ। ਇਹੀ ਨਹੀਂ, ਕੁਝ ਹੋਰ ਕਾਰਨਾਂ ਕਰ ਕੇ ਇਹ ਗਿਆਨ ਮਿਥ ਕੇ ਵੀ ਮਿਟਾਇਆ ਜਾ ਰਿਹਾ ਹੈ। ਫ਼ਿਲਮ ਵਿੱਚ ਜਦੋਂ ਅਫ਼ਗਾਨਿਸਤਾਨ, ਇਰਾਕ ਜਾਂ ਮਿਸਰ ਦਾ ਜ਼ਿਕਰ ਆਉਂਦਾ ਹੈ ਤਾਂ ਵਿਰਸੇ ਨੂੰ ਮਿਥ ਕੇ ਮਿਟਾਉਣ ਵਾਲੀ ਗੱਲ ਹੁੱਝ ਮਾਰ ਕੇ ਦਰਸ਼ਕ ਦੇ ਸਾਹਮਣੇ ਆਣ ਖਲੋਂਦੀ ਹੈ ਅਤੇ ਵੱਡਾ ਸਵਾਲ ਬਣ ਜਾਂਦੀ ਹੈ। ਦਲਜੀਤ ਨੇ ਇਹ ਸਵਾਲ ਬੜੇ ਪ੍ਰਚੰਡ ਰੂਪ ਵਿਚ ਕੀਤਾ ਹੈ। ਇਸ ਨੁਕਤੇ ਤੋਂ ਇਹ ਫ਼ਿਲਮ ਜੰਗ-ਵਿਰੋਧੀ ਸੁਨੇਹਾ ਦਿੰਦੀ ਜਾਪਦੀ ਹੈ।

ਪੂਰੀ ਫ਼ਿਲਮ ਵਿਚ ਫ਼ਿਲਮਸਾਜ਼ ਆਪਣੇ ਕੈਮਰੇ ਦੀ ਅੱਖ ਰਾਹੀਂ ਤੁਹਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੱਸਦਾ ਹੈ ਕਿ ਵਿਰਸੇ ਦੀ ਸੰਭਾਲ ਦਾ ਮਸਲਾ ਸਰਬੱਤ ਦੇ ਭਲੇ ਨਾਲ ਜੁੜਿਆ ਹੋਇਆ ਹੈ। ਅੱਜ ਮਸਲਾ ਕਿਸੇ ਇੱਕ ਧਰਮ, ਧਾਰਾ ਜਾਂ ਧੜੇ ਨਾਲ ਸਬੰਧਤ ਸਮੱਗਰੀ ਸੰਭਾਲਣ ਦਾ ਨਹੀਂ ਹੈ, ਮਸਲਾ ਤਾਂ ਬਿਨਾਂ ਕਿਸੇ ਭੇਦਭਾਵ, ਹਰ ਤਰ੍ਹਾਂ ਦੀ ਅਮੁੱਲ ਅਤੇ ਉਪਲਭਧ ਸਮੱਗਰੀ ਨੂੰ ਅਗਲੀਆਂ ਪੀੜ੍ਹੀਆਂ ਦੇ ਅਧਿਐਨ ਲਈ ਸੰਭਾਲਣ ਦਾ ਹੈ। ਅਗਲੀਆਂ ਪੀੜ੍ਹੀਆਂ ਆਪੇ ਤੈਅ ਕਰਨਗੀਆਂ ਕਿ ਇਸ ਖ਼ਜ਼ਾਨੇ ਵਿਚੋਂ ਕੀ ਛੱਡਣਾ ਤੇ ਕੀ ਰੱਖਣਾ ਹੈ ਅਤੇ ਕਿਸ-ਕਿਸ ਰੂਪ ਵਿਚ ਰੱਖਣਾ ਹੈ। ਇਉਂ ਕਰ ਕੇ ਹੀ ਅਗਲੀਆਂ ਪੀੜ੍ਹੀਆਂ ਦੇ ਰਾਹ ਸੁਖਾਲੇ ਕੀਤੇ ਜਾ ਸਕਦੇ ਹਨ। ਇਸੇ ਨੂੰ ਉਹ ਅਗਲੀਆਂ ਪੀੜ੍ਹੀਆਂ ਦਾ ਅੱਜ ਦੀ ਪੀੜ੍ਹੀ ਸਿਰ ਕਰਜ਼ਾ ਤਸੱਵੁਰ ਕਰਦਾ ਹੈ। ਕਿਸੇ ਵੀ ਦਸਤਾਵੇਜ਼ੀ ਫ਼ਿਲਮ ਲਈ ਸਬੰਧਤ ਮਸਲੇ ਦੀ ਤਫ਼ਸੀਲ ਬੜੀ ਅਹਿਮ ਹੁੰਦੀ ਹੈ। ਇਸ ਫ਼ਿਲਮ ਦਾ ਵਾਧਾ ਇਹ ਹੈ ਕਿ ਇਹ ਫ਼ਿਲਮ ਬਹੁਤ ਘੱਟ ਬੋਲ ਕੇ, ਪੂਰੀ ਤਫ਼ਸੀਲ ਦਰਸ਼ਕਾਂ ਲਈ ਛੱਡ ਕੇ ਜਾਂਦੀ ਹੈ। ਫ਼ਿਲਮ ਵਿਚ ਪਰੋਏ ਖਿਆਲਾਤ ਦਰਸ਼ਕ ਦੇ ਅੰਦਰ ਵੱਲ ਯਾਤਰਾ ਕਰਦੇ ਹਨ। ਇਹ ਯਾਤਰਾ ਦਰਸ਼ਕ ਨੂੰ ਮਸਲੇ ਦੀ ਜੜ੍ਹ ਤੱਕ ਲਿਜਾਣ ਦਾ ਜ਼ਰੀਆ ਬਣਦੀ ਹੈ। ਇਸ ਤੋਂ ਵੀ ਵੱਡੀ ਗੱਲ, ਫ਼ਿਲਮਸਾਜ਼ ਵੱਖ-ਵੱਖ ਪੱਖਾਂ ਵਾਲੀਆਂ ਗੱਲਾਂ ਨੂੰ ਮੂਲ ਰੂਪ ਵਿਚ ਹੀ ਸਭ ਦੇ ਸਾਹਮਣੇ ਆਉਣ ਦਿੰਦਾ ਹੈ, ਬਗੈਰ ਕਿਸੇ ਰਲਾ ਦੇ; ਪਰ ਇਹ ਮੁੱਦੇ ਦਰਸ਼ਕ ਦੇ ਦਿਲੋ-ਦਿਮਾਗ ਉਤੇ ਇੰਨਾ ਕੁ ਜ਼ਰੂਰ ਅਸਰ ਕਰਦੇ ਹਨ ਕਿ ਉਹ ਫ਼ਿਲਮ ਵਿਚ ਉਠੇ ਵਿਚਾਰਾਂ ਦੀ ਪੁਣ-ਛਾਣ ਲਈ ਖੁਦ ਅਹੁਲਦਾ ਹੈ। ਫ਼ਿਲਮ ਵਿਚ ਜਿਨ੍ਹਾਂ ਸ਼ਖ਼ਸੀਅਤਾਂ ਨਾਲ ਸੰਵਾਦ ਰਚਾਇਆ ਗਿਆ ਹੈ, ਉਨ੍ਹਾਂ ਦੇ ਫਿਕਰਾਂ ਨੂੰ ਇਸ ਫ਼ਿਲਮ ਰਾਹੀਂ ਜ਼ੁਬਾਨ ਮਿਲੀ ਹੈ।

***-ਪੰਜਾਬ ਟਾਈਮਜ਼ ਫੀਚਰਜ਼***




## ਦਲਜੀਤ ਅਮੀ ਦੇ ਕੈਮਰੇ ਦਾ ਸਫਰ



*ਦਲਜੀਤ ਅਮੀ ਅੱਜਕੱਲ੍ਹ 'ਡੇ ਐਂਡ ਨਾਈਟ' ਟੀ.ਵੀ. ਚੈਨਲ ਵਿਚ ਸੰਪਾਦਕੀ ਸਲਾਹਕਾਰ ਵਜੋਂ ਕੰਮ ਕਰ ਰਿਹਾ ਹੈ। 'ਸੇਵਾ' ਤੋਂ ਪਹਿਲਾਂ ਉਹਨੇ ਸੱਤ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਹਨ ਜਿਨ੍ਹਾਂ ਵਿਚ 'ਕਰਜ਼ੇ ਹੇਠ', 'ਸੁਦਰਸ਼ਨ: ਇੱਕ ਸਹਿਜ ਸੰਸਥਾ', 'ਜ਼ੁਲਮ ਔਰ ਅਮਨ', 'ਅਨਹਦ ਬਾਜਾ ਬਾਜੇ', 'ਕਾਰਸੇਵਾ', 'ਖਰੜਿਆਂ ਵਾਲਾ ਬਾਬਾ' ਅਤੇ 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਸ਼ਾਮਲ ਹਨ। ਛੇ ਸਾਲਾਂ ਦੇ ਵਕਫ਼ੇ ਤੋਂ ਬਾਅਦ ਦਲਜੀਤ ਨੇ 'ਸੇਵਾ' ਬਣਾਈ ਹੈ। ਇਨ੍ਹਾਂ ਸਾਰੀਆਂ ਫ਼ਿਲਮਾਂ ਦੀ ਸਾਂਝੀ ਤੰਦ ਇਨ੍ਹਾਂ ਵਿਚ ਵਗਦੀ ਸਰਬੱਤ ਦੇ ਭਲੇ ਦੀ ਧਾਰਾ ਹੈ ਜੋ ਸੰਵਾਦ ਲਈ ਸੱਦਾ ਦਿੰਦੀ ਹੈ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 18 ਮਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-64



*ਤਸਵੀਰ: ਜੁਗਰਾਜ ਗਿੱਲ, ਸ਼ਾਰਲਟ*

***ਧੀਆਂ ਧਿਆਣੀਆਂ 'ਕਠੀਆਂ ਬਹਿ ਕੇ ਕੱਢ ਰਹੀਆਂ ਫੁਲਕਾਰੀ।***
***ਚਿੜੀਆਂ ਦੇ ਚੰਬੇ ਨੇ ਲਗਦੈ, ਜਾਣਾ ਮਾਰ ਉਡਾਰੀ!***

## ਕੈਪਸ਼ਨ ਮੁਕਾਬਲਾ-62




ਮਹਿੰਗੇ ਮੁੱਲ ਦੀਆਂ ਜੀਪਾਂ ਲੈ ਕੇ
ਉਤੇ ਗੰਦ ਕੀ ਪਾਏ।
ਟਕੂਏ, ਬਰਛੇ ਅਤੇ ਪਤੰਦਰ
ਭੈੜੇ ਬੰਦ ਲਿਖਵਾਏ।
ਪੁੱਤ ਜੱਟਾਂ ਦੇ ਬਣੇ ਪਤੰਦਰ
ਕੰਮ ਅਨੋਖਾ ਹੋਇਆ।
ਜੱਟ ਮੁੜ ਗਿਆ ਜੇ ਜੱਟਪੁਣੇ ਤੋਂ
ਜੱਟ ਫਿਰ ਕਾਹਦਾ ਹੋਇਆ।
ਜੇ 'ਸੁਰਜੀਤ' ਨੀਂਦ 'ਚੋਂ ਕਿਧਰੇ
ਜਾਗ ਪਵੇ ਕਿਰਸਾਨ।
ਜਾਤ ਪਾਤ ਤੋਂ ਉਚੇ ਉਠ ਕੇ
ਬਣ ਜਾਈਏ ਇਨਸਾਨ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਵਿਚ ਪ੍ਰਦੇਸੀਂ ਆ ਕੇ ਵੀ
ਅਸੀਂ ਪਾਲੀਏ ਸ਼ੌਕ ਅਵੱਲੇ।
ਘਰ ਫੂਕ ਤਮਾਸ਼ਾ ਕਰਕੇ ਵੀ,
ਅਸੀਂ ਚਾਹੀਏ ਬੱਲੇ ਬੱਲੇ!

***-ਖੜਕ ਸਿੰਘ, ਨਿਊ ਯਾਰਕ।***

---

ਸੱਤ ਸਮੁੰਦਰ ਟੱਪ ਆਏ ਹਾਂ,
ਖਸਲਤ ਨਾਲੇ ਆਈ ਏ।
ਜਾਤ-ਗੋਤ, ਹੈਂਕੜ ਤੇ ਝਗੜੇ,
ਇਹ ਸਾਡੀ 'ਵਡਿਆਈ' ਏ!

***-ਫਕੀਰ ਚੰਦ ਸੈਂਪਲਾ, ਐਲ ਏ।***

---

ਵੇਚ ਜ਼ਮੀਨਾਂ ਜੀਪਾਂ ਲਈਆਂ,
ਗਹਿਣੇ ਰੱਖ ਟਰੈਕਟਰ।
ਸ਼ਕਲ ਸੂਰਤ ਤੋਂ ਜੱਟ ਨਾ ਜਾਪਣ
ਭੈੜੇ ਹੋ ਗਏ ਕਰੈਕਟਰ।
ਮਾਂ, ਧੀ, ਭੈਣ ਦੀ ਸ਼ਰਮ ਨਾ ਕੋਈ,
ਬਣ ਗਏ ਮੂਜੀ ਅਤੇ ਕਲੰਦਰ।
ਸਮਾਂ ਹੁੰਦਾ ਸੀ ਜੱਟ ਲੜਦਾ ਸੀ,
ਬੰਨ-ਵੱਟਾਂ ਜੇ ਖਿਸਕ ਆਵਣ ਖੇਤ ਅੰਦਰ।
ਪਰ ਹੁਣ ਵਿਹਲੜ ਹੋ ਗਏ ਕਾਕੇ,
ਖੁਸ਼ ਹੁੰਦੇ ਲਿਖਾ ਵੈਲੀ ਅਤੇ ਪਤੰਦਰ।
ਰੱਬਾ ਇਨ੍ਹਾਂ ਨੂੰ ਸੁਮੱਤ ਬਖਸ਼,
ਮੁੜ ਬਣ ਜਾਵਣ ਪੋਰਸ ਅਤੇ ਸਿਕੰਦਰ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਜੀਪ 'ਚ ਗੰਡਾਸੀਆਂ ਬੋਤਲਾਂ ਰੱਖ
ਮੁੰਡੇ ਲੰਡੂ ਜੀਪ ਵਿਚ ਬਹਿ ਗਏ।
ਗੱਭਰੂ ਜਵਾਨ ਜੱਟਪੁਣੇ ਦੀ ਸੁਹਬਤ ਕਰ
ਨਸ਼ਿਆਂ ਦੇ ਵਿਚ ਪੈ ਗਏ।
ਮੂੰਹਾਂ ਵਿਚ ਜਰਦੇ ਤੇ ਕੰਨਾਂ ਵਿਚ ਮੁੰਦਰਾਂ
ਪਾ ਕਰਦੇ ਨਿੱਤ ਲੜਾਈਆਂ,
ਕੋਰਟਾਂ ਕਚਹਿਰੀਆਂ ਦੇ ਖੁੰਗਲ ਕੀਤੇ
ਸੋਹਣੇ ਵੇਚ ਕੇ ਜ਼ਮੀਨਾਂ ਬਹਿ ਗਏ।
ਮਹਿਲਾਂ ਵਰਗੇ ਘਰ ਮੂਧੇ ਵੱਜ ਗਏ
ਹੋ ਗਏ ਕੁਰਕ ਫੋਰਡ ਤੇ ਜੀਪਾਂ,
ਕੈਲ, ਲੱਡੂ ਯਾਰ ਸਭ ਮੂੰਹ ਫੇਰ ਗਏ,
ਪੱਲੇ ਗੀਤਾਂ ਦੇ ਬੋਲ ਹੀ ਰਹਿ ਗਏ।

***-ਕਰਨੈਲ ਸਿੰਘ ਕੈਲ, ਸਿਆਟਲ***

---

ਰੱਖਦੇ ਜੀਪਾਂ, ਬੁਲਟ ਤੇ ਕਾਰਾਂ,
ਕਿੱਲਾ ਵੇਚ ਕੇ ਕਰਨ ਬਹਾਰਾਂ।
ਦੇ ਕੇ ਭਈਆਂ ਦੇ ਹੱਥ ਖੇਤੀ,
ਹੋ ਗਏ ਕੁੱਲ ਨਸ਼ਿਆਂ ਦੇ ਭੇਤੀ।
ਮੱਲੋਮੱਲੀ ਖੜਕ ਪੈਂਦੀਆਂ,
ਸੱਟਾਂ ਸਭ ਨੂੰ ਰੜਕ ਪੈਂਦੀਆਂ।
ਫੇਰ ਕਚਹਿਰੀ, ਠਾਣੇ ਅੰਦਰ,
ਇਹ ਜੱਟਾਂ ਦੇ ਪੁੱਤ ਪਤੰਦਰ।

***-ਮਹਾਂ ਸਿੰਘ ਹਾਂਸ***

# ਸੋਨੀਆ ਤੇ ਮਨਮੋਹਨ ਸ਼ਕਤੀਸ਼ਾਲੀ ਲੋਕਾਂ ਵਿਚ ਸ਼ੁਮਾਰ

**ਵਾਸ਼ਿੰਗਟਨ:** ਧਰਤੀ ਦੇ 500 ਸਭ ਤੋਂ ਵੱਧ ਤਾਕਤਵਰ ਲੋਕਾਂ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਣੇ 16 ਭਾਰਤੀਆਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਨਾਮੀ ਰਸਾਲੇ 'ਫੌਰਨ ਪਾਲਿਸੀ' ਵੱਲੋਂ ਜਾਰੀ ਸੂਚੀ ਵਿਚ ਵਿੱਤ ਮੰਤਰੀ ਪੀ. ਚਿਦੰਬਰਮ, ਰੱਖਿਆ ਮੰਤਰੀ ਏ.ਕੇ ਐਂਟਨੀ ਤੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦੇ ਨਾਂ ਵੀ ਸ਼ਾਮਲ ਹੈ।

ਇਨ੍ਹਾਂ ਤੋਂ ਇਲਾਵਾ ਇਸ ਸੂਚੀ ਵਿਚ ਅਧਿਆਤਮਕ ਆਗੂ ਬਾਬਾ ਰਾਮਦੇਵ ਤੇ ਸ੍ਰੀ ਸ੍ਰੀ ਰਵੀਸ਼ੰਕਰ ਤੇ ਭਾਜਪਾ ਆਗੂ ਸੁਸ਼ਮਾ ਸਵਰਾਜ ਵੀ ਸ਼ਾਮਲ ਹਨ। ਇਸ ਸੂਚੀ ਵਿਚ ਭਾਰਤ ਦੀ ਖੁਫੀਆ ਏਜੰਸੀ ਰਾਅ ਦੇ ਮੁਖੀ ਅਲੋਕ ਜੋਸ਼ੀ ਤੇ ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ ਵੀ ਸ਼ਾਮਲ ਹਨ। ਦੋ ਚੋਟੀ ਦੇ ਭਾਰਤੀ ਸਨਅਤਕਾਰਾਂ ਰਿਲਾਇੰਸ ਗਰੁੱਪ ਦੇ ਮੁਖੀ ਮੁਕੇਸ਼ ਅੰਬਾਨੀ ਤੇ ਆਰਸਲਰ ਮਿੱਤਲ ਦੇ ਮੁਖੀ ਲਕਸ਼ਮੀ ਮਿੱਤਲ ਤੋਂ ਇਲਾਵਾ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਤੇ ਮੈਡੀਸਨਜ਼ ਸੈਨਜ਼ ਫਰੰਟੀਅਰ ਦੇ ਪ੍ਰਧਾਨ ਓਨੀ ਕਰੁਣਾਕਾਰਾ, ਮੁੰਬਈ ਦੇ ਮੇਅਰ ਸੁਨੀਲ ਪ੍ਰਭੂ ਤੇ ਅਮਨੈਸਟੀ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਸਲੀਲ ਸ਼ੈਟੀ ਦਾ ਨਾਂ ਵੀ ਆਇਆ ਹੈ।





ਸੂਚੀ ਵਿਚ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਅਸ਼ਫਾਕ ਕਿਆਨੀ, ਆਈਐਸਆਈ ਦੇ ਮੁਖੀ ਜ਼ਹੀਰ ਉਲ-ਇਸਲਾਮ, ਪਾਕਿਸਤਾਨੀ ਤਾਲਿਬਾਨ ਦਾ ਆਗੂ ਹਕੀਮ ਉੱਲਾ ਮਹਿਸੂਦ ਤੇ ਕਰਾਚੀ ਦਾ ਪ੍ਰਸ਼ਾਸਕ ਸਈਦ ਹਾਸ਼ਿਮ ਰਜ਼ਾ ਜਾਇਦੀ ਵੀ ਸ਼ਾਮਲ ਹਨ। ਸੂਚੀ ਵਿਚ ਚੀਨ ਨਾਲ ਸਬੰਧਤ 30 ਵਿਅਕਤੀ ਸ਼ਾਮਲ ਹਨ ਜਦੋਂਕਿ ਵਧੇਰੇ ਦਬਦਬਾ ਅਮਰੀਕਾ ਤੇ ਯੂਰਪੀ ਸ਼ਾਸਕਾਂ ਦਾ ਹੈ। ਤਿੱਬਤੀ ਅਧਿਆਤਮਕ ਆਗੂ ਦਲਾਈ ਲਾਮਾ ਵੀ ਸੂਚੀ ਵਿਚ ਸ਼ਾਮਲ ਹਨ।

# ਮੋਦੀ ਨੂੰ ਨਹੀਂ ਮਿਲੇਗਾ ਅਮਰੀਕੀ ਵੀਜ਼ਾ

**ਵਾਸ਼ਿੰਗਟਨ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ 'ਤੇ ਵੀਜ਼ਾ ਪਾਬੰਦੀਆਂ ਜਾਰੀ ਰਹਿਣਗੀਆਂ। ਅਮਰੀਕੀ ਸੰਸਦ ਦੇ ਧਾਰਮਿਕ ਆਜ਼ਾਦੀ ਬਾਰੇ ਸੁਤੰਤਰ ਪੈਨਲ ਨੇ ਵੀ ਇਸ ਨਾਲ ਸਹਿਮਤੀ ਪ੍ਰਗਟਾਈ ਹੈ। ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ.ਐਸ.ਸੀ.ਆਈ.ਆਰ.ਐਫ) ਦੀ ਚੇਅਰਪਰਸਨ ਕੈਟਰੀਨਾ ਲੈਂਟੋਸ ਸਵੈਟ ਮੁਤਾਬਕ ਗੁਜਰਾਤ ਦੰਗਿਆਂ ਵਿਚ ਮੋਦੀ ਦਾ ਹੱਥ ਹੋਣ ਬਾਰੇ ਅਹਿਮ ਸਬੂਤ ਹਨ। ਇਸ ਲਈ ਉਨ੍ਹਾਂ ਨੂੰ ਅਮਰੀਕਾ ਦਾ ਵੀਜ਼ਾ ਦੇਣਾ ਕਿਧਰੋਂ ਵੀ ਸਹੀ ਨਹੀਂ।

ਕਮਿਸ਼ਨ ਨੇ ਧਾਰਮਿਕ ਆਜ਼ਾਦੀ ਬਾਰੇ ਜਾਰੀ ਆਪਣੀ ਰਿਪੋਰਟ ਵਿਚ ਭਾਰਤ ਨੂੰ ਟੀਅਰ-ਦੋ ਦੇਸ਼ਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ। ਇਸ ਸ਼੍ਰੇਣੀ ਵਿਚ ਅਫ਼ਗਾਨਿਸਤਾਨ, ਅਜ਼ਰਬਾਇਜਾਨ, ਕਿਊਬਾ, ਇੰਡੋਨੇਸ਼ੀਆ, ਕਜ਼ਾਖਸਤਾਨ, ਲਾਓਸ ਤੇ ਰੂਸ ਹਨ। ਰਿਪੋਰਟ ਵਿਚ ਸਿਰਫ ਮੋਦੀ ਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੂੰ ਕਮਿਸ਼ਨ ਨੇ ਅਮਰੀਕਾ ਦਾ ਵੀਜ਼ਾ ਨਾ ਦੇਣ ਦੀ ਗੱਲ ਆਖੀ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਸਾਲ 2002 ਵਿਚ ਗੁਜਰਾਤ ਦੰਗਿਆਂ ਦੌਰਾਨ ਮੋਦੀ ਦੀ ਸ਼ਹਿ ਉਪਰ ਹੀ ਸੂਬੇ ਅੰਦਰ 1100 ਤੋਂ 2000 ਮੁਸਲਮਾਨਾਂ ਦਾ ਕਤਲ ਹੋਇਆ ਸੀ।

ਕਮਿਸ਼ਨ ਨੇ ਨਵੰਬਰ 2012 ਵਿਚ ਇਕ



ਖ਼ਤ ਤਤਕਾਲੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਭੇਜਿਆ ਸੀ ਤੇ ਉਸ ਵਿਚ ਅਮਰੀਕਾ ਦੀ ਮੋਦੀ ਖਿਲਾਫ਼ ਨੀਤੀ ਜਾਰੀ ਰੱਖਣ ਦੀ ਸਿਫਾਰਸ਼ ਕੀਤੀ ਗਈ ਸੀ। 2002 ਦੇ ਗੁਜਰਾਤ ਦੰਗਿਆਂ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬੀਤੇ ਦੋ ਸਾਲਾਂ ਵਿਚ ਤਕਰੀਬਨ 100 ਵਿਅਕਤੀ ਵੱਖ-ਵੱਖ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤੇ ਗਏ ਹਨ। ਇਸੇ ਸਾਲ ਤਕਰੀਬਨ 100 ਲੋਕ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਏ। ਗੁਜਰਾਤ ਪੁਲਿਸ ਗਵਾਹਾਂ ਵੱਲੋਂ ਪੇਸ਼ ਨਾ ਹੋਣ ਕਾਰਨ ਵੱਡੀ ਗਿਣਤੀ ਵਿਚ ਕੇਸ ਬੰਦ ਕਰ ਦਿੱਤੇ ਹਨ।

# ਪਰਵੇਜ਼ ਮੁਸ਼ੱਰਫ ਦੀ ਪਾਰਟੀ ਵੱਲੋਂ ਚੋਣਾਂ ਦਾ ਬਾਈਕਾਟ

**ਇਸਲਾਮਾਬਾਦ:** ਪਾਕਿਸਤਾਨ ਅਦਾਲਤ ਵੱਲੋਂ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ 'ਤੇ ਚੋਣ ਲੜਨ ਲਈ ਉਮਰ ਭਰ ਲਈ ਲਾਈ ਪਾਬੰਦੀ ਮਗਰੋਂ ਉਨ੍ਹਾਂ ਦੀ ਪਾਰਟੀ ਨੇ ਵੀ 11 ਮਈ ਨੂੰ ਦੇਸ਼ ਵਿਚ ਹੋ ਰਹੀਆਂ ਆਮ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਮੁਸ਼ੱਰਫ ਵੱਲੋਂ ਆਪਣੇ ਸ਼ਾਸਨਕਾਲ ਦੌਰਾਨ ਕੀਤੀਆਂ ਗਈਆਂ ਕਈ ਕਾਰਵਾਈਆਂ ਕਾਨੂੰਨੀ ਕੇਸਾਂ ਵਿਚ ਉਲਝ ਗਈਆਂ ਹਨ ਤੇ ਪਾਰਟੀ ਇਸ ਤੋਂ ਖਫ਼ਾ ਹੈ।



2007 ਵਿਚ ਐਮਰਜੈਂਸੀ ਲਾਉਣ, ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਤੇ ਬਲੋਚ ਆਗੂ ਅਕਬਰ ਬੁਗਤੀ ਦੀ 2006 ਦੇ ਫੌਜੀ ਅਪਰੇਸ਼ਨ ਵਿਚ ਹੱਤਿਆ ਦੇ ਮਾਮਲਿਆਂ ਵਿਚ ਮੁਸ਼ੱਰਫ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ। ਮੁਸ਼ੱਰਫ ਦੀ ਆਲ ਪਾਕਿਸਤਾਨ ਮੁਸਲਿਮ ਲੀਗ (ਏ.ਪੀ.ਐਮ.ਐਲ) ਦੇ ਤਰਜਮਾਨ ਮੁਹੰਮਦ ਅਮਜ਼ਦ ਨੇ ਪਾਰਟੀ ਵੱਲੋਂ ਆਮ ਚੋਣਾਂ ਦੇ ਬਾਈਕਾਟ ਦਾ ਐਲਾਨ ਕੀਤਾ।

ਮੁਹੰਮਦ ਅਮਜਦ ਨੇ ਕਿਹਾ ਕਿ ਜਨਰਲ (ਸੇਵਾਮੁਕਤ) ਪਰਵੇਜ਼ ਮੁਸ਼ੱਰਫ ਦੇ ਨਾਮਜ਼ਦਗੀ ਕਾਗਜ਼ ਰੱਦ ਕੀਤੇ ਜਾਣ ਮਗਰੋਂ ਪਾਰਟੀ ਨੇ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਮੁਸ਼ੱਰਫ ਆਪਣੇ ਖ਼ਿਲਾਫ਼ ਚੱਲ ਰਹੇ ਸਾਰੇ ਕੇਸਾਂ ਦਾ ਸਾਹਮਣਾ ਕਰਨਗੇ ਤੇ ਕਿਸੇ ਵੀ ਦੇਸ਼ ਤੋਂ ਭੱਜਣਗੇ ਨਹੀਂ। ਏ.ਪੀ.ਐਮ.ਐਲ ਵੱਲੋਂ ਖੜ੍ਹੇ ਕੀਤੇ ਜਾ ਰਹੇ ਸਾਰੇ 170 ਉਮੀਦਵਾਰਾਂ ਦੇ ਨਾਂਅ ਵਾਪਸ ਲਏ ਜਾ ਰਹੇ ਹਨ। 69 ਸਾਲਾ ਸਾਬਕਾ ਰਾਸ਼ਟਰਪਤੀ ਜਦੋਂ ਤੋਂ ਮਾਰਚ ਤੋਂ ਦੇਸ਼ ਪਰਤੇ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਮਾਮਲੇ ਵਿਚ ਉਲਝਾਇਆ ਜਾ ਰਿਹਾ ਹੈ। ਉਸ ਨੂੰ ਇਸ ਵੇਲੇ ਆਪਣੇ ਹੀ ਫਾਰਮ ਹਾਊਸ ਵਿਚ ਰੱਖਿਆ ਹੋਇਆ ਹੈ।

# ਪਰਮਾਣੂ ਹਥਿਆਰਾਂ ਦੀ ਦੌੜ ਤੋਂ ਅਮਰੀਕਾ ਫਿਕਰਮੰਦ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਤੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਆਪਣੇ ਪਰਮਾਣੂ ਤੇ ਮਿਸਾਈਲ ਪ੍ਰੋਗਰਾਮ 'ਤੇ ਰੋਕ ਲਾਉਣ ਤੇ ਕੌਮਾਂਤਰੀ ਪਰਮਾਣੂ ਅਪਸਾਰ ਮਾਮਲੇ 'ਤੇ ਸਕਾਰਾਤਮਕ ਭੂਮਿਕਾ ਨਿਭਾਉਣ। ਅਮਰੀਕਾ ਦੇ ਕੌਮਾਂਤਰੀ ਸੁਰੱਖਿਆ ਤੇ ਪਰਮਾਣੂ ਅਪਸਾਰ ਬਾਰੇ ਉਪ ਵਿਦੇਸ਼ ਮੰਤਰੀ ਥੌਮਸ ਕੰਟਰੀਮੈਨ ਨੇ ਕਿਹਾ ਕਿ ਉਹ ਦੱਖਣੀ ਏਸ਼ੀਆ ਵਿਚ ਪਰਮਾਣੂ ਹਥਿਆਰ ਬਣਾਉਣ ਤੇ ਉਨ੍ਹਾਂ ਨੂੰ ਸਪਲਾਈ ਕਰਨ ਦੇ ਗੰਭੀਰ ਮੁੱਦੇ 'ਤੇ ਫਿਕਰਮੰਦ ਹਨ।

ਜਨੇਵਾ ਵਿਖੇ ਪਰਮਾਣੂ ਅਪਸਾਰ ਸੰਧੀ ਬਾਰੇ ਕਾਨਫਰੰਸ ਵਿਚ ਉਨ੍ਹਾਂ ਕਿਹਾ ਕਿ ਅਮਰੀਕਾ ਪਰਮਾਣੂ ਹਥਿਆਰਾਂ ਬਾਰੇ ਛਿੜੀ ਦੌੜ 'ਤੇ ਲਗਾਤਾਰ ਫਿਕਰ ਜ਼ਾਹਰ ਕਰਦਾ ਆ ਰਿਹਾ ਹੈ। ਇਸੇ ਲਈ ਭਾਰਤ ਤੇ ਪਾਕਿਸਤਾਨ ਨੂੰ ਵਾਰ-ਵਾਰ ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਮਾਣੂ ਹਥਿਆਰ ਤੇ ਮਿਸਾਈਲ ਪ੍ਰੋਗਰਾਮ ਨੂੰ ਰੋਕ ਦੇਣ ਪਰ ਅਫਸੋਸ ਹੈ ਕਿ ਜਦੋਂ ਵੀ ਪਰਮਾਣੂ ਹਥਿਆਰਾਂ ਦੀ ਦੌੜ ਬੰਦ ਕਰਨ ਲਈ ਆਖਿਆ ਜਾਂਦਾ ਹੈ ਤਾਂ ਪਾਕਿਸਤਾਨ ਉਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਜੇਕਰ ਦੋਵਾਂ ਦੇਸ਼ਾਂ ਵੱਲੋਂ ਅਜਿਹੇ ਹਥਿਆਰ ਵਰਤੇ ਗਏ ਜਾਂ ਫਿਰ ਜਾਣੇ-ਅਣਜਾਣੇ ਵਿਚ ਚੱਲ ਗਏ ਤਾਂ ਇਸ ਨਾਲ ਸਾਰੀ ਦੁਨੀਆਂ ਨੂੰ ਖਤਰਾ ਖੜ੍ਹਾ ਹੋ ਜਾਵੇਗਾ।

# ਮਾਦੁਰੋ ਨੂੰ ਰਾਸ਼ਟਰਪਤੀ ਮੰਨਣ ਤੋਂ ਓਬਾਮਾ ਇਨਕਾਰੀ

**ਸੈਨ ਹੋਜ਼ੇ:** ਨਿਕੋਲਸ ਮਾਦੁਰੋ ਨੂੰ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਵਜੋਂ ਮਾਨਤਾ ਦੇਣ ਬਾਰੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਾਸਾ ਵੱਟ ਲਿਆ ਹੈ। ਅਮਰੀਕੀ ਸਪੇਨੀ ਭਾਸ਼ਾ ਦੇ ਨੈੱਟਵਰਕ ਯੂਨੀਵਿਜ਼ਨ ਨਾਲ ਮੁਲਾਕਾਤ ਵਿਚ ਸ੍ਰੀ ਓਬਾਮਾ ਨੇ ਕਿਹਾ ਕਿ 14 ਅਪਰੈਲ ਦੀਆਂ ਵਿਵਾਦਗ੍ਰਸਤ ਚੋਣਾਂ ਪਿੱਛੋਂ ਸਮੁੱਚੇ ਖਿੱਤੇ ਅੰਦਰ ਹਿੰਸਾ, ਮੁਜ਼ਾਹਰਿਆਂ ਤੇ ਵਿਰੋਧੀ ਧਿਰ ਦੇ ਕਾਰਕੁਨਾਂ ਦੀ ਫੜੋ-ਫੜੀ ਦੀਆਂ ਘਟਨਾਵਾਂ ਹੋ ਰਹੀਆਂ ਹਨ। ਸ੍ਰੀ ਮਾਦੁਰੋ ਨੇ ਚੋਣਾਂ ਵਿਚ ਥੋੜ੍ਹੇ ਜਿਹੇ ਫਰਕ ਨਾਲ ਵਿਰੋਧੀ ਧਿਰ ਦੇ ਉਮੀਦਵਾਰ ਹੈਨਰਿਕ ਕੈਪਰਿਲੇਸ ਨੂੰ ਹਰਾ ਦਿੱਤਾ ਸੀ ਪਰ ਸ੍ਰੀ ਕੈਪਰਿਲੇਸ ਨੇ ਇਹ ਕਹਿ ਕੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਚੋਣਾਂ ਵਿਚ ਧਾਂਦਲੀਆਂ ਹੋਈਆਂ ਸਨ।



ਕੋਸਟਾ ਰੀਕਾ ਵਿਚ ਮੱਧ ਅਮਰੀਕੀ ਆਗੂਆਂ ਨਾਲ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਪੁੱਜੇ ਸ੍ਰੀ ਓਬਾਮਾ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਰਿਹਾ ਹੈ ਕਿ ਇਹ ਵੈਨੇਜ਼ੁਏਲਾ ਦੇ ਆਗੂਆਂ 'ਤੇ ਨਿਰਭਰ ਕਰਦਾ ਹੈ ਕਿ ਉਚਿਤ ਚੋਣ ਪ੍ਰਕਿਰਿਆ ਰਾਹੀਂ ਆਪਣੇ ਆਗੂਆਂ ਨੂੰ ਚੁਣਨ। ਇਸ ਖਿੱਤੇ ਪ੍ਰਤੀ ਉਨ੍ਹਾਂ ਦੀ ਵਿਚਾਰਧਾਰਕ ਪਹੁੰਚ ਨਹੀਂ ਹੈ। ਇਹ ਮਨੁੱਖੀ ਅਧਿਕਾਰਾਂ ਤੇ ਲੋਕਰਾਜ, ਪ੍ਰੈੱਸ ਦੀ ਆਜ਼ਾਦੀ ਤੇ ਵਿਧਾਨਪਾਲਿਕਾ ਦੀ ਆਜ਼ਾਦੀ ਦੇ ਬੁਨਿਆਦੀ ਅਸੂਲਾਂ 'ਤੇ ਅਧਾਰਤ (ਪਹੁੰਚ) ਹੈ।

ਹਿਊਗੋ ਸ਼ਾਵੇਜ਼ ਦੀ ਮੌਤ ਤੋਂ ਬਾਅਦ ਹੋਈ ਚੋਣ ਤੋਂ ਹੀ ਤਣਾਅ ਵਧ ਰਿਹਾ ਸੀ। ਸਰਕਾਰ ਦਾ ਕਹਿਣਾ ਹੈ ਕਿ ਚੋਣ ਤੋਂ ਬਾਅਦ ਹੋਏ ਮੁਜ਼ਾਹਰਿਆਂ ਵਿਚ ਨੌਂ ਜਣੇ ਮਾਰੇ ਗਏ ਹਨ। ਮਈ ਦਿਵਸ 'ਤੇ ਦੋਵਾਂ ਧਿਰਾਂ ਨੇ ਆਪੋ-ਆਪਣੇ ਤੌਰ 'ਤੇ ਰੈਲੀਆਂ ਕੱਢੀਆਂ। ਰਾਸ਼ਟਰਪਤੀ ਮਾਦੁਰੋ ਨੇ ਕੈਪਰਿਲੇਸ ਨੂੰ 'ਰੋਂਦੂ ਬੱਚਾ' ਆਖਿਆ ਜੋ ਆਪਣੀ ਹਾਰ ਮੰਨਣ ਤੋਂ ਇਨਕਾਰੀ ਹੈ।

# ਹਿਊਸਟਨ ਦੇ ਹਵਾਈ ਅੱਡੇ 'ਤੇ ਫਾਇਰਿੰਗ

**ਹਿਊਸਟਨ:** ਇਕ ਵਿਅਕਤੀ ਨੇ ਅਚਾਨਕ ਇਥੋਂ ਦੇ ਮੁੱਖ ਹਵਾਈ ਅੱਡੇ ਉਪਰ ਅਲਸਾਲਟ ਨਾਲ ਹਵਾਈ ਫਾਇਰਿੰਗ ਕਰਨ ਪਿੱਛੋਂ ਖੁਦਕੁਸ਼ੀ ਕਰ ਲਈ। ਸੁਰੱਖਿਆ ਏਜੰਸੀਆਂ ਮੁਤਾਬਕ ਇਕ ਵਿਅਕਤੀ ਤੁਰਦਾ ਹੋਇਆ ਬੁਸ਼ ਅੰਤਰ ਮਹਾਂਦੀਪੀ ਹਵਾਈ ਅੱਡੇ ਦੇ ਟਰਮੀਨਲ ਬੀ ਟਿਕਟਿੰਗ ਏਰੀਏ ਵਿਚ ਆਇਆ ਤੇ ਆਪਣੀ ਏਅਰ-15 ਬੰਦੂਕ ਨਾਲ ਹਵਾ ਵਿਚ ਗੋਲੀਆਂ ਚਲਾਉਣ ਲੱਗਾ।

ਇਸ ਕਾਰਨ ਹਵਾਈ ਅੱਡੇ 'ਤੇ ਦਹਿਸ਼ਤ ਫੈਲ ਗਈ ਤੇ ਲੋਕ ਇਧਰ-ਉਧਰ ਭੱਜਣ ਲੱਗੇ। ਇਸ ਦੌਰਾਨ ਹਵਾਈ ਅੱਡੇ 'ਤੇ ਮੌਜੂਦ ਇਕ ਏਅਰ ਮਾਰਸ਼ਲ ਨੇ ਉਸ ਉਪਰ ਗੋਲੀ ਚਲਾਈ ਪਰ ਉਹ ਬਚ ਗਿਆ। ਇਸ ਮਗਰੋਂ ਬੰਦੂਕਧਾਰੀ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਹਵਾਈ ਅੱਡੇ 'ਤੇ ਮੌਜੂਦ ਇਕ ਵਿਅਕਤੀ ਨੇ ਦੱਸਿਆ ਕਿ ਬੰਦੂਕਧਾਰੀ ਅੱਡੇ ਅੰਦਰ ਆਇਆ ਤੇ ਅਚਾਨਕ ਗੋਲੀਆਂ ਚਲਾਉਣ ਲੱਗਾ।

ਹਰ ਪਾਸੇ ਡਰ ਦਾ ਮਾਹੌਲ ਸੀ ਤੇ ਲੋਕ ਲੁਕਣ ਲਈ ਥਾਂ ਲੱਭਣ ਲੱਗੇ। ਫਿਰ ਬੰਦੂਕਧਾਰੀ ਨੇ ਖੁਦਕੁਸ਼ੀ ਕਰ ਲਈ।ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਦੇਖਿਆ ਕਿ ਇਸ ਘਟਨਾ ਕਾਰਨ ਬੁਸ਼ ਅੰਤਰ ਮਹਾਂਦੀਪੀ ਹਵਾਈ ਅੱਡੇ ਤੋਂ ਕਈ ਹਵਾਈ ਉਡਾਣਾਂ ਪਛੜ ਗਈਆਂ। ਪੁਲਿਸ ਨੇ ਹਮਲਾਵਰ ਦੀ ਪਛਾਣ ਨਹੀਂ ਦੱਸੀ।

# ਅਮਰੀਕਾ ਵੱਲੋਂ ਭਾਰਤੀ ਇਮਦਾਦ ਵਿਚ 16 ਫੀਸਦੀ ਕਟੌਤੀ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਮੰਤਰੀ ਜੌਰਨ ਕੈਰੀ ਨੇ ਭਾਰਤ ਲਈ ਅਮਰੀਕੀ ਮਦਦ 16 ਫੀਸਦ ਕਮੀ ਦੀ ਤਜਵੀਜ਼ ਰੱਖੀ ਹੈ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਭਾਰਤ ਦਾ ਰੁਤਬਾ ਹੁਣ ਦਾਨ ਪਾਤਰੀ ਦੀ ਬਜਾਏ ਰਣਨੀਤਕ ਭਿਆਲੀ ਵਾਲਾ ਬਣਦਾ ਜਾ ਰਿਹਾ ਹੈ। ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਅਨੁਸਾਰ ਵਿੱਤੀ ਸਾਲ 2014 ਲਈ ਭਾਰਤ ਵਾਸਤੇ ਵਿਦੇਸ਼ ਵਿਭਾਗ ਦੀ ਬੇਨਤੀ 9.10 ਕਰੋੜ ਡਾਲਰ ਹੈ। ਇਹ 2012 ਦੇ ਵਿੱਤੀ ਪੱਧਰ ਨਾਲੋਂ 16 ਫੀਸਦ ਕਮੀ ਦਰਸਾਉਂਦਾ ਹੈ। ਦਰਅਸਲ ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ।

2010 ਵਿਚ ਭਾਰਤ ਨੂੰ 12.67 ਕਰੋੜ ਡਾਲਰ ਦੀ ਅਮਰੀਕੀ ਇਮਦਾਦ ਮਿਲੀ ਸੀ ਜੋ 2011 ਵਿਚ 12.16 ਕਰੋੜ ਡਾਲਰ ਤੇ 2012 ਵਿਚ 10.80 ਕਰੋੜ ਡਾਲਰ ਅਤੇ 2013 9.83 ਕਰੋੜ ਡਾਲਰ ਰਹਿ ਗਈ। ਅਧਿਕਾਰੀ ਨੇ ਦੱਸਿਆ ਕਿ ਇਮਦਾਦ ਵਿਚ ਕਟੌਤੀ ਰਵਾਇਤੀ ਦਾਨੀ-ਲਾਭਪਾਤਰੀ ਸਬੰਧਾਂ ਤੋਂ ਵਧੇਰੇ ਰਣਨੀਤਕ ਭਿਆਲੀ ਵਿਚ ਤਬਾਦਲੇ ਦਾ ਸੰਕੇਤ ਹੈ। ਇਸ ਅਮਰੀਕੀ ਇਮਦਾਦ ਵਿਚੋਂ ਦੋ-ਤਿਹਾਈ ਹਿੱਸਾ ਸਿਹਤ ਖੇਤਰ ਲਈ ਰੱਖਿਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਭਾਰਤ ਵਿਚ ਅਜੇ ਵੀ ਸਿਹਤ ਦੀਆਂ ਕਈ ਚੁਣੌਤੀਆਂ ਹਨ। 2012 ਵਿਚ ਭਾਰਤ ਦੇ ਸਿਹਤ ਖੇਤਰ ਲਈ 7.6 ਕਰੋੜ ਡਾਲਰ ਦੀ ਇਮਦਾਦ ਮਿਲੀ ਸੀ।ਵਿੱਤੀ ਸਾਲ 2014 ਲਈ ਵਿਦੇਸ਼ ਵਿਭਾਗ ਦਾ ਕੁੱਲ ਬਜਟ ਪ੍ਰਸਤਾਵ 47.8 ਅਰਬ ਡਾਲਰ ਹੈ ਜੋ ਵਿੱਤੀ ਸਾਲ 2012 ਦੇ ਅਸਲ ਖਰਚ ਨਾਲੋਂ ਛੇ ਫੀਸਦ ਘੱਟ ਹੈ। ਸਾਲ 2014 ਵਿਚ ਭਾਰਤ ਨੂੰ ਅਮਰੀਕਾ ਤੋਂ ਵਿਕਾਸ ਲਈ 1.2 ਕਰੋੜ ਡਾਲਰ ਦੀ ਇਮਦਾਦ ਮਿਲੇਗੀ ਜਦਕਿ ਵਿੱਤੀ ਸਾਲ 2012 ਦੌਰਾਨ ਇਸ ਮੰਤਵ ਲਈ




1.85 ਕਰੋੜ ਡਾਲਰ ਖਰਚ ਕੀਤੇ ਗਏ ਸਨ। ਵਿਦੇਸ਼ ਮੰਤਰੀ ਜੌਹਨ ਕੈਰੀ ਵੱਲੋਂ ਬਜਟ ਪ੍ਰਸਤਾਵਾਂ ਸਹਿਤ ਕਾਂਗਰਸ ਨੂੰ ਲਿਖੇ ਪੱਤਰ ਦਾ ਹਵਾਲਾ ਦਿੰਦਿਆਂ ਅਧਿਕਾਰੀ ਨੇ ਕਿਹਾ ਕਿ ਭਾਰਤ ਦੀ ਇਸ ਸਬੰਧ ਵਿਚ ਅਹਿਮ ਭੂਮਿਕਾ ਬਣ ਰਹੀ ਹੈ। ਦੱਖਣੀ ਅਤੇ ਮੱਧ ਏਸ਼ੀਆ ਲਈ ਕੈਰੀ ਨੇ ਕੁੱਲ 51.40 ਕਰੋੜ ਡਾਲਰ ਦੀ ਇਮਦਾਦ ਦੀ ਤਜਵੀਜ਼ ਬਣਾਈ ਹੈ ਪਰ ਇਸ ਵਿਚ ਅਫਗਾਨਿਸਤਾਨ ਤੇ ਪਾਕਿਸਤਾਨ ਲਈ ਦਿੱਤੀ ਜਾਂਦੀ ਇਮਦਾਦ ਸ਼ਾਮਲ ਨਹੀਂ ਹੈ ਕਿਉਂਕਿ ਉਥੇ ਦਹਿਸ਼ਤਵਾਦ ਖਿਲਾਫ ਚੱਲ ਰਹੀ ਲੜਾਈ ਦੇ ਮੱਦੇਨਜ਼ਰ ਓਬਾਮਾ ਪ੍ਰਸ਼ਾਸਨ ਵੱਲੋਂ ਵੱਖਰੇ ਤੌਰ 'ਤੇ ਰਕਮ ਰੱਖੀ ਜਾਂਦੀ ਹੈ।

# ਏਕਤਾ ਕਪੂਰ ਦੀ 40 ਕਰੋੜ ਦੀ ਬੇਨਾਮੀ ਜਾਇਦਾਦ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਵੱਲੋਂ ਮਾਰੇ ਗਏ ਛਾਪਿਆਂ ਦੌਰਾਨ ਫਿਲਮ ਤੇ ਟੈਲੀਵਿਜ਼ਨ ਡਰਾਮਿਆਂ ਦੀ ਨਿਰਮਾਤਾ ਏਕਤਾ ਕਪੂਰ ਦੀ 40 ਕਰੋੜ ਦੀ ਬੇਨਾਮੀ ਜਾਇਦਾਦ ਦਾ ਪਤਾ ਲੱਗਾ ਹੈ। ਸੂਤਰਾਂ ਮੁਤਾਬਕ ਏਕਤਾ ਕਪੂਰ ਦੇ ਸੱਤ ਲਾਕਰਾਂ ਬਾਰੇ ਵੀ ਪਤਾ ਲੱਗਾ ਹੈ ਜਿਨ੍ਹਾਂ ਨੂੰ ਅਜੇ ਖੋਲ੍ਹਿਆ ਜਾਣਾ ਬਾਕੀ ਹੈ। ਅਧਿਕਾਰੀਆਂ ਅਨੁਸਾਰ ਏਕਤਾ ਕਪੂਰ ਵੱਲੋਂ ਕਮਾਏ 40 ਕਰੋੜ ਦੀ ਰਾਸ਼ੀ ਬਾਰੇ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਤਾਂ ਕਿ ਟੈਕਸ ਤੋਂ ਬਚਿਆ ਜਾ ਸਕੇ। ਸੂਤਰਾਂ ਮੁਤਾਬਕ ਏਕਤਾ ਕਪੂਰ ਵੱਲੋਂ ਵਿਦੇਸ਼ਾਂ ਵਿਚ ਸ਼ੂਟਿੰਗ 'ਤੇ ਮਿਲੀ ਆਮਦਨ ਕਰ ਛੋਟ ਦਾ ਵੇਰਵਾ ਨਹੀਂ ਦਿੱਤਾ ਗਿਆ। ਤਿੰਨ ਦਿਨ ਪਹਿਲਾਂ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੇ ਟੈਕਸ ਚੋਰੀ ਦੇ ਸਿਲਸਿਲੇ ਵਿਚ ਏਕਤਾ ਕਪੂਰ ਤੇ ਉਨ੍ਹਾਂ ਦੇ ਪਿਤਾ ਜਤਿੰਦਰ ਦੇ ਨਿਵਾਸ ਅਤੇ ਬਾਲਾਜੀ ਟੈਲੀਫਿਲਮਜ਼ ਦੇ ਪਰਿਸਰਾਂ ਵਿਚ ਛਾਪੇ ਮਾਰੇ ਸਨ। ਤਕਰੀਬਨ 100 ਮੁਲਾਜ਼ਮਾਂ ਨੇ ਛਾਪੇਮਾਰੀ ਦੀ ਕਾਰਵਾਈ ਕੀਤੀ। ਉਨ੍ਹਾਂ ਜੂਹੂ ਸਥਿਤ ਜਤਿੰਦਰ ਤੇ ਉਨ੍ਹਾਂ ਦੀ ਬੇਟੀ ਦੇ ਨਿਵਾਸ ਸਮੇਤ ਸ਼ਹਿਰ ਵਿਚ ਸੱਤ ਥਾਵਾਂ 'ਤੇ ਛਾਪੇਮਾਰੀ ਕੀਤੀ। ਉਸ ਦੇ ਭਰਾ ਤੁਸ਼ਾਰ ਕਪੂਰ ਨਿਵਾਸ 'ਤੇ ਵੀ ਛਾਪੇ ਮਾਰੇ ਗਏ।



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਕਬੱਡੀ ਦਾ ਭੀਮ ਸੈਨ-ਨਡਾਲੇ ਵਾਲਾ ਪ੍ਰੀਤਾ

"ਇਕਬਾਲ ਸਿੰਹਾਂ, ਐਵੈਂ ਕਹੀ ਜਾਂਦੇ ਨੇ, ਕਬੱਡੀ ਕੌਡੀਆਂ ਦੀ ਸੀ, ਹੁਣ ਕਰੋੜਾਂ ਦੀ ਹੋ ਗਈ, ਕਬੱਡੀ ਕਦੇ ਕੌਡੀਆਂ ਦੀ ਨਹੀਂ ਸੀ, ਇਸ ਮਾਂ-ਖੇਡ ਕਰਕੇ ਯੋਗ ਖਿਡਾਰੀਆਂ ਚੰਗੀਆਂ ਨੌਕਰੀਆਂ ਮਿਲਦੀਆਂ ਰਹੀਆਂ ਹਨ, ਇਸ ਨੇ ਵਿਦੇਸ਼ਾਂ ਦੇ ਟੂਰ ਲੁਆ ਦਿਤੇ, ਕਈ ਖੇਡਣ ਗਏ ਉਥੇ ਹੀ ਰਹਿ ਗਏ, ਹਰ ਚੰਗੇ ਖਿਡਾਰੀ ਨੂੰ ਇੱਜ਼ਤ-ਮਾਣ ਮਿਲਦਾ ਆ ਰਿਹੈ।" ਇਹ ਵਿਚਾਰ ਹਨ, ਆਪਣੇ ਸਮੇਂ ਦੇ ਧੱਕੜ ਖਿਡਾਰੀ ਪ੍ਰੀਤੇ ਦੇ।

ਆਓ, ਇਸ ਸਦੀ ਦੇ ਤਾਕਤਵਰ ਕਬੱਡੀ ਖਿਡਾਰੀ ਪ੍ਰੀਤੇ ਦੀਆਂ ਬਾਤਾਂ ਪਾਈਏ। ਉਹ ਪ੍ਰੀਤਾ ਜੋ ਸਾਡੇ ਵਿਚਕਾਰ ਹਾਲੇ ਮੌਜੂਦ ਹੈ। ਆਇਆ ਪ੍ਰੀਤਾ ਗਿਆ ਪ੍ਰੀਤਾ, ਰੋਕਣਾ ਹੋਇਆ ਔਖਾ ਪ੍ਰੀਤਾ, ਕਬੱਡੀ ਦਾ ਥੰਮ੍ਹ ਪ੍ਰੀਤਾ, ਕਬੱਡੀ ਦਾ ਤੂਫ਼ਾਨ ਪ੍ਰੀਤਾ। ਪ੍ਰੀਤੇ ਦਾ ਜਨਮ ਪਿਤਾ ਲਾਭ ਸਿੰਘ 'ਸਾਹੀ' ਅਤੇ ਮਾਤਾ ਜਿੰਦ ਕੌਰ ਦੇ ਘਰ 15 ਜਨਵਰੀ 1944 ਨੂੰ ਪਿੰਡ ਡਸਕਾ ਜਿਲ੍ਹਾ ਸਿਆਲਕੋਟ ਪਾਕਿਸਤਾਨ ਵਿਚ ਹੋਇਆ। 1947 ਦੀ ਵੰਡ ਤੋਂ ਬਾਅਦ ਸਰਕਾਰ ਵਲੋਂ ਨਡਾਲੇ ਜ਼ਮੀਨ ਅਲਾਟ ਹੋਣ ਕਰਕੇ ਪੰਜ ਸਾਲ ਦਾ ਪ੍ਰੀਤਾ ਪਰਿਵਾਰ ਸਮੇਤ ਸਿਆਲਕੋਟ ਤੋਂ ਨਡਾਲੇ ਆ ਗਿਆ।



*ਲੇਖਕ (ਐਨ ਸੱਜੇ) ਪ੍ਰੀਤੇ (ਚਿੱਟੀ ਪੱਗ) ਅਤੇ ਹੋਰਨਾਂ ਨਾਲ, ਪਿਛੇ ਉਸ ਦੇ ਜਿੱਤੇ ਮੈਡਲ*

ਮੈਟ੍ਰਿਕ ਤੱਕ ਦੀ ਪੜ੍ਹਾਈ ਪਿੰਡੋਂ ਕੀਤੀ। ਪਰਿਵਾਰ ਭਲਵਾਨੀ ਨਾਲ ਜੁੜਿਆ ਹੋਣ ਕਰਕੇ ਸਕੂਲ ਤੋਂ ਹੀ ਖੇਡਾਂ ਵੱਲ ਰੁਚੀ ਹੋ ਗਈ। ਸਕੂਲ ਦੀ ਕਬੱਡੀ ਟੀਮ ਦਾ ਤਕੜਾ ਖਿਡਾਰੀ ਬਣ ਕੇ ਪੰਜਾਬ ਦਾ ਤਿੰਨ ਸਾਲ ਕਪਤਾਨ ਰਿਹੈ। ਸੰਨ 1959, 60, 61 'ਚ ਸਕੂਲ ਖੇਡਾਂ 'ਚ ਕਬੱਡੀ ਦੀ ਪੰਜਾਬ ਚੈਂਪੀਅਨਸ਼ਿਪ ਜਿੱਤੀ। ਜੈਵਲਿਨ ਵੀ ਉਸ ਦੀ ਮਨ ਪਸੰਦ ਖੇਡ ਸੀ। ਸੰਨ '69 ਵਿਚ ਭਾਰਤੀ ਜੈਵਲਿਨ ਦਾ ਰਿਕਾਰਡ ਬਣਾਇਆ। ਜੈਵਲਿਨ ਸਦਕਾ ਹੀ '64 ਵਿਚ ਉਸ ਵੇਲੇ ਦੇ ਆਈ. ਜੀ. ਅਸ਼ਵਨੀ ਕੁਮਾਰ ਨੇ ਪੰਜਾਬ ਪੁਲਿਸ ਵਿਚ ਹੌਲਦਾਰ ਭਰਤੀ ਕਰ ਲਿਆ। ਆਈ. ਜੀ. ਤੋਂ ਬਾਅਦ ਅਸ਼ਵਨੀ ਕੁਮਾਰ ਡੀ. ਜੀ. ਪੀ. ਬਣਿਆ। ਸੰਨ '66 ਵਿਚ ਬੀ. ਐਸ. ਐਫ਼ ਬਣੀ। ਬੀ. ਐਸ. ਐਫ਼. ਬਣਦੇ ਹੀ ਅਸ਼ਵਨੀ ਕੁਮਾਰ ਤਕੜੇ ਖਿਡਾਰੀਆਂ ਨੂੰ ਆਪਣੇ ਨਾਲ ਲੈ ਗਿਆ। ਕੋਚ ਅਮਰ ਸਿੰਘ ਢਿੱਲੋਂ ਦੀ ਟਰੇਨਿੰਗ ਨਾਲ 1966-72 ਤੱਕ ਜੈਵਲਿਨ ਸੁੱਟੀ। ਭਾਰਤ ਦਾ ਚੈਂਪੀਅਨ ਰਿਹਾ। ਗੇਮ ਸਦਕਾ '67 ਵਿਚ ਸਬ-ਇੰਸਪੈਕਟਰ ਬਣ ਗਿਆ। ਓਪਨ ਇੰਡੀਆ ਅਜ਼ਮੇਰ ਅਤੇ ਸੰਨ '70 ਵਿਚ ਸਿੰਘਾਪੁਰ ਵਿਚ ਜੈਵਲਿਨ ਦਾ ਨਵਾਂ ਰਿਕਾਰਡ ਬਣਾਇਆ। ਭਾਰਤੀ ਪੁਲਿਸ ਮਹਿਕਮੇ ਦੇ ਗਵਾਲੀਅਰ ਵਿਚ ਮੁਕਾਬਲੇ ਹੋਏ। ਮੁਕਾਬਲਿਆਂ ਵਿਚ ਹੀ ਬੁਖ਼ਾਰ ਚੜ੍ਹ ਗਿਆ। ਡਾਕਟਰ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਮੁਕਾਬਲੇ ਵਿਚ ਜਾ ਖੜ੍ਹਾ ਹੋਇਆ ਤੇ ਜੈਵਲਿਨ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ।

1970 'ਚ ਜਰਮਨ ਟੀਮ ਅਥਲੈਟਿਕਸ ਮੁਕਾਬਲਿਆਂ ਲਈ ਭਾਰਤ ਆਈ। 100, 200, 400 ਮੀਟਰ ਦੌੜਾਂ, ਲਾਂਗ ਜੰਪ, ਹਾਈ ਜੰਪ, ਗੋਲਾ ਸੁਟਣਾ ਅਤੇ ਹੋਰ ਖੇਡਾਂ ਵਿਚ ਕਈ ਰਿਕਾਰਡ ਤੋੜੇ। ਉਹ ਅਫ਼ਸਰਾਂ ਅਤੇ ਕੋਚਾਂ ਦੇ ਕਦੇ ਪਿਛੇ ਪਿਛੇ ਨਾ ਘੁੰਮਿਆ। ਨਾ ਹੀ ਉਨ੍ਹਾਂ ਦੀ ਕਦੇ ਚਮਚਾਗਿਰੀ ਕੀਤੀ। ਪਟਿਆਲੇ ਅਥਲੈਟਿਕਸ ਕੈਂਪ ਵਿਚ ਪ੍ਰਵੀਨ ਕੁਮਾਰ ਅਤੇ ਬਲਵੀਰ ਕੁਮਾਰ (ਦੋਵੇਂ ਸਕੇ ਭਰਾ) ਉਹਦੇ ਨਾਲ ਹੁੰਦੇ ਸਨ। ਉਹੀ ਪ੍ਰਵੀਨ ਕੁਮਾਰ ਜੀਹਨੇ ਮਹਾਂਭਾਰਤ ਸੀਰੀਅਲ ਵਿਚ ਭੀਮ ਸੈਨ ਦਾ ਰੋਲ ਕੀਤਾ ਸੀ। ਪ੍ਰੀਤੇ ਨੇ ਦੱਸਿਆ ਕਿ ਛੇ ਫੁੱਟ ਛੇ ਇੰਚ ਉਚਾ ਪ੍ਰਵੀਨ ਕੁਮਾਰ ਬਣਦਾ-ਫ਼ੱਬਦਾ ਦਰਸ਼ਨੀ ਜੁਆਨ ਸੀ। ਉਹ ਹੈਮਰ ਤੇ ਡਿਸਕਸ ਸੁਟਦਾ ਸੀ। ਉਹਦਾ ਭਰਾ ਬਲਵੀਰ ਕੁਮਾਰ ਗੋਲਾ। ਇਕ ਵਾਰ ਇੰਚਾਰਜ ਰੰਧਾਵਾ ਨੇ ਅਫ਼ਸਰਾਂ ਕੋਲ ਉਪਰ ਸ਼ਿਕਾਇਤ ਕਰ ਦਿਤੀ ਕਿ ਪ੍ਰੀਤਾ ਤੇ ਬਲਵੀਰ ਕੁਮਾਰ ਸਲਾਮ ਨਹੀਂ ਕਰਦੇ। ਦੋਵਾਂ ਦੀ ਪੇਸ਼ੀ ਹੋ ਗਈ। ਪ੍ਰੀਤੇ ਨੇ ਕਿਹਾ ਕਿ ਅਜੇਹੀ ਕੋਈ ਗੱਲ ਨਹੀ ਅਸੀ ਤਾਂ ਪੂਰਾ ਇਜ਼ਤ-ਮਾਣ ਕਰਦੇ ਹਾਂ। ਬਲਵੀਰ ਕਹਿਣ ਲੱਗਾ, ਮੇਰੀ ਗੱਲ ਸੁਣੋ ਜੀ, ਇਹ ਹੋਰ ਤਰ੍ਹਾਂ ਦੀ ਸਲਾਮ ਚਾਹੁੰਦੈ ਤੇ ਰੋਜ਼ ਸ਼ਾਮ ਨੂੰ ਦਾਰੂ ਦੀ ਬੋਤਲ ਚਾਹੁੰਦੈ।"

ਪੂਰੀ ਤਾਕਤ ਦਾ ਮਾਲਕ ਪ੍ਰੀਤਾ। ਜ਼ੋਰ ਨਾਲ ਕਬੱਡੀਆਂ ਪਾਉਂਦਾ। ਸਾਲ-ਸਾਲ ਜੱਫ਼ਾ ਨਾ ਲੱਗਦਾ। ਭਰਤੀ ਹੋਣ ਤੋਂ ਬਾਅਦ ਚੰਗੀ ਜਿੰਦ-ਜਾਨ ਹੋਣ ਸਦਕਾ ਉਹ ਹਰ ਗੇਮ ਵਿਚ ਜਾ ਵੜਦਾ। ਕੋਚਾਂ ਤੋਂ ਚੋਰੀ ਚੋਰੀ ਕਬੱਡੀ ਖੇਡਦਾ। ਕੋਚਾਂ ਨੂੰ ਡਰ ਹੁੰਦਾ, ਕਬੱਡੀ 'ਚ ਕਿਤੇ ਸੱਟ-ਚੋਟ ਨਾ ਲੱਗ ਜਾਵੇ। ਅਨੇਕਾਂ ਮੈਚ ਖੇਡੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਜਿੱਤ ਦਾ ਸਿਹਰਾ ਹਮੇਸ਼ਾਂ ਉਸ ਨੂੰ ਹੀ ਜਾਂਦਾ। ਉਸ ਨੂੰ ਰੋਕਣਾ ਆਮ ਖਿਡਾਰੀ ਦੇ ਵੱਸੋਂ ਬਾਹਰ ਹੁੰਦਾ। ਸਾਹ ਪਾਉਣ ਜਾਂਦਾ ਤਾਂ ਜਾਫ਼ੀਆਂ ਨੂੰ ਬਿਪਤਾ ਪੈ ਜਾਂਦੀ। ਪੰਜਾਬ ਦਾ ਕੋਈ ਵੀ ਖੇਡ ਮੇਲਾ ਛੱਡਿਆ ਨਹੀਂ ਸੀ। ਹਕੀਮਪੁਰ ਵਾਲਾ ਮਲਕੀਤ ਪੁਰੇਵਾਲ ਅਤੇ ਗੁਣਾਚੌਰੀਆ ਮੋਤਾ ਵੀ ਨਾਲ ਹੁੰਦੇ।

ਉਹ ਤਿੰਨਾਂ ਪੀੜ੍ਹੀਆਂ ਨਾਲ ਕਬੱਡੀ ਖੇਡਿਆ। ਸੀਨੀਅਰ ਖਿਡਾਰੀਆਂ ਮਹਿੰਦਰ ਬੋਲਾ, ਮਹਿੰਦਰ ਸਵਾਜ਼ਪੁਰ, ਸਰਬਣ, ਰਤਨ, ਤੋਖੀ ਐਟਮ ਬੰਬ ਅਤੇ ਤੋਖੀ ਟਾਈਗਰ (ਦੋਵੇਂ ਤੋਖੀ ਇਸ ਦੁਨੀਆਂ ਤੋਂ ਇਸ ਵੇਲੇ ਜਾ ਚੁੱਕੇ ਹਨ)। ਜੂਨੀਅਰ ਖਿਡਾਰੀਆਂ ਵਿਚੋਂ ਪੱਤੜੀਆ ਬੋਲਾ, ਫਿੱਡੂ, ਸ਼ੰਕਰੀਆ ਘੁੱਗਾ, ਚੱਕਾਂ ਵਾਲਾ ਪੰਡਿਤ, ਕਾਰੀ (ਨਿਊ ਯਾਰਕ ਦੇ ਕਪੂਰਥਲਾ ਸਪੋਰਟਸ ਕਲੱਬ ਦਾ ਪ੍ਰਧਾਨ) ਅਤੇ ਹੋਰਾਂ ਨਾਲ।

ਇੰਗਲੈਂਡ ਦੀ 'ਦੇਸ ਪ੍ਰਦੇਸ' ਅਖ਼ਬਾਰ ਦੇ ਸੰਪਾਦਕ ਸਵਰਗੀ ਤਰਸੇਮ ਸਿੰਘ ਪੁਰੇਵਾਲ ਦੇ ਸੱਦੇ 'ਤੇ '74 'ਚ ਪਹਿਲੀ ਵਾਰ ਟੀਮ ਇੰਗਲੈਂਡ ਖੇਡਣ ਗਈ। ਸਾਰੇ ਸਿਰ ਕੱਢਵੇਂ ਖਿਡਾਰੀ-ਰਸਾਲ ਸਿੰਘ ਰਸਾਲਾ, ਅਜੀਤ ਸਿੰਘ, ਸਤਨਾਮ ਸਿੰਘ ਬੱਲ, ਦੇਵੀ ਦਿਆਲ, ਸੁਰਜੀਤ ਸੈਦੋਵਾਲ, ਦਰਸ਼ਣ ਲੁਧਿਆਣਾ (ਜਾਫ਼ੀ), ਸ਼ੰਕਰ ਦੇ ਪਾਲਾ ਤੇ ਘੁੱਗਾ, ਬੰਸਾਂ ਢੰਡੋਵਾਲ, ਜੋਗੀ ਅਤੇ ਭੱਜੀ ਖੁਰਦਪੁਰ। ਇਹ ਟੀਮ ਉਸ ਵੇਲੇ ਦੇ ਸਿਹਤ ਮੰਤਰੀ ਬਲਵੀਰ ਸਿੰਘ (ਜਵਾਹਰ ਲਾਲ ਨਹਿਰੂ ਦੇ ਸਮੇਂ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਦਾ ਭਤੀਜਾ) ਅਤੇ ਸੁਖਦੇਵ ਸਿੰਘ ਢੀਂਡਸਾ ਲੈ ਕੇ ਗਏ ਸਨ। ਉਥੇ ਜਾ ਕੇ 5-6 ਫ਼ਸਵੇਂ ਮੈਚ ਖੇਡੇ। ਪੱਜੋਦਿਤੇ ਵਾਲਾ ਭੱਜੀ ਅਤੇ ਮਹਿੰਦਰ ਬੋਲਾ ਸਾਰੇ ਰੇਡਰਾਂ ਨੂੰ ਰੋਕੀ ਗਏ। ਪ੍ਰੀਤੇ ਅਤੇ ਰਸਾਲੇ ਦੋਵਾਂ ਨੇ ਰੇਡਾਂ ਪਾ ਕੇ ਫਿਰ ਉਹ ਮੈਚ ਜਿੱਤਿਆ। ਇੰਗਲੈਂਡ ਦੇ ਖਿਡਾਰੀ ਵੀ ਤਕੜੇ ਹੋਣ ਕਰਕੇ ਸਾਰੇ ਮੈਚਾਂ ਵਿਚ ਇਕ-ਦੋ ਨੰਬਰਾਂ ਨਾਲ ਜਿੱਤ ਪ੍ਰਾਪਤ ਹੁੰਦੀ ਰਹੀ। ਸੰਨ '74 ਅਤੇ '77 'ਚ ਦੋ ਵਾਰ ਉਹਦੀ ਕਪਤਾਨੀ ਹੇਠ ਭਾਰਤੀ ਟੀਮ ਇੰਗਲੈਂਡ ਖੇਡਣ ਗਈ।

ਤਿੰਨ ਵਾਰ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਖੇਡਣ ਦਾ ਮੌਕਾ ਮਿਲਿਆ। ਖੇਡ ਤੋਂ ਖ਼ੁਸ਼ ਹੋ ਸ. ਬਾਦਲ ਨੇ ਕਲਾਵੇ 'ਚ ਲੈ ਕੇ ਬੜਾ ਮਾਣ-ਸਨਮਾਨ ਦਿਤਾ। ਹੁਣ ਤਾਂ ਬਾਦਲ ਸਾਹਿਬ ਦੇ ਲਾਗੇ ਵੀ ਨਹੀਂ ਜਾਣ ਦਿਤਾ ਜਾਂਦਾ। ਸ਼ਿਕਵਾ ਕਰਦੇ ਪ੍ਰੀਤੇ ਨੇ ਕਿਹਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਿੰਡ ਵੀ ਤਿੰਨ ਸਾਲ ਮੈਚ ਖੇਡੇ ਅਤੇ ਜਿੱਤੇ ਵੀ। ਜਿੱਤਣ ਵਾਲੇ ਨੂੰ ਦਸ ਹਜ਼ਾਰ ਰੁਪਏ ਇਨਾਮ ਵਜੋਂ ਮਿਲਦੇ ਸਨ। ਤਿੰਨਾਂ ਸਾਲਾਂ ਦੇ ਤੀਹ ਹਜ਼ਾਰ ਮਿਲੇ। ਖੰਨੇ ਲਾਗੇ ਵੀ ਸ਼ੋਅ-ਮੈਚ ਖੇਡਿਆ।

ਸੰਨ '73 ਵਿਚ ਜਲੰਧਰ-ਕਪੂਰਥਲਾ ਦਾ ਮੈਚ ਹੋਣਾ ਸੀ। ਗਿੱਟੇ 'ਤੇ ਸੱਟ ਲੱਗਣ ਕਰਕੇ ਜਲੰਧਰ ਵਾਲੇ ਲੈ ਕੇ ਨਾ ਗਏ। ਕਪੂਰਥਲਾ ਵਾਲਿਆਂ ਨੇ ਸੱਦ ਕੇ ਟੀਮ ਵਿਚ ਪਾ ਲਿਆ। ਗਿੱਟਾ ਬੰਨ੍ਹੇ-ਬੰਨ੍ਹੇ ਦਸ ਕਬੱਡੀਆਂ ਪਾਈਆਂ ਤੇ ਦਸੇ ਨੰਬਰ ਲਏ। ਦਸਵੀਂ 'ਚ ਪੜ੍ਹਦਾ ਉਹ ਜਲੰਧਰ-ਹੁਸ਼ਿਆਰਪੁਰ ਮੁਕਾਬਲੇ ਵਿਚ ਖੇਡਿਆ ਤੇ ਇਕ ਵਾਰ ਵੀ ਨਾ ਰੁਕਿਆ।

ਅਨੰਦਪੁਰ ਸਾਹਿਬ ਹਰ ਸਾਲ ਕਬੱਡੀ ਅਤੇ ਕੁਸ਼ਤੀਆਂ ਕਰਾਈਆਂ ਜਾਂਦੀਆਂ ਸਨ। ਪਹਿਲਵਾਨ ਬੁੱਧ ਸਿੰਘ ਦੀਆਂ ਕੁਸ਼ਤੀਆਂ ਵੇਖੀਆਂ ਤੇ ਕਬੱਡੀ ਮੈਚ ਖੇਡਿਆ। ਅਨੰਦਪੁਰ ਸਾਹਿਬ ਮੇਲੇ 'ਤੇ ਮੈਚ ਜਿੱਤੇ। ਸਿਕਾਰਫ਼ ਮਹਿਕਮੇ ਵਲੋਂ ਇਕ ਵਾਰ ਕਲੱਬਾਂ ਦੇ ਮੈਚ ਕਰਾਏ ਗਏ। ਪ੍ਰੀਤੇ ਹੁਣੀਂ ਮੈਚ ਜਿੱਤ ਗਏ। ਤਿੰਨਾਂ ਮੈਚਾਂ ਦਾ 10-15 ਕੁ ਹਜ਼ਾਰ ਰੁਪਿਆ ਮਿਲਿਆ। ਕਿਸੇ ਕੰਮ ਕਰਕੇ ਪ੍ਰੀਤੇ ਨੂੰ ਜਲਦੀ ਆਉਣਾ ਪਿਆ ਤੇ ਉਹ ਪੰਦਰਾਂ ਹਜ਼ਾਰ ਰੁਪਿਆ ਕਿਸੇ ਨਾਮਵਰ ਖਿਡਾਰੀ ਨੂੰ ਫੜਾ ਦਿਤਾ ਤੇ ਸਾਰਿਆਂ 'ਚ ਬਰਾਬਰ ਵੰਡ ਕੇ ਦੇਣ ਲਈ ਕਹਿ ਕੇ ਆਪ ਵਾਪਸ ਆ ਗਿਆ। ਕਿਸੇ ਖਿਡਾਰੀ ਨੇ ਆ ਕੇ ਪ੍ਰੀਤੇ ਕੋਲ ਸ਼ਿਕਵਾ ਕੀਤਾ ਕਿ ਆਹ ਪੰਜ ਸੌ ਰੁਪਿਆ ਦਿਤਾ। ਕਬੱਡੀ 'ਚ ਪੈਸਿਆਂ ਦਾ ਲੈਣ-ਦੇਣ ਅਤੇ ਹੇਰਾ-ਫ਼ੇਰੀ ਵੇਖ ਕੇ ਪ੍ਰੀਤੇ ਨੇ ਉਸ ਨਾਮਵਰ ਖਿਡਾਰੀ ਨੂੰ ਉਲਾਂਭਾ ਦੇ ਕੇ ਸੰਨ '82 'ਚ ਆਪਣੀ ਮਰਜ਼ੀ ਨਾਲ ਖੇਡਣਾ ਛੱਡ ਦਿਤਾ। ਅਨੰਦਪੁਰ ਸਾਹਿਬ ਦਾ ਉਹ ਆਖਰੀ ਮੈਚ ਸੀ। ਕਪੂਰਥਲਾ-ਫ਼ਰੀਦਕੋਟ ਪੰਜਾਬ ਚੈਂਪੀਅਨ ਵਿਚ ਕਪੂਰਥਲਾ ਨੂੰ ਜਿਤਾ ਕੇ ਕਬੱਡੀ ਨੂੰ ਅਲਵਿਦਾ ਕਹਿ ਦਿਤੀ।

ਜਾਂਬਾਜ਼ ਖਿਡਾਰੀਆਂ ਦੀਆਂ ਢੇਰ ਸਾਰੀਆਂ ਪ੍ਰਾਪਤੀਆਂ ਵੇਖ ਸੰਨ 2000 ਵਿਚ ਅਨੰਦਪੁਰ ਸਾਹਿਬ ਮੇਲੇ 'ਤੇ ਪ੍ਰੀਤੇ, ਦੇਵੀ ਦਿਆਲ ਅਤੇ ਟਹਿਲ ਸਿੰਘ ਨੂੰ 21-21 ਹਜ਼ਾਰ ਰੁਪਏ ਨਾਲ ਸਨਮਾਨਿਆ ਗਿਆ।

2012 'ਚ ਕੈਲੀਫ਼ੋਰਨੀਆ ਕਬੱਡੀ-ਕੱਪ ਦਾ ਅਮੋਲਕ ਸਿੰਘ ਗਾਖਲ ਹੋਰਾਂ ਮੈਚਾਂ ਦਾ ਉਦਘਾਟਨ ਕਰਾ ਕੇ ਮਾਣ ਬਖ਼ਸ਼ਿਆ।

ਮੈਂ ਉਮਰ ਵਿਚ ਛੋਟਾ ਹੋਣ ਕਰਕੇ ਪ੍ਰੀਤੇ ਨੂੰ ਖੇਡਦਾ ਨਹੀਂ ਵੇਖ ਸਕਿਆ। ਪੰਜਾਬ ਦੀ ਫੇਰੀ ਦੌਰਾਨ ਫਰਵਰੀ ਮਹੀਨੇ ਉਹਦੇ ਪਿੰਡ ਨਡਾਲੇ ਜਾ ਕੇ ਦਰਸ਼ਨ ਕੀਤੇ। ਨਡਾਲਾ ਹੁਣ ਕਸਬਾ ਬਣ ਚੁੱਕਾ ਹੈ। ਅੱਡੇ 'ਤੇ ਜਾ ਕੇ ਪ੍ਰੀਤੇ ਦਾ ਘਰ ਪੁੱਛਿਆ ਤਾਂ ਕਹਿੰਦੇ, "ਪ੍ਰੀਤੇ ਭਲਵਾਨ ਦੇ ਘਰ ਜਾਣਾ?" ਪ੍ਰੀਤਾ ਅਤੇ ਉਸ ਦਾ ਬੇਟਾ ਗੁਰਪ੍ਰੀਤ ਘਰੇ ਮਿਲੇ। ਸੱਤਰਾਂ ਨੂੰ ਢੁੱਕਣ ਲੱਗਾ ਪ੍ਰੀਤਾ ਪੈਂਟ ਕਮੀਜ਼ ਅਤੇ ਪੀਲੀ ਦਸਤਾਰ ਵਿਚ ਬੜਾ ਫੱਬ ਰਿਹਾ ਸੀ। ਉਮਰ ਦੇ ਲਿਹਾਜ਼ ਨਾਲ ਸਰੀਰ ਹਾਲੇ ਵੀ ਫਿੱਟ ਸੀ। ਕਬੱਡੀ ਬਾਰੇ ਗੱਲਾਂ ਤੁਰੀਆਂ। ਉਹਨੇ ਭਰੇ ਮਨ ਨਾਲ ਕਿਹਾ ਕਿ ਵਿਸ਼ਵ ਕਬੱਡੀ ਕੱਪਾਂ ਵਿਚ ਉਹਨੂੰ ਯਾਦ ਨਹੀਂ ਕੀਤਾ ਗਿਆ। ਦੂਜੇ ਵਿਸ਼ਵ ਕਬੱਡੀ ਕੱਪ ਵਿਚ ਦੇਵੀ ਦਿਆਲ ਨੂੰ ਮਿਲੇ ਤਾਂ ਉਹ ਕਹਿਣ ਲੱਗਾ, "ਭਾਜੀ ਤੁਹਾਨੂੰ 'ਕੱਲਿਆਂ ਨੂੰ ਅੰਦਰ ਲੈ ਚਲਦਾ ਹਾਂ, ਨਾਲ ਦੇ ਨਹੀਂ ਲਿਜਾ ਹੋਣੇ।" "ਮੈਂ ਨਾਲ ਦਿਆਂ ਨੂੰ ਕਿਉਂ ਛੱਡਾ, ਮੈਨੂੰ ਵੀ ਰਹਿਣ ਦਿਉ," ਕਹਿ ਕੇ ਪ੍ਰੀਤੇ ਨੇ ਦੇਵੀ ਦਿਆਲ ਨੂੰ ਜਵਾਬ ਦੇ ਦਿਤਾ ਤੇ ਸਟੇਡੀਅਮ ਦੀਆਂ ਕੁਰਸੀਆਂ 'ਤੇ ਬਹਿ ਕੇ ਸਾਰੇ ਮੈਚ ਵੇਖੇ। ਇਹ ਵੀ ਕਿਹਾ ਕਿ ਅਜੋਕੀ ਕਬੱਡੀ ਵੀ ਸਿਆਸਤ ਦੀ ਭੇਟ ਚੜ੍ਹ ਗਈ ਹੈ। ਉਹਦੇ ਪਿੰਡ ਨਡਾਲੇ ਕਬੱਡੀ ਦੇ ਮੈਚ ਹੋਏ ਤਾਂ ਸੌੜੀ ਸੋਚ ਵਾਲਿਆਂ ਨੇ ਕੁਮੈਂਟਰੀ ਵਾਲੇ ਨੂੰ ਪੈਸੇ ਚਾੜ੍ਹ ਕੇ ਉਹਦਾ ਨਾਂ ਨਹੀਂ ਬੋਲਣ ਦਿਤਾ। ਕੁਝ ਲੋਕਾਂ ਨੇ ਇਸ ਦਾ ਬੁਰਾ ਮਨਾਇਆ ਤੇ ਕਿਹਾ ਕਿ ਪ੍ਰੀਤੇ ਨੇ ਨਡਾਲੇ ਦਾ ਨਾਂ ਸਾਰੀ ਦੁਨੀਆਂ ਵਿਚ ਉਚਾ ਕੀਤਾ ਹੈ, ਇਹ ਕਿਉਂ?

ਪੁਰਾਣੀਆਂ ਯਾਦਗਾਰੀ ਫੋਟੋਆਂ ਵੀ ਸਿਆਸਤ ਦੇ ਸਿੰਗੀ ਚੜ੍ਹ ਗਈਆਂ। ਕੈਨੇਡਾ 'ਚ ਛਪਦੇ ਇਕ ਮੈਗਜ਼ੀਨ 'ਚ ਛਾਪਣ ਲਈ ਫੋਟੋਆਂ ਕੋਈ ਬਹਾਨੇ ਨਾਲ ਲੈ ਗਿਆ ਪਰ ਉਹ ਫੋਟੋਆਂ ਨਾ ਛਪੀਆਂ ਤੇ ਨਾ ਹੀ ਵਾਪਸ ਆਈਆਂ। ਉਹਨੇ ਇਹ ਵੀ ਦੱਸਿਆ ਕਿ ਉਹਦੇ ਪਿੰਡ ਦੇ ਕਈ ਪੱਤਰਕਾਰ ਹਨ ਪਰ ਕਿਸੇ ਨੇ ਉਸ ਬਾਰੇ ਲਿਖਣ ਦੀ ਖੇਚਲ ਨਹੀਂ ਕੀਤੀ।

ਉਹ ਹੁਣ ਬਹੁਤਾ ਸਮਾਂ ਪਿੰਡ ਹੀ ਰਹਿੰਦਾ ਹੈ। ਆਲੇ-ਦੁਆਲੇ ਦੇ ਪਿੰਡਾਂ ਵਾਲੇ ਖੇਡ-ਮੇਲਿਆਂ ਵਿਚ ਸੱਦ ਕੇ ਪੂਰਾ ਮਾਣ-ਤਾਣ ਕਰਦੇ ਹਨ।



*ਜਵਾਨੀ ਵੇਲੇ ਪ੍ਰੀਤਾ*

ਕਦੇ-ਕਦਾਈਂ ਬੇਟੀ ਕੋਲ ਕੈਨੇਡਾ ਜਾ ਆਉਂਦਾ ਹੈ ਅਤੇ ਪੁਰਾਣੇ ਸਾਥੀਆਂ-ਸ਼ੰਕਰੀਏ ਘੁੱਗੇ ਹੋਰਾਂ ਨੂੰ ਮਿਲ-ਗਿਲ ਆਉਂਦਾ ਹੈ। ਪਿਤਾ ਵਾਂਗ ਬੇਟਾ ਗੁਰਪ੍ਰੀਤ ਕਬੱਡੀ ਖੇਡਣ ਲੱਗਾ ਸੀ ਪਰ ਘਰ ਦੀ ਜ਼ਿੰਮੇਵਾਰੀ ਕਰਕੇ ਕਬੱਡੀ ਵਿਚਾਲੇ ਛੱਡਣੀ ਪਈ।

ਪ੍ਰੀਤੇ ਨੂੰ 'ਲੰਗ ਮਾਰਦਾ' ਵੇਖ ਕੇ ਕਾਰਨ ਪੁਛਿਆ ਤਾਂ ਦੱਸਿਆ ਕਿ ਕਬੱਡੀ ਖੇਡਦੇ ਮਹਿੰਦਰ ਬੋਲੇ ਨੇ ਇਕ ਵਾਰ ਕੈਂਚੀ ਮਾਰ ਦਿਤੀ ਸੀ ਤੇ ਗੋਡੇ 'ਤੇ ਸੱਟ ਲੱਗ ਗਈ ਸੀ, ਸਾਰੀ ਉਮਰ ਇਸ ਤਰ੍ਹਾਂ ਹੀ ਕਬੱਡੀ ਖੇਡੀ। ਮੈਨੂੰ ਬਾਹਰ ਛੱਡਣ ਆਇਆ ਤਾਂ ਬਜ਼ਾਰ ਵਿਚ ਤੁਰਦਿਆਂ ਵੇਖਣ ਵਾਲਾ ਸੀਨ ਸੀ। ਦੁਕਾਨਾਂ ਵਾਲੇ ਸੁਨਿਆਰੇ, ਹਲਵਾਈ, ਦਰਜੀ ਉਠ ਉਠ ਸਲਾਮਾਂ ਕਰ ਰਹੇ ਸਨ। ਗੋਡੀਂ ਹੱਥ ਲਾ ਰਹੇ ਸਨ। ਵੇਖ ਕੇ ਮਨ ਖੁਸ਼ ਹੋਇਆ ਕਿ ਪੈਸੇ ਤੇ ਰੁਤਬੇ ਵਾਲੇ ਖਿਡਾਰੀ ਹੋਰ ਵੀ ਬਹੁਤ ਹੋਣਗੇ ਪਰ ਆਹ ਪਿਆਰ-ਸਤਿਕਾਰ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦਾ ਹੈ।

ਧੰਨ ਉਹ ਮਾਂ ਜੰਮਿਆ ਜੀਹਨੇ ਪ੍ਰੀਤਾ,
ਖੇਡ ਮੈਦਾਨਾਂ ਵਿਚ ਨਡਾਲਾ ਉਚਾ ਕੀਤਾ।
ਦੁਨੀਆਂ ਯਾਦ ਰੱਖੇਗੀ,
ਕਬੱਡੀ ਦੀ ਜਿੰਦ-ਜਾਨ ਪ੍ਰੀਤਾ।
ਰੋਕਣੇ 'ਤੇ ਨਾ ਰੁਕਿਆ ਤੂਫ਼ਾਨ ਪ੍ਰੀਤਾ।
ਦਰਸ਼ਕ ਤਾੜੀਆਂ ਮਾਰਦੇ,
ਆਇਆ ਪ੍ਰੀਤਾ ਔਹ ਗਿਆ ਪ੍ਰੀਤਾ।
ਜੱਬੋਵਾਲੀਆ ਲੰਮੀਆਂ ਉਮਰਾਂ ਮਾਣ ਜਾਏ,
ਕਬੱਡੀ ਮਾਂ ਖੇਡ ਦਾ ਭੀਮ-ਸੈਨ ਪ੍ਰੀਤਾ।

RADIO CHARDI KALA
ਦੂਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਕਈ ਕਹਾਵਤਾਂ ਮੈਂ ਬਚਪਨ 'ਚ ਹੀ ਝੂਠੀਆਂ ਕਰ ਦਿੱਤੀਆਂ




**ਐਸ. ਅਸ਼ੋਕ ਭੌਰਾ**

ਸਿਆਣੇ ਕਹਿੰਦੇ ਹਨ ਕਿ ਜਿਨ੍ਹਾਂ ਦੇ ਵੀ ਮੁਕਲਾਵੇ, ਵਿਆਹ ਜਾਂ ਮੰਗਣੀ ਹੋਏ ਬਿਨਾਂ ਆਏ ਹਨ, ਉਨ੍ਹਾਂ ਨੂੰ ਨਾ ਤਾਂ ਸਮਾਜ ਨੇ ਚੰਗੀ ਤਰ੍ਹਾਂ ਪ੍ਰਵਾਨ ਕੀਤਾ ਹੈ ਤੇ ਨਾ ਹੀ ਉਹ ਆਪਣੀ ਜ਼ਿੰਦਗੀ ਵਿਚ ਫੁੱਲਾਂ ਦੀ ਸੇਜ ਮਾਣ ਸਕੇ ਹਨ। ਅਸਲ ਵਿਚ ਇਨ੍ਹਾਂ ਦਾ ਇੰਤਕਾਲ ਬਹੁਤਾ ਕਰ ਕੇ ਚੜ੍ਹਿਆ ਹੀ ਨਹੀਂ। ਇਵੇਂ ਸਾਰੀਆਂ ਸੜਕਾਂ ਪਹਿਲਾਂ ਜਰਨੈਲੀ ਨਹੀਂ ਹੁੰਦੀਆਂ। ਇਨ੍ਹਾਂ ਦਾ ਸਫ਼ਰ ਵੀ ਪਗਡੰਡੀਆਂ ਤੋਂ ਹੀ ਆਰੰਭ ਹੁੰਦਾ ਹੈ। ਹਾਰ-ਸ਼ਿੰਗਾਰ ਲਾ ਕੇ ਔਰਤ ਸ਼ੀਸ਼ਾ ਇਸ ਕਰ ਕੇ ਵਾਰ-ਵਾਰ ਵੇਖਦੀ ਹੈ ਕਿ ਹੁਣ ਉਹ ਆਮ ਨਹੀਂ ਰਹੀ; ਜਿਵੇਂ ਹਾਰ-ਸ਼ਿੰਗਾਰ ਦੇ ਸਮੂਹਕ ਰੂਪਾਂ ਦਾ ਪ੍ਰਦਰਸ਼ਨ ਹੀ ਸੁੰਦਰਤਾ ਮੁਕਾਬਲੇ ਬਣ ਗਏ ਹਨ, ਤੇ ਇਸ ਗੱਲ ਤੋਂ ਵੀ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਹਰ ਕਲਾਕਾਰ, ਲੇਖਕ, ਕਵੀ ਦੀ ਜ਼ਿੰਦਗੀ ਵਿਚ ਅਜਿਹਾ ਕੁਝ ਵਾਪਰਿਆ ਹੁੰਦਾ ਹੈ ਜੋ ਬਾਕੀਆਂ ਨਾਲੋਂ ਅਲਹਿਦਾ ਵੀ ਹੁੰਦਾ ਹੈ ਤੇ ਨਿਰਾਲਾ ਵੀ। ਵੱਖਰੀ ਗੱਲ ਹੈ ਕਿ ਬੇਤਰਤੀਬ ਘਟਨਾਵਾਂ ਨੂੰ ਤੁਸੀਂ ਤਰਤੀਬ ਦੇਣ ਦੀ ਸਮਰੱਥਾ ਘੱਟ ਹੋਣ ਕਰ ਕੇ ਕਲਾ ਦੀ ਕੋਠੜੀ ਨੂੰ ਦਰਵਾਜ਼ਿਆਂ ਵਾਲੀ ਥਾਂ ਖਿੜਕੀਆਂ ਲਾ ਦਿੱਤੀਆਂ ਹੋਣ, ਜਾਂ ਰੋਸ਼ਨਦਾਨ ਫਿੱਟ ਨਾ ਕਰਨੇ ਆਉਣ ਕਰ ਕੇ ਅੰਦਰ ਚਾਨਣ ਦੀ ਕਿਰਨ ਲੰਘ ਹੀ ਨਾ ਸਕੀ ਹੋਵੇ। ਬਿੱਲੀਆਂ ਅੱਖਾਂ ਤੇ ਗੋਰਾ ਰੰਗ ਤੁਹਾਨੂੰ ਖੂਬਸੂਰਤ ਨਹੀਂ ਬਣਾ ਸਕਦੇ, ਜੇ ਕੁਦਰਤ ਨੇ ਤੁਹਾਡੇ ਨਾਲ ਨੈਣ-ਨਕਸ਼ਾਂ ਵਿਚ ਸਹਿਯੋਗ ਨਹੀਂ ਦਿੱਤਾ।

ਮੈਂ ਖੁਦ ਭਾਵੇਂ ਢਾਈ ਦਹਾਕਿਆਂ ਤੱਕ ਅਧਿਆਪਕ ਰਿਹਾ ਹਾਂ, ਪਰ ਵਿਦਿਆਰਥੀ ਜੀਵਨ ਵਿਚ ਪੜ੍ਹਨ ਨੂੰ ਚੰਗਾ ਹੋਣ ਦੇ ਬਾਵਜੂਦ ਆਦਤਾਂ ਵਧੇਰੇ ਕਰ ਕੇ ਉਹੀ ਰਹੀਆਂ ਹਨ ਜੋ ਸਾਧਾਰਨ ਪੜ੍ਹਾਕੂਆਂ ਦੀਆਂ ਹੁੰਦੀਆਂ ਹਨ। ਕਰੀਬ ਸਾਰੇ ਅਧਿਆਪਕਾਂ ਦੇ ਪੁੱਠੇ-ਸਿੱਧੇ ਨਾਂ ਰੱਖੇ ਹੀ ਹੁੰਦੇ ਹਨ। ਘਰਦਿਆਂ ਦੀਆਂ ਆਸਾਂ ਤਾਂ ਇੰਜੀਨੀਅਰ ਬਣਾਉਣ ਦੀਆਂ ਸਨ, ਪਰ ਮੈਂ ਬਾਕੀਆਂ ਨਾਲ ਰਲ ਕੇ ਪੁੱਠੇ ਲੱਛਣੀਂ ਪੈ ਗਿਆ ਸਾਂ। ਹੋਇਆ ਇਉਂ ਕਿ 1975 ਵਿਚ ਮਾਹਿਲ ਗਹਿਲਾਂ ਦਾ ਪਬਲਿਕ ਸਕੂਲ ਜਦੋਂ ਉਸ ਵੇਲੇ ਦੇ ਸਿੱਖਿਆ ਮੰਤਰੀ ਗੁਰਮੇਲ ਚੌਧਰੀ ਨੇ ਸਰਕਾਰੀ ਬਣਾਇਆ ਤਾਂ ਨਵੇਂ ਅਧਿਆਪਕਾਂ ਦੀ ਉਥਲ-ਪੁਥਲ ਬਹੁਤ ਹੋਈ। ਮਾੜੀ ਕਿਸਮਤ ਕਿ 1977 ਵਿਚ ਦਸੂਹੇ ਵੱਲੋਂ ਮੈਥ ਮਾਸਟਰ ਸ਼ਮਸ਼ੇਰ ਸਿੰਘ ਆ ਗਏ। ਉਹ ਹਿਸਾਬ ਪੜ੍ਹਾਉਂਦਾ ਤਾਂ ਚੰਗਾ ਸੀ ਪਰ ਬਦਕਿਸਮਤੀ ਇਹ ਸੀ ਕਿ ਉਹ ਬੋਲਦਾ ਇੰਨਾ ਤੇਜ਼ ਸੀ ਕਿ ਸਮਝ ਕਿਸੇ ਦੇ ਨਾ ਲੱਗਦਾ। ਉਪਰੋਂ ਕੁੱਟਣ ਲਈ ਮਸ਼ਹੂਰ। ਡੰਡਾ ਉਹਦੇ ਹੱਥ ਵਿਚ ਹਰ ਵੇਲੇ ਹੁੰਦਾ। ਮੂੰਹ 'ਤੇ ਦਾੜ੍ਹੇ ਦਾ ਇੰਨਾ ਪ੍ਰਕਾਸ਼ ਸੀ ਕਿ ਗੱਲ੍ਹਾਂ ਦਾ ਅੱਧਾ ਇੰਚ ਮਾਸ ਵੀ ਨਾ ਦਿਸਦਾ। ਮੈਨੂੰ ਯਾਦ ਹੈ ਕਿ ਮੈਥੋਂ ਉਪਰਲੀਆਂ ਜਮਾਤਾਂ ਵਿਚ ਪੜ੍ਹਨ ਵਾਲੇ ਮੇਰੇ ਪਿੰਡ ਦੇ ਕਈ ਮੁੰਡੇ ਉਹਦੀ ਕੁੱਟ ਦੇ ਸਤਾਏ ਪੜ੍ਹੇ ਹੀ ਨਹੀਂ ਸਨ। ਸਕੂਲ ਵਿਚ ਆਮ ਵਿਦਿਆਰਥੀਆਂ ਨੇ ਉਹਦਾ ਨਾਂ 'ਭੌਂਦੂ ਮਾਸਟਰ' ਰੱਖ ਲਿਆ ਸੀ। ਇਸ ਗੱਲ ਨੂੰ ਉਹ ਵੀ ਜਾਣਦਾ ਸੀ ਤੇ ਇਸ ਕਰ ਕੇ ਉਹ ਸ਼ਰਾਰਤੀ ਵਿਦਿਆਰਥੀਆਂ ਨੂੰ ਕੁੱਟਣ ਵੇਲੇ ਦੋ ਪਰੈਣਾਂ ਜਾਂ ਥੱਪੜ ਘਸੁੰਨ ਵੱਧ ਵੀ ਮਾਰ ਦਿੰਦਾ ਸੀ। ਹਾਲਾਂ ਕਿ ਅੱਠਵੀਂ ਦੀ ਪ੍ਰੀਖਿਆ 'ਚੋਂ ਮੈਂ ਸੌ 'ਚੋਂ 93 ਅੰਕ ਲੈ ਕੇ ਸਕੂਲ ਦਾ ਬੋਰਡ 'ਚੋਂ ਰਿਕਾਰਡ ਕਾਇਮ ਕੀਤਾ ਸੀ, ਪਰ ਜਦੋਂ ਸ਼ਮਸ਼ੇਰ ਸਿੰਘ ਦਸਵੀਂ 'ਚ ਸਾਨੂੰ ਪੜ੍ਹਾਉਣ ਲੱਗਾ ਸੰਨ ਅਠੱਤਰ 'ਚ, ਤਾਂ ਪਿੰਡ ਦੇ ਬਾਗੀ ਮੁੰਡਿਆਂ ਨਾਲ ਰਲ ਕੇ ਮੈਂ ਵੀ ਉਹਦਾ ਦਿੱਤਾ ਹੋਮਵਰਕ ਕਰਨਾ ਛੱਡ ਦਿੱਤਾ ਤੇ ਦਸੰਬਰ ਦੀ ਨੌਮਾਹੀ ਪ੍ਰੀਖਿਆ ਵਿਚ ਅਸੀਂ ਪਿੰਡ ਦੇ ਸਾਰੇ ਮੁੰਡਿਆਂ ਨੇ ਸਲਾਹ ਕੀਤੀ ਕਿ ਹਿਸਾਬ ਦੇ ਪੇਪਰ ਵਿਚ ਇਕ ਵੀ ਸਵਾਲ ਨਹੀਂ ਕਰਨਾ। ਰਿਜ਼ਲਟ ਇਹ ਨਿਕਲਿਆ ਕਿ ਜਦੋਂ ਚਿੱਠੀ ਘਰ ਗਈ ਤਾਂ ਹਿਸਾਬ 'ਚੋਂ ਜ਼ੀਰੋ ਨੰਬਰ ਵੇਖ ਕੇ ਮੇਰਾ ਦਿੱਲੀ ਤੋਂ ਆਇਆ ਜੀਜਾ ਅੱਗ ਭਬੂਕਾ ਹੋ ਗਿਆ। ਉਹਨੇ ਬੇਬੇ ਨੂੰ ਕਿਹਾ, "ਇਹਨੂੰ ਕੋਈ ਕੰਮ-ਕੁੰਮ ਸਿੱਖਣ ਲਾ ਦਿਉ। ਇਹ ਜ਼ੀਰੋ ਨੰਬਰ ਆਲਾ ਲੱਗ ਜੂ ਓਵਰਸੀਅਰ?" ਚਾਰ ਵਜੇ ਛੁੱਟੀ ਹੋਈ ਤਾਂ ਫੇਰ ਹੋ ਗਈ ਜੱਗੋਂ 'ਚੌਧਵੀਂ'। ਸਾਰਾ ਟੱਬਰ ਕਹੇ-"ਖੋਹ ਲਉ ਇਹਦਾ ਬਸਤਾ। ਚੜ੍ਹ ਗਿਆ ਚੰਦ। ਚੁੱਲ੍ਹੇ 'ਚ ਸੁੱਟੋ ਇਹਦੀਆਂ ਕਿਤਾਬਾਂ।" ਉਧਰ ਗੁੱਸੇ 'ਚ ਲਾਲ ਲੋਹੇ ਵਰਗੀ ਹੋਈ ਬੇਬੇ ਦੰਦ ਪੀਹਵੇ, "ਲਿਆ ਤੇਰਾ ਪੱਟਾਂ ਬੋਦਾ। ਤੁਰ ਪੈਂਦਾ ਸਵੇਰੇ ਪਟੇ ਵਾਹ ਕੇ। ਇਕ ਵਾਲ ਨ੍ਹੀਂ ਏਧਰ ਉਧਰ ਹੋਣ ਦਿੰਦਾ, ਤੇ ਕਰਤੂਤ ਟਕੇ ਦੀ ਨ੍ਹੀਂ।" ਬੇਬੇ ਨੂੰ ਬਥੇਰਾ ਕਿਹਾ ਕਿ ਮੈਨੂੰ ਆਉਂਦੈ ਸਾਰਾ ਹਿਸਾਬ। ਅਸੀਂ ਭੌਂਦੂ ਮਾਸਟਰ ਤੋਂ ਤੰਗ ਆ ਕੇ ਜਾਣ-ਬੁੱਝ ਕੇ ਨ੍ਹੀਂ ਸਵਾਲ ਕੀਤੇ। ਖ਼ੈਰ! ਬੇਬੇ ਨੇ ਤਾਂ ਬੋਦਾ-ਬੂਦਾ ਪੱਟ ਕੇ ਛੱਡ 'ਤਾ, ਪਰ ਅਗਲੇ ਦਿਨ ਸਕੂਲ 'ਚ ਜਿਹੜੀ ਛਿੱਲ ਲੱਥੀ, ਉਹ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਚੁੱਕ ਸਾਰੀ ਜੀਜੇ ਤਰਸੇਮ ਦੀ ਹੀ ਸੀ; ਕਿਉਂਕਿ ਜਿਹੜਾ ਵੀ ਮਾਸਟਰ ਕਲਾਸ 'ਚ ਆਵੇ, ਪਹਿਲੀ ਗੱਲ ਇਹੀ ਕਹੇ, "ਬੰਦ ਕਰ ਦੇ ਇਹ ਗਾਣੇ-ਗੂਣੇ ਲਿਖਣੇ। ਬੰਦਾ ਬਣ ਕੇ ਪੜ੍ਹ।"



*ਇਹ ਫੋਟੋ ਸਾਧਾਰਨ ਨਹੀਂ ਹੈ। ਮੇਰੀ ਮਾਂ ਨੇ ਕਾਲਜ ਵਿਚ ਦਾਖਲੇ ਲਈ ਅਰਜ਼ੀ ਦੇਣ ਤੋਂ ਪਹਿਲਾਂ ਮੇਰੇ ਭਰਾ ਨੂੰ ਨਾਲ ਤਾਂ ਭੇਜਿਆ ਸੀ ਕਿ ਇਹਦੇ ਟਾਈ ਲੁਆ ਕੇ ਫੋਟੋ ਖਿਚਾ ਕੇ ਲਿਆ। ਘਰਦੇ ਭਾਵੇਂ ਸੋਚਦੇ ਸਨ ਕਿ ਸਾਨ੍ਹ ਪੂਛ ਤੋਂ ਕਿਸੇ ਤੋਂ ਵੀ ਕਾਬੂ ਨਹੀਂ ਆਇਆ, ਪਰ ਮੈਨੂੰ ਯਕੀਨ ਸੀ ਕਿ ਮੈਂ ਸਾਨ੍ਹ ਸਿੰਘਾਂ ਤੋਂ ਹੀ ਕਾਬੂ ਕਰਾਂਗਾ। ਬਾਦਲਾਂ ਨੂੰ ਲਗਾਤਾਰ ਦੂਜੀ ਵਾਰ ਜਿੱਤ ਦਾ ਅਹਿਸਾਸ ਨਹੀਂ ਸੀ, ਪਰ ਮੈਨੂੰ ਵਿਸ਼ਵਾਸ ਸੀ, ਮੈਂ ਬਾਪ ਦੇ ਸਿਵੇ ਦੀ ਖਾਕ ਨੂੰ ਵੱਟਾ ਨਹੀਂ ਲੱਗਣ ਦਿਆਂਗਾ। ਰਾਮਗੜ੍ਹੀਆ ਪੌਲੀਟੈਕਨਿਕ ਫਗਵਾੜਾ ਵਿਚ ਦਾਖਲੇ ਵੇਲੇ ਪਛਾਣ ਪੱਤਰ 'ਤੇ ਲੱਗੀ ਇਹ ਮੇਰੀ ਪਹਿਲੀ ਫੋਟੋ ਸੀ।*

ਅਗਲੀਆਂ ਦੋ ਘਟਨਾਵਾਂ ਨੇ ਮੇਰੀ ਜਮਾਂ ਈ ਮੱਤ ਮਾਰ ਦਿੱਤੀ। ਬੰਗਿਆਂ ਦੇ ਇਕ ਮੇਲੇ 'ਚੋਂ ਮੈਂ ਕਿਤਾਬ ਖਰੀਦ ਲਿਆਇਆ ਬਾਬੂ ਸਿੰਘ ਮਾਨ ਦੇ ਗੀਤਾਂ ਦੀ, 'ਸੁਪਨੇ 'ਚ ਆ ਜਾ ਗੋਰੀਏ।' ਟਾਈਟਲ 'ਤੇ ਫੋਟੋ ਲੱਗੀ ਹੋਈ ਸੀ, ਸੀਮਾ ਤੇ ਪ੍ਰੋਮਿਲਾ ਪੰਮੀ ਦੀ ਜੀਹਨੇ ਬਾਅਦ 'ਚ ਗੁਰਚਰਨ ਪੋਹਲੀ ਨਾਲ ਵਿਆਹ ਕਰਵਾ ਲਿਆ ਸੀ। ਉਹ ਮੇਰੇ ਕੋਲੋਂ ਪਿੰਡ ਦਾ ਲਾਲਿਆਂ ਦਾ ਮੁੰਡਾ ਮੰਗ ਕੇ ਲੈ ਗਿਆ। ਆਂਹਦਾ, ਪੜ੍ਹ ਕੇ ਦੇ ਦਿਆਂਗਾ। ਹਫ਼ਤੇ ਕੁ ਬਾਅਦ ਉਹਨੇ ਸਕੂਲੇ ਮੈਨੂੰ ਅੱਧੀ ਛੁੱਟੀ ਨੂੰ ਕਿਤਾਬ ਫੜਾ'ਤੀ। ਬਾਕੀ ਕਿਤਾਬਾਂ ਨਾਲ ਮੈਂ ਉਹ ਵੀ ਪਾ ਲਈ ਝੋਲੇ 'ਚ। ਹੈਗਾ ਤਾਂ ਉਹ ਸਾਲਾ ਮਰੂ ਜਿਹਾ ਸੀ ਤੇ ਇਕ ਜਮਾਤ ਅੱਗੇ ਪੜ੍ਹਦਾ ਸੀ ਤੇ ਅੱਜਕੱਲ੍ਹ ਇਟਲੀ ਰਹਿੰਦੈ; ਪਤੰਦਰ ਨੇ ਇਕ ਲਵ ਲੈਟਰ ਲਿਖਿਆ ਪਿੰਡ ਦੀ ਹੀ ਕੁੜੀ ਨੂੰ। ਸਵੇਰੇ ਸਕੂਲ ਜਾਂਦੀ ਦੇ ਅੱਗੇ ਸੁੱਟ'ਤਾ। ਉਹਨੇ ਰੋਂਦੀ ਨੇ ਕਰ'ਤੀ ਸ਼ਿਕਾਇਤ ਮਾਸਟਰਾਂ ਕੋਲ। ਕੁੜੀ ਜੱਟਾਂ ਦੀ, ਲੈਟਰ ਲਾਲੇ ਦਾ। ਅੱਗ ਤਾਂ ਜੰਮੂ ਕਸ਼ਮੀਰ ਵਾਂਗ ਪੈ ਗਈ। ਲੈਟਰ 'ਚ ਕੰਜਰ ਨੇ ਸ਼ੇਅਰ ਲਿਖਿਉ ਗੀਤਾਂ 'ਚੋਂ ਕੱਢ ਕੇ। ਜਦੋਂ ਪਹਿਲੀ ਉਹਦੇ ਪਈ, ਤੇ ਨਾਲ ਹੀ ਪੁੱਛਿਆ, ਇਹ ਸ਼ੇਅਰ ਕਿੱਥੋਂ ਲਏ ਸੀ, ਬਕ ਪਿਆ। ਆਂਹਦਾ, ਅਸ਼ੋਕ ਕੋਲੋਂ ਕਿਤਾਬ ਲਈ ਸੀ, ਉਹਦੇ 'ਚੋਂ ਲਿਖੇ ਸਨ। ਪਹਿਲੀ ਵਾਰ ਮੈਨੂੰ ਪਤਾ ਲੱਗਾ ਸੀ ਕਿ ਇਹਨੂੰ ਕਹਿੰਦੇ ਨੇ ਆਟੇ ਨੂੰ ਪਲੇਥਣ। ਲਾਲੇ ਦੇ ਘੱਟ ਪਈਆਂ, ਤੇ ਮੇਰੇ ਵੱਧ। ਮੁਰਗਾ ਬਣਾ ਕੇ ਕੰਨ ਫੜਾਏ ਹੋਏ ਸਨ। ਮੰਗਤ ਰਾਮ ਮਾਸਟਰ ਨੇ ਹੈੱਡਮਾਸਟਰ ਤੋਂ ਗੰਨੇ ਵਰਗੀ ਪਰੈਣੀ ਫੜ ਕੇ ਕਿਹਾ, "ਮੈਨੂੰ ਬਣਾਉਣ ਦਿਉ ਇਹਨੂੰ ਬੰਦਾ।" ਨਾਲ ਲਗਦੀ ਹੀ ਮੇਰੇ ਝੋਲੇ ਦੀ ਤਲਾਸ਼ੀ ਹੋਈ ਤਾਂ ਵਿਚੋਂ ਉਹੀ ਕਿਤਾਬ ਨਿਕਲ ਆਈ। ਫਿਰ ਤਾਂ ਜਿਵੇਂ ਅੱਗ 'ਤੇ ਪੈਟਰੋਲ ਹੀ ਡਿੱਗ ਪਿਆ ਹੋਵੇ। ਚਲੋ, ਚੰਗੇ ਹੱਡ ਸੇਕੇ ਦੋਹਾਂ ਦੇ, ਤੇ ਮੁਆਫ਼ੀ ਮੰਗਾ ਕੇ ਛੱਡ'ਤਾ। ਸੇਕ ਮੇਰੇ ਘਰੇ ਚੌਥੇ ਕੁ ਦਿਨ ਪੁੱਜਿਆ, ਜਦੋਂ ਉਸ ਕੁੜੀ ਦੀ ਮਾਂ ਮੇਰੇ ਘਰੇ ਉਲਾਂਭਾ ਲੈ ਕੇ ਆ ਗਈ। ਸਾਰਾ ਟੱਬਰ ਈ ਅੱਗ 'ਤੇ ਲਿਟਦਾ ਤਾਂ ਕੋਈ ਗੱਲ ਨਹੀਂ ਸੀ, ਸਗੋਂ ਉਹ ਤਾਂ ਅੱਗ ਈ ਚੁੱਕੀ ਫਿਰਦਾ ਸੀ। ਜਿਵੇਂ ਲੱਤ ਟੁੱਟੀ ਵਾਲਾ ਬੰਦਾ ਕੋਠੇ ਤੋਂ ਡਿੱਗ ਪਏ, ਉਹੀ ਹਾਲਤ ਮੇਰੀ ਹੋ ਗਈ। ਫਿਰ ਤਾਂ ਇਹ ਫੈਸਲਾ ਈ ਲਗਭਗ ਸ਼ਿਮਲਾ ਸਮਝੌਤੇ ਵਾਂਗੂੰ ਤੈਅ ਸੀ ਕਿ ਇਹਨੂੰ ਹਟਾ ਲਵੋ ਸਕੂਲੋਂ। ਮੇਰਾ ਭਰਾ ਕਮਲ ਊਂ ਆਪ ਭਾਵੇਂ ਨੌਵੀਂ ਜਮਾਤ ਨ੍ਹੀਂ ਟੱਪਿਆ, ਪਰ ਮੇਰਾ ਖਿਆਲ ਬਹੁਤ ਰੱਖਦਾ ਸੀ; ਪਈ ਪੜ੍ਹਦਾ ਕੀ ਐ? ਉਹ ਸਕੂਲ ਗਿਆ ਤਾਂ ਅੱਠਵੀਂ ਦੇ ਨਤੀਜੇ 'ਤੇ ਆਧਾਰਤ ਸਕੂਲ ਵਾਲਿਆਂ ਨੇ ਮੇਰਾ ਪੱਖ ਪੂਰ'ਤਾ, ਪੜ੍ਹਨੇ ਨੂੰ ਠੀਕ ਐ, ਉਦਾਂ ਖਿਆਲ ਰੱਖੋ।

ਜਨਵਰੀ 'ਚ ਲੋਹੜੀ ਆ ਗਈ। ਘਟਨਾ ਇਉਂ ਹੋਈ ਕਿ ਉਸ ਵੇਲੇ ਕੁਲਦੀਪ ਮਾਣਕ ਦੀ 'ਸਾਹਿਬਾਂ ਬਣੀ ਭਾਰਵਾਂ ਦੀ' ਨਾਲ ਚੜ੍ਹਾਈ ਬਹੁਤ ਸੀ। ਸਾਡੇ ਨਾਲ ਦੇ ਪਿੰਡ ਉਚੇ ਲਧਾਣੇ ਮਾਣਕ ਨੇ ਲੋਹੜੀ ਤੋਂ ਇਕ ਦਿਨ ਪਹਿਲਾਂ ਆਉਣਾ ਸੀ। ਹਰ ਕੋਈ ਚਾਹੁੰਦਾ ਸੀ ਮਾਣਕ ਦੇਖਣਾ। ਅਸੀਂ ਤਿੰਨ ਚਹੁੰ ਜਾਣਿਆਂ ਨੇ 'ਕੱਠੇ ਹੋ ਕੇ ਆਪਣੇ ਕਲਾਸ ਇੰਚਾਰਜ ਉਸੇ ਮੈਥ ਮਾਸਟਰ ਤੋਂ ਮਾਣਕ ਵੇਖਣ ਲਈ ਛੁੱਟੀ ਮੰਗੀ ਤਾਂ ਉਹਨੇ ਬਾਕੀਆਂ ਨੂੰ ਤਾਂ ਘੱਟ ਕੁਝ ਕਿਹਾ, ਸਿੱਧਾ ਅਲ-ਕਾਇਦਾ ਵਾਂਗ ਮੇਰੇ ਦੁਆਲੇ, "ਸੁਣ ਓਏ ਥਰੀਕਿਆਂ ਵਾਲਿਆ, ਬੰਦਾ ਬਣ ਕੇ ਕਲਾਸ 'ਚ ਬਹਿ ਜਾ। ਪੇਪਰ ਨ੍ਹੀਂ ਪਾਉਣ ਆਉਣੇ ਤੇਰੇ ਥਾਂ ਮਾਣਕ ਨੇ।" ਪਰ ਉਹਦਾ ਅਸਰ ਕੋਈ ਨਾ ਹੋਇਆ। ਅਸੀਂ ਦੋ ਜਣਿਆਂ ਨੇ ਝੋਲੇ ਕਣਕ 'ਚ ਲੁਕੋਏ ਤੇ ਅੱਧੀ ਛੁੱਟੀ ਤੋਂ ਬਾਅਦ ਬਾਗੀ ਹੋ ਕੇ ਚਲੇ ਗਏ ਅਖਾੜਾ ਵੇਖਣ। ਸਾਡੇ ਪਿੰਡ ਦਾ ਇਕ ਜੱਟ ਨਰਿੰਦਰ ਫਰਾਲੀਆ ਪੰਜ-ਪੰਜ ਦੇ ਨੋਟ ਦੇਵੇ ਟਰੈਕਟਰ ਦੇ ਨਾਂ ਉਤੇ। ਉਦੋਂ ਫੋਰਡ ਆਇਆ ਵੀ ਨਵਾਂ ਹੀ ਸੀ ਤੇ ਉਹਨੇ ਲਿਆਂਦਾ ਵੀ ਨਵਾਂ ਈ ਸੀ। ਰੁਪਿਆ ਤਾਂ ਉਹਨੇ ਡੂਢ ਕੁ ਸੌ ਦਿੱਤਾ ਹੋਣਾ, ਪਰ ਚਰਚਾ ਪੰਜਾਂ-ਸੱਤਾਂ ਪਿੰਡਾਂ ਵਿਚ ਕਰਵਾ ਗਿਆ ਫੋਰਡ ਦੀ। ਅਗਲੇ ਦਿਨ ਕਰੇਲਾ ਫਿਰ ਨਿੰਮ 'ਤੇ ਚੜ੍ਹ ਗਿਆ। ਨਾਲ ਦੇ ਸ਼ਰਾਰਤੀ ਮੁੰਡਿਆਂ ਨੇ ਝੋਲੇ ਕਣਕ 'ਚੋਂ ਚੁੱਕ ਕੇ ਫਿਰ ਹਿਸਾਬ ਵਾਲੇ ਮਾਸਟਰ ਕੋਲ ਫੜਾ 'ਤੇ। ਹਾਲਾਤ ਮੇਰੇ ਉਹ ਬਣ ਗਏ ਜਿਵੇਂ ਕਿਸੇ ਨੇ ਚੋਰੀ ਟਕੇ ਦੀ ਨਾ ਕੀਤੀ ਹੋਵੇ, ਪਰ ਨਾਂ ਦਸ ਨੰਬਰੀਆਂ ਵਿਚ ਆ ਜਾਵੇ। ਜਿਹੜੇ ਭੱਜ ਕੇ ਉਦਣ ਕੁਲਦੀਪ ਮਾਣਕ ਦੇਖਣ ਗਏ ਸੀ, ਸਾਰੇ ਕੱਢ ਲਏ ਸਵੇਰੇ ਪ੍ਰੇਅਰ ਵਿਚ। ਸੱਤ-ਸੱਤ ਬੈਂਤਾਂ ਮਾਰੀਆਂ ਕੱਬੇ ਹੈੱਡਮਾਸਟਰ ਗੁਰਦਿਆਲ ਸਿੰਘ ਨੇ। ਉਹਨੂੰ ਉਦੋਂ 'ਕੱਲੇ ਪੜ੍ਹਨ ਵਾਲੇ ਹੀ ਨਹੀਂ, ਸਗੋਂ ਪੜ੍ਹਾਉਣ ਵਾਲੇ ਵੀ 'ਮੂਜੀ' ਕਿਹਾ ਕਰਦੇ ਸਨ।

ਜਦੋਂ ਸਾਨੂੰ ਬਸਤੇ ਦੇਣ ਲੱਗੇ ਤਾਂ ਹੈੱਡਮਾਸਟਰ ਚਪੜਾਸੀ ਕਾਬਲ ਨੂੰ ਕਹਿਣ ਲੱਗਾ, "ਫੋਲੀਂ ਤਾਂ ਇਹ ਬਸਤਾ ਜ਼ਰਾ।" ਇਕ ਕਤਲ ਲਈ ਦੋ ਸਜ਼ਾਵਾਂ! ਉਹੀ 'ਸੁਪਨੇ 'ਚ ਆ ਜਾ ਗੋਰੀਏ' ਕਿਤਾਬ ਫਿਰ ਉਸ ਮੂਜੀ ਹੈੱਡਮਾਸਟਰ ਦੇ ਹੱਥ ਲੱਗ ਗਈ।

"ਉਏ ਆਹ ਕੀ ਰੱਖੀਂ ਫਿਰਦੈਂ ਨਾਲ ਤੂੰ। ਸਕੂਲ ਨੂੰ ਸਮਝਦਾ ਕੀ ਐਂ? ਇਹ ਕਾਹਦੇ ਵਾਸਤੇ ਰੱਖੀ ਐ ਨਾਲ।" ਮੈਂ ਕੁਝ ਬੋਲਦਾ ਉਸ ਤੋਂ ਪਹਿਲਾਂ ਈ ਮੰਗਤ ਰਾਮ ਮਾਸਟਰ ਨੇ ਤਸਦੀਕ ਕਰ'ਤੀ, "ਚਮਨ ਲਾਲ ਸ਼ੁਗਲ ਬਣੀ ਫਿਰਦੈ, ਗਾਣੇ ਲਿਖਦਾ ਕੰਜਰ।" ਜਿਵੇਂ ਦਿੱਲੀ 'ਕਾਲੀਆਂ ਨੂੰ ਪੈਂਦੀ ਐ, ਆਏਂ ਓਦਣ ਮੇਰੇ ਨਾਲ ਹੋਈ। ਜਿਵੇਂ ਦਿਨ ਬੰਨ੍ਹਣ ਆਏ ਵਿਆਹ ਤੋਂ ਜੁਆਬ ਦੇ ਗਏ ਹੋਣ। ਸੱਤ-ਅੱਠ ਸੌ ਵਿਦਿਆਰਥੀਆਂ 'ਚ ਹੋਈ ਬੇਇੱਜ਼ਤੀ ਨਾਲ ਮੈਂ ਮਹਿਸੂਸ ਕਰਨ ਲੱਗਾ ਸਾਂ ਕਿਹੜੇ ਕੁੱਤੇ ਕੰਮ 'ਚ ਫਸ ਗਿਐਂ? ਛੱਡ ਦਿਆਂ ਸਭ ਕੁਝ, ਪਰ ਇਹ ਸੱਚ ਹੈ ਕਿ ਹੱਡਾ-ਰੋੜੀ ਜਾਣ ਵਾਲਾ ਕੁੱਤਾ ਹਟਦਾ ਨ੍ਹੀਂ, ਭਾਵੇਂ ਰਾਹ ਬਦਲ ਕੇ ਜਾਵੇ।

ਸਕੂਲ 'ਚ ਉਪਰੋਂ-ਉਪਰੋਂ ਮੇਰੀ ਕੁਪੱਤ ਹੁੰਦੀ ਸੀ, ਪਰ ਅਖ਼ਬਾਰ ਪੜ੍ਹ ਕੇ ਅਧਿਆਪਕਾਂ ਦੀਆਂ ਸਿਫ਼ਤਾਂ ਮੇਰੇ ਤੱਕ ਪਹੁੰਚ ਵੀ ਜਾਂਦੀਆਂ ਸਨ ਕਿ 'ਆਹ ਮੁੰਡਾ ਜਿਹੜਾ ਲਿਖਦੈ, ਇਹ ਸਾਡੇ ਸਕੂਲ 'ਚ ਪੜ੍ਹਦੈ।' ਪਰ ਇਹ ਸਿਫ਼ਤ ਕਈ ਵਾਰ ਮੈਨੂੰ ਆਏਂ ਲਗਦੀ ਸੀ ਜਿਵੇਂ ਰਾਤ ਨੂੰ ਥਾਣੇ 'ਚ ਬੇਕਸੂਰ ਨੂੰ ਪੁੱਠਾ ਲਟਕਾ ਕੇ ਥਾਣੇਦਾਰ ਸਵੇਰ ਨੂੰ ਪੁੱਛੇ, "ਚਾਹ ਦਾ ਕੱਪ ਲਏਂਗਾ?" ਦੂਜੇ ਪਾਸੇ ਸਾਡੇ ਨਵਾਂ ਸ਼ਹਿਰ ਦੀ ਇਕ ਕੁੜੀ ਪੂਨਮ ਬਾਲਾ ਗਾਉਂਦੀ ਸੀ। ਗਾਉਂਦੀ ਤਾਂ ਬਹੁਤ ਵਧੀਆ ਸੀ, ਪਰ ਰੰਗ ਬੀਬੀ ਦਾ ਆਏਂ ਕਿ ਕਾਲਾ ਨਾਗ ਵੀ ਪਰ੍ਹਾਂ ਹਟ ਜਾਂਦਾ ਹੋਊ। ਗੁਣ ਪਤਾ ਨ੍ਹੀਂ ਕਿਹੜਾ ਸੀ, ਬੀਬੀ ਨੇ ਵਿਆਹ ਤਿੰਨ-ਚਾਰ ਜ਼ਰੂਰ ਕਰਵਾਏ। ਉਹਦਾ ਮੈਂ ਸੈਟ ਕਾਹਮੇ ਪਿੰਡ ਦੇ ਰੂਪੇ ਨਾਲ ਬਣਾ'ਤਾ। ਨਾਲ ਜੋੜ'ਤਾ ਮੱਖਣ ਮੱਲਪੁਰੀ ਜਿਹਦੇ ਨਾਲ ਪਹਿਲੇ ਦਿਨਾਂ 'ਚ ਢਾਡੀ ਦਇਆ ਸਿੰਘ ਦਿਲਬਰ ਦੇ ਪੁੱਤਰ ਕੁਲਜੀਤ ਨੇ ਜਥਾ ਬਣਾਇਆ ਸੀ। ਇਨ੍ਹਾਂ ਸਾਰਿਆਂ ਦੀ ਪਿੱਛੋਂ ਮੈਂ ਸੰਗੀਤ ਸਮਰਾਟ ਚਰਨਜੀਤ ਅਹੂਜਾ ਦੇ ਸੰਗੀਤ 'ਚ ਰਿਕਾਰਡਿੰਗ ਵੀ ਕਰਵਾਈ ਸੀ।

ਉਨ੍ਹਾਂ ਦਿਨਾਂ 'ਚ ਸਾਡੇ ਪਿੰਡ ਕਤਲ ਹੋ ਗਿਆ। ਇਲਜ਼ਾਮ ਲੱਗਾ ਸੀ ਜ਼ਮੀਨ ਦੇ ਲਾਲਚ ਵਿਚ ਅਜਿਹਾ ਕਰਨ ਲਈ ਪਿਉ ਅਤੇ ਪੁੱਤਰ ਉਤੇ। ਇਸ ਘਟਨਾ 'ਤੇ ਗੀਤ ਲਿਖ ਕੇ ਅਤੇ ਦੋ-ਚਾਰ ਹੋਰ ਗੀਤ ਮੈਂ ਮੱਖਣ ਮੱਲਪੁਰੀ ਨੂੰ ਦੇ ਆਇਆ। ਇਤਫਾਕ ਇਹ ਹੋਇਆ ਕਿ ਸਾਡੇ ਪਿੰਡ ਦੀ ਨੌਜਵਾਨ ਸਭਾ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਸਾਬਕਾ ਮੰਤਰੀ ਤੇ ਨਵਾਂ ਸ਼ਹਿਰ ਨੂੰ ਵਾਕਿਆ ਹੀ ਨਵਾਂ ਸ਼ਹਿਰ ਬਣਾਉਣ ਵਾਲੇ ਸ. ਦਿਲਬਾਗ ਸਿੰਘ ਦੇ ਨਾਂ 'ਤੇ ਉਹਦੇ ਜਿਉਂਦੇ ਜੀਅ ਹੀ ਟੂਰਨਾਮੈਂਟ ਕਰਵਾਇਆ ਕਰਦੀ ਸੀ। ਮੈਨੂੰ ਕਹਿੰਦੇ, "ਕੋਈ ਗਾਉਣ ਵਾਲਾ ਲੈ ਆ।"

ਮੈਂ ਫਟਾ-ਫਟ ਦੋ ਸੌ ਰੁਪਏ ਨੂੰ ਮੱਖਣ ਮੱਲਪੁਰੀ ਕਰਵਾ'ਤਾ, ਇਸ ਲਾਲਚ ਨਾਲ ਕਿ ਨਾਲੇ ਮੇਰੇ ਗੀਤ ਗਾਊਗਾ ਅਤੇ ਪਿੰਡ 'ਚ ਦਿਲਬਾਗ ਸਿੰਘ ਦੇ ਸਾਹਮਣੇ ਟੌਹਰ ਪੂਰੀ ਬਣ'ਜੂ। ਨੌਜਵਾਨ ਸਭਾ ਵਾਲਿਆਂ ਨੇ ਉਸੇ ਫੋਰਡ ਟਰੈਕਟਰ ਵਾਲੇ ਨਰਿੰਦਰ ਅਟਵਾਲ 'ਤੇ ਇਲਜ਼ਾਮ ਲਾ ਕੇ ਸਟੇਜ ਤੋਂ ਹਟਾ'ਤਾ ਕਿ ਇਹ ਸਟੇਜ 'ਤੇ ਸ਼ਰਾਬ ਪੀ ਕੇ ਬੋਲਦੈ। ਤੇ ਚਾਰ ਦਿਨ ਚੱਲਣ ਵਾਲੇ ਟੂਰਨਾਮੈਂਟ 'ਚ ਪਹਿਲੀ ਵਾਰ ਸਟੇਜ ਸਕੱਤਰ ਬਣਨ ਦਾ ਮੈਥੋਂ ਚਾਅ ਨਾ ਸਾਂਭਿਆ ਜਾਵੇ। ਪਿੰਡੋਂ ਇਕ ਮਾਸਟਰ ਦਾ ਕੋਟ ਮੰਗਿਆ ਤੇ ਬਿਨਾਂ ਵਹੁਟੀ ਤੋਂ ਲਾੜਾ ਬਣ ਗਿਆ। ਚਾਅ ਤਾਂ ਪੂਰਾ ਹੋ ਗਿਆ, ਪਰ ਨਿਆਣੀ ਮੱਤ ਨਾਲ ਚਰਖਾ ਪੁੱਠਾ ਚੱਲ ਗਿਆ। ਇਨਾਮ ਵੰਡ ਸਮਾਗਮ ਤੋਂ ਪਹਿਲਾਂ ਮੱਖਣ ਮੱਲਪੁਰੀ ਦਾ ਗੌਣ-ਪਾਣੀ ਚੱਲ ਗਿਆ। ਸ. ਦਿਲਬਾਗ ਸਿੰਘ ਵੀ ਹਾਰਾਂ ਨਾਲ ਲੱਦੇ ਸੋਫਿਆਂ 'ਤੇ ਬੈਠ ਗਏ। ਭਾਵੇਂ ਸਰਦਾਰ ਜੀ ਬਾਅਦ ਵਿਚ ਮੇਰੀਆਂ ਲਿਖਤਾਂ ਤੇ ਸਹਿਤਕ ਕੰਮਾਂ ਦੇ ਪ੍ਰਸ਼ੰਸਕ ਬਹੁਤ ਵੱਡੇ ਰਹੇ, ਪਰ ਉਸ ਦਿਨ ਜਿਵੇਂ ਨਵੇਂ ਡੋਲ ਦੀ ਲੱਜ ਟੁੱਟਣ ਨਾਲ ਚਾਅ ਵਿਚੇ ਰਹਿ ਗਿਆ ਹੋਵੇ ਚੂੜੇ ਵਾਲੀ ਦਾ। ਮੱਲਪੁਰੀ ਨੇ ਮੇਰਾ ਗੀਤ ਉਸੇ ਕਤਲ ਵਾਲੀ ਘਟਨਾ 'ਤੇ ਗਾਉਣਾ ਅਰੰਭ ਕੀਤਾ ਤਾਂ ਸਾਰਾ ਪਿੰਡ ਹੈਰਾਨ ਰਹਿ ਗਿਆ। ਗੀਤ ਦੇ ਬੋਲ ਸਨ:

ਕੇਹਾ ਜ਼ਮਾਨਾ ਆਇਆ,  
ਪਿਉ ਨੇ ਪੁੱਤਰ ਮਰਵਾਇਆ।  
ਭਾਈਆਂ ਦੇ ਭਾਈ ਵੈਰੀ,  
ਇਕ ਮਾਂ ਨੇ ਦੁੱਧ ਚੁੰਘਾਇਆ।  
ਵੇਖਦਾ ਜ਼ਮਾਨਾ ਰੰਗ ਸਾਰੇ,  
ਲਾਲਚ ਨੇ ਮੱਤ ਮਾਰ'ਤੀ,  
ਕਲਯੁੱਗ ਕਰਾਉਂਦਾ ਪੁੱਠੇ ਕਾਰੇ...

ਜਦੋਂ ਆਖਰੀ ਅੰਤਰੇ ਵਿਚ ਮੇਰਾ ਤੇ ਪਿੰਡ ਦਾ ਨਾਂ ਆਇਆ ਤਾਂ ਤਾਜ਼ੀ-ਤਾਜ਼ੀ ਵਾਪਰੀ ਇਸ ਦੁਖਦਾਇਕ ਘਟਨਾ ਬਾਰੇ ਇਉਂ ਲਗਦਾ ਸੀ ਜਿਵੇਂ ਸਾਰਾ ਪਿੰਡ ਕਹਿ ਰਿਹਾ ਹੋਵੇ, ਸਜ਼ਾ ਤਾਂ ਦੋਸ਼ੀਆਂ ਨੂੰ ਪਤਾ ਨ੍ਹੀ ਕਦੋਂ ਹੋਵੇਗੀ, ਇਸ ਮੁੰਡੇ ਨੇ ਜਿਵੇਂ ਮੁਕੱਦਮੇ ਦੀ ਸੁਣਵਾਈ ਅੱਜ ਹੀ ਮੁਕੰਮਲ ਕਰ ਦਿੱਤੀ ਹੋਵੇ। ਹਾਲਾਤ ਤੋਂ ਮੈਨੂੰ ਪਤਾ ਲੱਗਾ ਗਿਆ ਸੀ ਕਿ ਹਵਾ ਮੇਰੇ ਹੱਕ 'ਚ ਨਹੀਂ। ਮਾਈਕ ਥਾਣੀਂ ਮੇਰੀ ਟੁਣਕਦੀ ਆਵਾਜ਼ ਕੰਬਣ ਲੱਗੀ। ਇਨਾਮ ਤਾਂ ਮੈਂ ਥਿੜਕਦੇ ਬੋਲਾਂ ਨਾਲ ਵੰਡਾ ਦਿੱਤੇ ਸਨ, ਪਰ ਤੁਰਨ ਲੱਗਿਆਂ ਸ. ਦਿਲਬਾਗ ਸਿੰਘ ਨੇ ਮੈਨੂੰ ਕੋਲ ਬੁਲਾ ਕੇ ਕਿਹਾ, "ਥਾਣੇਦਾਰ ਲੱਗ ਕੇ ਮਾਂ ਨ੍ਹੀਂ ਕੁੱਟੀਦੀ। ਚੰਗੀ ਭੱਲ ਬਣਾਏਂਗਾ ਪਿੰਡ ਦੀ?"

ਬਾਅਦ ਵਿਚ ਮੈਨੂੰ ਇਹ ਵੀ ਅਹਿਸਾਸ ਹੋ ਗਿਆ ਸੀ ਕਿ ਮੇਰੇ ਇਸ ਗੀਤ ਨੇ ਪਿੰਡ 'ਚ ਪੁਆੜੇ ਜਿਹੇ ਪਾ ਦਿੱਤੇ ਸਨ। ਚੰਗੇ ਬੰਦੇ ਕਹੀ ਜਾਂਦੇ ਸਨ, "ਸੱਚ ਲਿਖ'ਤਾ ਮੁੰਡੇ ਨੇ। ਕਮਾਲ ਕਰ'ਤੀ।" ਤੇ ਅੱਧੇ ਕੁ ਕਹੀ ਜਾਂਦੇ ਸਨ, "ਪਿਉ ਤਾਂ ਇਹਦਾ ਬੀਬਾ ਹੁੰਦਾ ਸੀ, ਇਹ ਪਿੰਡ 'ਤੇ ਹੀ ਕਿੱਸੇ ਬਣਾਉਣ ਲੱਗ ਪਿਆ।" ਇਕ ਹਾਉਮੈ ਭਰਿਆ ਬੰਦਾ ਜਗੀਰਦਾਰੀ ਲਹਿਜ਼ੇ 'ਚ ਕਹਿਣ ਲੱਗਾ, "ਇਸ ਛੋਕਰੇ ਨੇ ਪਹਿਲਾਂ ਪਿੰਡ ਬਾਰੇ ਲਿਖ ਕੇ ਬੜੇ ਪੁਆੜੇ ਪਾਏ ਤੇ ਹੁਣ ਆਪਣੇ ਘਰ 'ਚ ਸਿਰ ਪੜਵਾਏਗਾ।" ਇਸ ਦੁਰਘਟਨਾ ਨਾਲ ਮੇਰੇ ਅੰਦਰਲੀ ਸਾਹਿਤਕ ਪ੍ਰੇਮਿਕਾ ਰੁੱਸਣ ਨੂੰ ਫਿਰਦੀ ਸੀ। ਮੈਨੂੰ ਇਉਂ ਲਗਦਾ ਸੀ ਜਿਵੇਂ ਨਬਜ਼ ਤਾਂ ਚੱਲ ਰਹੀ ਸੀ, ਪਰ ਸਾਹ ਆਉਣ ਦੀ ਉਕਾ ਈ ਕੋਈ ਆਸ ਨਹੀਂ ਬਚੀ ਸੀ।

ਖ਼ੈਰ! ਇਹ ਗੱਲ ਵੀ ਸਕੂਲ 'ਚ ਚਰਚਾ ਦਾ ਵਿਸ਼ਾ ਬਣੀ ਰਹੀ, ਪਰ ਅਧਿਆਪਕਾਂ ਦੀ ਆਮ ਰਾਏ ਇਹ ਬਣ ਗਈ ਸੀ, "ਪੜ੍ਹਨ ਨੂੰ ਚੰਗੈ, ਹੋਰ ਮਹੀਨਾ ਰਹਿ ਗਿਐ। ਆਪੇ 'ਗਾਹਾਂ ਨੂੰ ਦਫ਼ਾ ਹੋਊ।"

ਫਰਵਰੀ ਦੇ ਇਸ ਟੂਰਨਾਮੈਂਟ ਤੋਂ ਬਾਅਦ ਮੈਂ ਜਿਵੇਂ ਖੁਆਜੇ ਪੀਰ ਦੀ ਸੇਵਾ ਵਾਂਗ ਇਕ ਲੱਤ ਭਾਰ ਖੜ੍ਹਾ ਹੋ ਗਿਆ ਹੋਵਾਂ। ਮੈਂ ਕਿਤਾਬ ਚੁੱਕ ਬੇਈਂ ਦੇ ਕਿਨਾਰੇ ਚਲਾ ਜਾਂਦਾ ਤੇ ਦਿਨ ਛਿਪੇ ਮੁੜਦਾ। ਮੇਰੇ ਘਰਦਿਆਂ ਨੂੰ ਆਏਂ ਲੱਗਣ ਲੱਗ ਪਿਆ ਸੀ, ਜਿਵੇਂ ਕੁੱਤੇ ਮਾਸ ਛੱਡ ਕੇ ਖੀਰ ਖਾਣ ਲੱਗ ਪਏ ਹੋਣ।

ਦਸਵੀਂ ਦੇ ਇਮਤਿਹਾਨਾਂ ਵਿਚ ਸਾਨੂੰ ਅੰਗਰੇਜ਼ੀ ਪੜ੍ਹਾਉਣ ਵਾਲੀ ਅਧਿਆਪਕਾ ਦਾ ਪੁੱਤਰ ਕਮਲਜੀਤ ਵੀ ਮੇਰੇ ਨਾਲ ਹੀ ਪੇਪਰ ਦੇ ਰਿਹਾ ਸੀ। ਦੋ ਅਧਿਆਪਕ ਉਹਨੂੰ ਅੰਦਰ ਨਕਲ ਕਰਵਾਉਣ ਜਾਂਦੇ ਤੇ ਦੋ ਬਾਹਰ ਫਲਾਇੰਗ ਦਾ ਪਹਿਰਾ ਦਿੰਦੇ। ਓਹਲਾ ਰੱਖ ਕੇ ਲੱਗਿਆ ਸੁਪਰਡੈਂਟ ਲੰਗੜੋਏ ਪਿੰਡ ਦਾ ਸੋਹਣ ਸਿੰਘ ਮੇਰਾ ਪੇਪਰ ਖੋਹ ਕੇ ਆਪਣੇ ਭਾਣਜੇ ਨੂੰ ਨਕਲ ਕਰਵਾਉਂਦਾ।

ਹਾਲਾਤ ਇਹ ਬਣੇ ਕਿ ਲੰਗੜਾ ਜਿਵੇਂ ਮਿਲਖਾ ਸਿੰਘ ਦਾ ਮੁਕਾਬਲਾ ਕਰ ਗਿਆ ਹੋਵੇ। ਮਾਂ ਸਕੂਲ ਅਧਿਆਪਕਾ ਤੇ ਪਿਉ ਬੰਗਾ ਕਾਲਜ ਦਾ ਪ੍ਰੋਫੈਸਰ। ਰੱਜਵੀਂ ਨਕਲ ਮਾਰ ਕੇ ਇਸ ਜੋੜੇ ਦਾ ਪੁੱਤਰ ਕਮਲ ਮੈਥੋਂ ਸਿਰਫ਼ ਗਿਆਰਾਂ ਨੰਬਰ ਹੀ ਵੱਧ ਲੈ ਸਕਿਆ ਸੀ। ਨਤੀਜਾ ਆਉਣ 'ਤੇ ਮੇਰੇ ਘਰਦਿਆਂ ਨੂੰ ਹੈਰਾਨੀ ਹੋ ਰਹੀ ਸੀ ਕਿ ਡਾਕਟਰ ਤਾਂ ਅਖੀਰ ਤੱਕ ਕੁੜੀ ਹੀ ਕਹਿੰਦੇ ਰਹੇ, ਪਰ ਮੁੰਡਾ ਤੇ ਉਹ ਵੀ ਸੁਨੱਖਾ ਜੰਮ ਪਿਆ। ਮਹਿਲ ਗਹਿਲਾਂ ਦੇ ਸਕੂਲ 'ਚੋਂ ਅੱਵਲ ਆ ਕੇ ਪਿੰਡ ਤੇ ਸਕੂਲ ਵਾਲਿਆਂ ਨੇ ਜਿਵੇਂ ਸਾਰੇ ਉਲਾਂਭਿਆਂ ਦੀ ਸੂਈ ਚੁੱਕ ਲਈ ਹੋਵੇ।

ਕਹਾਵਤ ਹੈ ਕਿ ਵਕਤ ਪਏ 'ਤੇ ਕਣਕ ਵੀ ਬੀਜੀ, ਤਦ ਵੀ ਕਈ ਵਾਰ ਕਰੁੰਡ ਉਗ ਪੈਂਦੈ, ਪਰ ਮੇਰੇ ਨਤੀਜੇ ਨਾਲ ਉਹੀ ਮੇਰਾ ਹੈਡਮਾਸਟਰ ਕਹਿ ਰਿਹਾ ਸੀ, "ਬੀਜਿਆ ਤਾਂ ਕਰੁੰਡ ਸੀ, ਪਰ ਜੰਮ ਪਏ ਬਦਾਮ।"

**ਵਿਦਿਆਰਥੀ ਆਗੂ ਬਿੱਕਰ ਕੰਮੇਆਣਾ ਦੇ ਦੋ ਕਿਸ਼ਤਾਂ ਵਿਚ ਵਿਦਿਆਰਥੀ ਲਹਿਰ ਬਾਰੇ ਛਪੇ ਲੇਖ ਤੋਂ ਬਾਅਦ ਗੁਰਦਿਆਲ ਸਿੰਘ ਬਲ ਨੇ ਉਬਾਲੇ ਮਾਰਦੇ ਉਸ ਦੌਰ ਦੀਆਂ ਕੁਝ ਵਿਲੱਖਣ ਗੱਲਾਂ 'ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ' ਨਾਂ ਦੀ ਇਸ ਲੇਖ ਲੜੀ ਵਿਚ ਛੋਹੀਆਂ ਹਨ। 1968 ਵਾਲਾ ਸਾਲ ਸੰਸਾਰ ਭਰ ਵਿਚ ਬੜਾ ਘਟਨਾਵਾਂ ਭਰਪੂਰ ਸਾਲ ਸੀ। ਹਰ ਪਾਸੇ ਨੌਜਵਾਨ ਉਤਲੀ ਹੇਠ ਕਰਨ ਲਈ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਹੋਕਰੇ ਮਾਰ ਰਹੇ ਸਨ। ਜਾਨ-ਪ੍ਰਾਣ ਰੱਖਣ ਵਾਲਾ ਕੋਈ ਵਿਰਲਾ-ਟਾਵਾਂ ਹੀ ਇਸ ਹਾਲਾਤ ਤੋਂ ਅਣਭਿੱਜ ਰਿਹਾ ਹੋਵੇਗਾ। ਉਦੋਂ ਸੰਸਾਰ ਪੱਧਰ 'ਤੇ ਅਮਰੀਕਾ ਵੀਅਤਨਾਮ ਵਿਰੁੱਧ ਜੰਗ ਵਿਚ ਬੁਰੀ ਤਰ੍ਹਾਂ ਫਸਿਆ ਮਹਿਸੂਸ ਕਰ ਰਿਹਾ ਸੀ। ਸਮਾਜਵਾਦੀ ਨਿਜ਼ਾਮ ਨੂੰ ਅਮਲ ਵਿਚ ਉਤਾਰਨ ਦੀਆਂ ਸੰਭਾਵਨਾਵਾਂ ਦਾ ਖੁਆਬ ਸਿਖਰ 'ਤੇ ਸੀ। ਦੁਨੀਆਂ ਭਰ ਦੇ ਇਨਕਲਾਬੀ ਸੋਵੀਅਤ ਯੂਨੀਅਨ ਅਤੇ ਰਵਾਇਤੀ ਕਮਿਊਨਿਸਟ ਪਾਰਟੀਆਂ ਦੀ ਸੁਸਤ ਤੌਰ ਨੂੰ ਹਿਕਾਰਤ ਨਾਲ ਨਕਾਰਦਿਆਂ ਉਨ੍ਹਾਂ ਨੂੰ ਸੋਧਵਾਦੀ, ਸੁਧਾਰਵਾਦੀ ਅਤੇ ਹੋਰ ਪਤਾ ਨਹੀਂ ਕੀ ਕੀ ਆਖ ਕੇ ਰੱਦ ਕਰ ਰਹੇ ਸਨ। ਉਦੋਂ ਭਾਰਤ ਵਿਚ ਚਾਰੂ ਮਜੂਮਦਾਰ ਅਤੇ ਉਨ੍ਹਾਂ ਦੇ ਸਾਥੀ ਨਕਸਲੀ ਲਹਿਰ ਦਾ ਮੁੱਢ ਬੰਨ੍ਹ ਰਹੇ ਸਨ। ਇਸ ਕੜੀ ਵਿਚ ਇਸ ਮੁੱਢ ਬਾਰੇ ਗੱਲਾਂ ਛੋਹੀਆਂ ਗਈਆਂ ਹਨ। -ਸੰਪਾਦਕ**

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-6

# ਇਨਕਲਾਬ ਦੀ ਸਾਣ ਅਤੇ ਚਾਰੂ ਮਜੂਮਦਾਰ ਦੀ ਸਿਆਸਤ

ਸਾਡੇ ਲੋਕਾਂ ਨੂੰ 1914-15 ਵਾਲੇ ਗਦਰੀ ਬਾਬਿਆਂ ਦੇ ਅੰਦੋਲਨ ਦੀ ਪ੍ਰੇਰਨਾ ਅਤੇ ਆਸ਼ਿਆਂ ਬਾਰੇ ਬੇਸ਼ਕ ਜਾਣਕਾਰੀ ਨਾ ਵੀ ਹੋਵੇ, ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਬਾਰੇ ਹਰ ਇਕ ਨੂੰ ਥੋੜ੍ਹਾ ਬਹੁਤ ਪਤਾ ਹੈ ਕਿ ਉਹ ਦੇਸ਼ ਨੂੰ ਵਿਦੇਸ਼ੀ ਹਾਕਮਾਂ ਤੋਂ ਆਜ਼ਾਦ ਤਾਂ ਕਰਵਾਉਣਾ ਚਾਹੁੰਦੇ ਹੀ ਸਨ ਪਰ ਇਸ ਦੇ ਨਾਲ ਉਨ੍ਹਾਂ ਦੇ ਤਸੱਵਰ ਸੀ ਕਿ ਆਜ਼ਾਦ ਭਾਰਤ ਵਿਚ ਨਾ ਕੇਵਲ ਹਰ ਇਕ ਇਨਸਾਨ ਨੂੰ ਬਿਨਾਂ ਕਿਸੇ ਵਿਤਕਰੇ ਦੇ ਰੋਜ਼ਗਾਰ ਤੇ ਰੋਟੀ ਮਿਲੇ ਬਲਕਿ ਆਪਣੇ ਅਕੀਦਿਆਂ ਅਨੁਸਾਰ ਇੱਜ਼ਤ ਅਤੇ ਸਵੈਮਾਨ ਨਾਲ ਜਿਉਣ ਦੀ ਗਰੰਟੀ ਵੀ ਹੋਵੇ।

ਭਾਰਤ ਦੇ ਕਮਿਊਨਿਸਟ ਆਪਣੇ ਆਪ ਨੂੰ ਗਦਰੀ ਬਾਬਿਆਂ ਅਤੇ ਆਜ਼ਾਦੀ ਘੁਲਾਟੀਆਂ ਦੇ ਵਾਰਸ ਮੰਨਦੇ ਸਨ ਅਤੇ 1947 ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਜ਼ਾਹਰ ਹੋ ਗਿਆ ਕਿ ਇਹ ਆਜ਼ਾਦੀ ਖੋਖਲੀ ਸੀ, ਪਾਖੰਡ ਸੀ ਅਤੇ ਹਕੀਕਤ ਵਿਚ ਭਾਰਤ ਦੇ ਕਰੋੜਾਂ ਮਿਹਨਤਕਸ਼ ਲੋਕਾਂ ਨਾਲ ਠੱਗੀ ਵੱਜ ਗਈ ਸੀ। ਆਂਧਰਾ ਪ੍ਰਦੇਸ਼ ਦੇ ਤਿਲੰਗਾਨਾ

**ਗੁਰਦਿਆਲ ਸਿੰਘ ਬੱਲ**
**ਫੋਨ: 91-98150-85277**

ਕਿਸਾਨ ਅੰਦੋਲਨ ਅਤੇ ਰੰਧੀਵੇ ਲਾਈਨ ਰਾਹੀਂ ਕਮਿਊਨਿਸਟਾਂ ਨੇ 'ਰਸਮੀ ਆਜ਼ਾਦੀ' ਨੂੰ 'ਹਕੀਕੀ ਆਜ਼ਾਦੀ' ਵਿਚ ਬਦਲਣ ਲਈ ਹੰਭਲਾ ਮਾਰਿਆ। ਕਾਮਰੇਡਾਂ ਨੇ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਦਿੱਤੀਆਂ। ਗੱਲ ਬਣੀ ਨਾ। ਸੋਵੀਅਤ ਰੂਸ ਵਿਚ ਖਰੁਸ਼ਚੋਵ ਦੇ ਤਾਕਤ ਵਿਚ ਆਉਣ ਨਾਲ ਕੌਮਾਂਤਰੀ ਹਾਲਾਤ ਵੀ ਤੇਜ਼ੀ ਨਾਲ ਬਦਲ ਗਈ। ਨਤੀਜੇ ਵਜੋਂ ਪਾਰਟੀ ਨੇ ਅੱਗੇ ਕੋਈ ਰਾਹ-ਖਹਿੜਾ ਨਾ ਬਣਦਾ ਵੇਖ ਕੇ ਜਲਦੀ ਹੀ ਆਪਣੀ ਲਾਈਨ ਬਦਲ ਲਈ।

1947 ਤੋਂ ਲੈ ਕੇ ਸਾਲ 1967 ਤੱਕ ਕਮਿਊਨਿਸਟ ਸਫਾਂ ਵਿਚ ਕੀ ਕੁਝ ਵਾਪਰਿਆ ਕੌਣ ਗਲਤ ਸੀ ਤੇ ਕੌਣ ਠੀਕ, ਇਸ ਦੇ ਵਿਸਥਾਰ ਵਿਚ ਜਾਣ ਦੀ ਇਥੇ ਲੋੜ ਨਹੀਂ। ਭਾਰਤ ਵਿਚ 1952 ਦੀਆਂ ਆਮ ਚੋਣਾਂ ਦੇ ਨਾਲ ਹੀ ਕਮਿਊਨਿਸਟਾਂ ਦੀ ਲੀਡਰਸ਼ਿਪ ਨੇ ਨਵੇਂ ਕੌਮੀ ਅਤੇ ਕੌਮਾਂਤਰੀ ਹਾਲਾਤ ਵਿਚ ਤਾਕਤਾਂ ਦੇ ਤੋਲ ਨੂੰ ਨਿਰਖ-ਪਰਖ ਕੇ ਪ੍ਰਚੰਡ ਘੋਲਾਂ ਦਾ ਰਸਤਾ ਤਿਆਗ ਦਿੱਤਾ; ਪਰ ਪੰਜਾਬ ਵਿਚ ਕਾਮਰੇਡ ਦੇਵਾ ਸਿੰਘ ਮਾਹਲਾ, ਬਾਬਾ ਬੂਝਾ ਸਿੰਘ ਅਤੇ ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ ਅਜਿਹੇ ਕਾਮਰੇਡਾਂ ਦੀ ਗਿਣਤੀ ਅਜੇ ਵੀ ਬਥੇਰੀ ਸੀ ਜਿਨ੍ਹਾਂ ਨੇ ਪਲ ਭਰ ਲਈ ਵੀ ਦਿਲੋਂ-ਮਨੋਂ ਨਵੀਂ ਲਾਈਨ ਸਵੀਕਾਰ ਕੀਤੀ ਨਹੀਂ ਸੀ। 1967-68 'ਚ ਇਨਕਲਾਬੀ ਉਭਾਰ ਸ਼ੁਰੂ ਹੁੰਦਿਆਂ ਹੀ ਕਾਮਰੇਡ ਚਾਰੂ ਮਜੂਮਦਾਰ ਦੇ ਸੱਦੇ ਅਤੇ ਆਜ਼ਾਦੀ ਦੇ ਸੁਪਨੇ ਨੂੰ ਹਕੀਕਤ ਵਿਚ ਉਤਾਰਨ ਲਈ ਹਥਿਆਰਬੰਦ ਇਨਕਲਾਬ ਸ਼ੁਰੂ ਕਰਨ ਲਈ ਇਸ ਕਿਸਮ ਦੀ ਸੋਚ ਨੇ ਮੁੜ ਸਾਹਮਣੇ ਆ ਜਾਣਾ ਸੀ। ਅਸਲ ਵਿਚ ਕਾਮਰੇਡ ਚਾਰੂ ਉਹੋ ਕੁਝ ਕਰਨ ਜਾ ਰਿਹਾ ਸੀ ਜਿਸ ਦੀ ਸਾਡੇ ਇਹ ਬਜ਼ੁਰਗ ਉਸ ਨਾਲੋਂ ਵੀ ਵਧੇਰੇ ਸ਼ਿੱਦਤ ਨਾਲ ਤਾਂਘ ਕਰ ਰਹੇ ਸਨ। ਕਾਮਰੇਡ ਚਾਰੂ ਮਜੂਮਦਾਰ ਪੱਛਮੀ ਬੰਗਾਲ ਵਿਚ ਮਾਰਕਸੀ ਕਮਿਊਨਿਸਟ ਪਾਰਟੀ ਦੀ ਦਾਰਜੀਲਿੰਗ ਜ਼ਿਲ੍ਹਾ ਇਕਾਈ ਦੇ ਆਗੂ ਸਨ ਅਤੇ ਇਸੇ ਤਰ੍ਹਾਂ ਦੀ ਤੱਤੀ ਸੋਚ ਵਾਲੇ ਕਾਮਰੇਡਾਂ ਦੀ ਨੁਮਾਇੰਦਗੀ ਕਰ ਰਹੇ ਸਨ। ਉਨ੍ਹਾਂ ਨੂੰ ਸਰੋਜ ਦੱਤਾ, ਸੋਰਿਨ ਬੋਸ ਅਤੇ ਸੁਨੀਤੀ ਘੋਸ਼ ਵਰਗੇ ਪੱਛਮੀ ਬੰਗਾਲ ਦੇ ਚੋਟੀ ਦੇ ਖੱਬੇ ਪੱਖੀ ਬੁੱਧੀਜੀਵੀਆਂ ਤੇ ਸੰਗਰਾਮੀਆਂ ਦੀ ਹਮਾਇਤ ਹਾਸਲ ਸੀ।

ਪੱਛਮੀ ਬੰਗਾਲ ਵਿਚ ਖੱਬੇ ਪੱਖੀ ਸਰਕਾਰ ਬਣਨ ਦੇ 2-4 ਦਿਨ ਬਾਅਦ, ਯਾਨਿ ਮਾਰਚ 1967 ਦੇ ਸ਼ੁਰੂ ਵਿਚ ਹੀ ਕਾਮਰੇਡ ਚਾਰੂ ਦੀ ਪ੍ਰੇਰਨਾ ਹੇਠ ਨਕਸਲਬਾੜੀ ਬਲਾਕ ਏਰੀਏ ਦੇ ਆਦਿਵਾਸੀ ਕਿਸਾਨਾਂ ਨੇ ਪਾਰਟੀ ਦੇ ਜ਼ਰਈ ਪ੍ਰੋਗਰਾਮ ਨੂੰ ਅਮਲੀ ਰੂਪ ਵਿਚ ਲਾਗੂ ਕਰਵਾਉਣ ਲਈ ਬਗਾਵਤ ਦਾ ਝੰਡਾ ਬੁਲੰਦ ਕਰਨਾ ਸ਼ੁਰੂ ਕਰ ਦਿੱਤਾ। ਇਸ ਵਰਤਾਰੇ ਦਾ ਨਾਜ਼ੁਕ ਮੋੜ 23 ਮਈ ਨੂੰ ਸੋਨਮ ਵਾਂਗੜੀ ਨਾਂ ਦੇ ਇਕ ਪੁਲਿਸ ਮੁਲਾਜ਼ਮ ਦੇ ਬਾਗੀ ਕਿਸਾਨਾਂ ਹੱਥੋਂ ਮਾਰੇ ਜਾਣ ਨਾਲ ਆਇਆ। 24 ਮਈ, 1967 ਨੂੰ ਪੁਲਿਸ ਨੇ ਦੋਸ਼ੀਆਂ ਨੂੰ ਫੜਨ ਲਈ ਪਿੰਡ ਦੇ ਝੁੱਗੀਆਂ-ਝੌਂਪੜੀਆਂ ਵਾਲੇ ਖੇਤਰ ਨੂੰ ਘੇਰਾ ਪਾ ਕੇ ਜਦੋਂ ਤਲਾਸ਼ੀਆਂ ਦਾ ਕੰਮ ਸ਼ੁਰੂ ਕੀਤਾ ਤਾਂ ਪਿੰਡ ਦੀਆਂ ਔਰਤਾਂ ਨੇ ਸੁਰੱਖਿਆ ਮੁਲਾਜ਼ਮਾਂ ਉਪਰ ਜ਼ਬਰਦਸਤ ਪਥਰਾਓ ਸ਼ੁਰੂ ਕਰ ਦਿੱਤਾ। ਐਸ.ਡੀ.ਐਮ. ਨੇ ਘਬਰਾ ਕੇ ਗੋਲੀ ਚਲਾਉਣ ਦਾ ਆਦੇਸ਼ ਦੇ ਦਿੱਤਾ। 10 ਲੋਕ ਮਾਰੇ ਗਏ ਜਿਨ੍ਹਾਂ ਵਿਚ 6 ਔਰਤਾਂ ਸ਼ਾਮਲ ਸਨ। ਇਸ ਘਟਨਾ ਦੇ ਨਾਲ ਹੀ ਲਾਈਨਾਂ ਖਿੱਚੀਆਂ ਗਈਆਂ ਅਤੇ ਭਾਰਤ ਵਿਚ ਇਨਕਲਾਬੀ ਘੋਲਾਂ ਦੇ ਇਤਿਹਾਸ ਵਿਚ ਨਵੇਂ ਕਾਂਡ ਦੀ ਸ਼ੁਰੂਆਤ ਹੋ ਗਈ।

ਕਾਮਰੇਡ ਹਰੇ ਕ੍ਰਿਸ਼ਨ ਕੋਨਾਰ ਜੋ ਆਪਣੀ ਜਵਾਨੀ ਦੇ ਦਿਨਾਂ 'ਚ ਬੜੇ ਹੀ ਜੁਝਾਰੂ ਕਮਿਊਨਿਸਟ ਮੰਨੇ ਜਾਂਦੇ ਰਹੇ ਸਨ, 17 ਮਈ ਨੂੰ ਹੀ



*ਇਨਕਲਾਬ ਦੀ ਧੂਣੀ ਮਘਾਉਣ ਵਾਲਾ ਚਾਰੂ ਮਜੂਮਦਾਰ*

ਨਕਸਲਬਾੜੀ ਏਰੀਏ ਵਿਚ ਪਹੁੰਚ ਗਏ ਅਤੇ ਕਾਨੂੰ ਸਨਿਆਲ ਤੇ ਜੰਗਲ ਸੰਥਾਲ ਨਾਲ ਸੰਪਰਕ ਕਰ ਕੇ ਹਾਲਾਤ ਨੂੰ ਹੱਥੋਂ ਨਿਕਲ ਜਾਣ ਤੋਂ ਬਚਾਉਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਪਰ ਉਸ ਦੀ ਕੋਈ ਪੇਸ਼ ਨਾ ਗਈ। ਹਾਰ ਹੰਭ ਕੇ ਮਾਰਕਸੀ ਪਾਰਟੀ ਦੀ ਪੱਛਮੀ ਬੰਗਾਲ ਕਮੇਟੀ ਨੇ ਚਾਰੂ ਮਜੂਮਦਾਰ, ਕਾਨੂੰ ਸਨਿਆਲ ਦੇ ਨਾਲ ਹੀ ਸੁਸ਼ੀਤਲ ਰਾਏ ਚੌਧਰੀ, ਸੋਰਿਨ ਬੋਸ, ਪ੍ਰੀਮਲ ਦਾਸ ਗੁਪਤਾ, ਅਮਿਤ ਸੇਨ ਅਤੇ ਸਰੋਜ ਦੱਤਾ ਸਮੇਤ ਕਈ ਆਗੂਆਂ ਨੂੰ ਪਾਰਟੀ ਦੀ ਮੁਢਲੀ ਮੈਂਬਰੀ ਤੋਂ ਖਾਰਜ ਕਰ ਦਿੱਤਾ। 28 ਜੂਨ 1967 ਨੂੰ ਮਾਰਕਸੀ ਪਾਰਟੀ ਦੇ ਕੁਝ ਵਫਾਦਾਰ ਕਾਰਕੁਨਾਂ ਨੇ ਪਾਰਟੀ ਅਖਬਾਰ 'ਦੇਸ਼ ਹਿਤੈਸ਼ੀ' ਦੇ ਦੋਵਾਂ ਸੰਪਾਦਕਾਂ-ਸੁਸ਼ੀਤਲ ਰਾਏ ਚੌਧਰੀ ਅਤੇ ਸਰੋਜ ਦੱਤ, ਨੂੰ ਜ਼ਬਰਦਸਤੀ ਖਦੇੜ ਕੇ ਦਫਤਰ ਉਪਰ ਆਪਣਾ ਕਬਜ਼ਾ ਕਰ ਲਿਆ।

ਇਸ ਤੋਂ ਜਲਦੀ ਬਾਅਦ ਇਨ੍ਹਾਂ ਨੇਤਾਵਾਂ ਨੇ ਦੇਸ਼ ਭਰ ਵਿਚ ਆਪਣੇ ਵਿਚਾਰਾਂ ਨਾਲ ਸਹਿਮਤ ਹੋਰ ਆਗੂਆਂ ਨੂੰ ਨਾਲ ਲੈ ਕੇ ਇਨਕਲਾਬੀ ਕਮਿਊਨਿਸਟਾਂ ਦੀ ਤਾਲਮੇਲ ਕਮੇਟੀ ਬਣਾ ਲਈ। ਅਗਲੇ 4-5 ਵਰ੍ਹਿਆਂ ਦੌਰਾਨ ਜਗੀਰਦਾਰਾਂ ਅਤੇ ਜੋਤੇਦਾਰਾਂ ਵਿਰੁਧ ਨਕਸਲੀ ਪੈਟਰਨ 'ਤੇ ਸ੍ਰੀਕਾਕੁਲਮ, ਗੋਪੀਵੱਲਭਪੁਰ, ਏਬਰਾ, ਬੀਰਭੂਮ ਅਤੇ ਤਰਾਈ ਖੇਤਰ ਵਿਚ ਕਈ ਹੋਰ ਥਾਂਵਾਂ ਉਤੇ ਵੀ ਹਥਿਆਰਬੰਦ ਟੱਕਰਾਂ ਹੁੰਦੀਆਂ ਰਹੀਆਂ। ਇਨ੍ਹਾਂ ਹਿੰਸਕ ਝੜਪਾਂ ਦੌਰਾਨ ਸ਼ੁਰੂ ਸ਼ੁਰੂ ਵਿਚ ਤਾਂ ਕੁਝ ਪੁਲਿਸ ਮੁਲਾਜ਼ਮ ਅਤੇ ਜਗੀਰਦਾਰ ਮਰੇ, ਪਰ ਜਲਦੀ ਹੀ ਕਾਮਰੇਡਾਂ ਦਾ ਨੁਕਸਾਨ ਵੱਧ ਹੋਣਾ ਸ਼ੁਰੂ ਹੋ ਗਿਆ। ਕਾਮਰੇਡ ਚਾਰੂ ਦਾ ਰਾਹ ਠੀਕ ਸੀ ਜਾਂ ਗਲਤ, ਕਮਿਊਨਿਸਟ ਅੰਦੋਲਨ ਨੂੰ ਇਸ ਦਾ ਨਫਾ ਕਿੰਨਾ ਹੋਇਆ ਅਤੇ ਨੁਕਸਾਨ ਕਿੰਨਾ; ਇਹ ਸਭ ਖੁੱਲ੍ਹੀ ਬਹਿਸ ਦਾ ਵਿਸ਼ਾ ਹੈ। ਚਾਰੂ ਅਤੇ ਉਨ੍ਹਾਂ ਦੇ ਸਾਥੀਆਂ ਦੀ ਗਰਮ ਸੋਚ ਅਤੇ ਢੰਗ ਤਰੀਕਿਆਂ ਨਾਲ ਕਿਸੇ ਦੀ ਸਹਿਮਤੀ ਹੋਵੇ ਜਾਂ ਨਾ; ਇਸ ਵਿਚ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਦੇ ਆਦਰਸ਼ ਸਹੀ ਸਨ। ਉਨ੍ਹਾਂ ਦਾ ਗੁੱਸਾ ਵੀ ਜਾਇਜ਼ ਸੀ। ਉਹ ਭਾਰਤੀ ਅਜਾਦੀ ਘੁਲਾਟੀਆਂ ਦੇ ਉਸੇ ਖੁਆਬ ਨੂੰ ਹਕੀਕਤ ਵਿਚ ਉਤਾਰਨ ਲਈ ਮੈਦਾਨ ਵਿਚ ਉਤਰੇ ਸਨ ਜੋ ਉਨ੍ਹਾਂ ਤੋਂ 2000 ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਸਪਾਰਟਕਸ ਨੇ ਵੀ ਲਿਆ ਸੀ, ਜਿਸ ਦੀ ਤਾਈਦ ਈਸਾ ਅਤੇ ਮੁਹੰਮਦ ਸਮੇਤ ਦੁਨੀਆਂ ਦੇ ਹਰ ਧਾਰਮਿਕ ਰਹਿਬਰ ਨੇ ਕੀਤੀ ਸੀ ਅਤੇ ਜਿਸ ਨੂੰ ਜਾਇਜ਼ ਦਰਸਾਉਣ ਲਈ 19ਵੀਂ ਸਦੀ ਦੇ ਮਹਾਂ ਪੈਗੰਬਰ ਕਾਰਲ ਮਾਰਕਸ ਨੇ 'ਪੂੰਜੀ' ਨਾਂ ਦੀ ਸ਼ਾਹਕਾਰ ਪੁਸਤਕ ਲਿਖੀ ਸੀ।

ਸਪਾਰਟਕਸ ਦੀ ਰੂਹ ਅਤੇ ਕਾਰਲ ਮਾਰਕਸ ਵਿਚਾਲੇ ਬੜਾ ਹੀ ਨੇੜਲਾ ਰਿਸ਼ਤਾ ਹੈ। ਇਸ ਗੱਲ ਦਾ ਪਤਾ ਮਾਰਕਸ ਦੇ ਮੁੱਢਲੇ ਪੈਰੋਕਾਰਾਂ ਵਿਚੋਂ ਫਰਾਂਜ਼ ਮ੍ਰੇਰਿੰਗ ਦੀ ਲਿਖੀ ਉਸ ਦੀ ਪਹਿਲੀ ਜੀਵਨ ਕਹਾਣੀ ਵਿਚ ਬੜੀ ਚੰਗੀ ਤਰ੍ਹਾਂ ਲੱਗ ਜਾਂਦਾ ਹੈ; ਪਰ ਜੋ ਕਹਾਣੀ ਪਿੱਛੇ ਜਿਹੇ ਮੇਰੀ ਗੈਬਰੀਲ ਨੇ ਕਾਰਲ ਮਾਰਕਸ ਦੇ ਸਿਰੜ, ਆਦਰਸ਼ਾਂ ਅਤੇ ਪੂਰੇ ਪਰਿਵਾਰ ਦੇ ਮਹਾਨ ਦੁਖਾਂਤ ਬਾਰੇ 'ਲਵ ਐਂਡ ਕੈਪੀਟਲ' ਨਾਂ ਦੀ ਆਪਣੀ ਵੱਡ ਅਕਾਰੀ ਪੁਸਤਕ ਦੀ ਰਚਨਾ ਕਰ ਕੇ ਸੁਣਾਈ ਹੈ, ਉਹ ਕਮਾਲ ਹੈ। ਪੜ੍ਹਦਿਆਂ-ਪੜ੍ਹਦਿਆਂ ਆਦਮੀ ਦੀ ਰੂਹ ਸਰਸ਼ਾਰ ਹੋ ਜਾਂਦੀ ਹੈ। 6 ਕੁ ਮਹੀਨੇ ਪਹਿਲਾਂ ਆਪਣੇ ਮੁੱਢਲੇ ਦਿਨਾਂ ਦੇ ਸਭ ਤੋਂ ਨੇੜਲੇ ਮਿੱਤਰ ਕੰਵਲ ਦੇ ਹੱਥ ਕਿਤਾਬ ਦੀ ਕਾਪੀ ਦਿੰਦਿਆਂ ਮੈਂ ਉਸ ਨੂੰ ਯਾਦ ਰੱਖਣ ਲਈ ਆਖਿਆ ਕਿ ਇਹ ਕੋਹਿਨੂਰ ਹੀਰੇ ਨਾਲੋਂ ਵੀ ਕੀਮਤੀ ਸੌਗਾਤ ਸੀ ਜੋ ਕਿਸੇ ਨੂੰ ਦਿੱਤੀ ਜਾ ਸਕਦੀ ਸੀ। ਇਹ ਬੇਲੋੜਾ ਵੇਰਵਾ ਮੈਂ ਇਸ ਲਈ ਦਿੱਤਾ ਹੈ ਕਿ ਸ਼ਾਇਦ ਕੋਈ ਹੋਰ ਸੱਜਣ ਵੀ 'ਲਵ ਐਂਡ ਕੈਪੀਟਲ' ਪੜ੍ਹਨ ਲਈ ਪ੍ਰੇਰਿਤ ਹੋ ਜਾਵੇ। ਇਹ ਕਿਤਾਬ ਪੜ੍ਹਦਿਆਂ ਕਾਰਲ ਮਾਰਕਸ ਪ੍ਰੋਮੀਥੀਅਸ ਜਾਂ ਸਪਾਰਟਕਸ ਦਾ ਹੀ ਸਾਖਸ਼ਾਤ ਰੂਪ ਨਜ਼ਰ ਆਉਣ ਲਗ ਜਾਂਦਾ ਹੈ।

ਅਸੀਂ ਕਹਾਣੀ ਕਾਮਰੇਡ ਚਾਰੂ ਅਤੇ ਉਸ ਦੇ ਸਾਥੀਆਂ ਦੀ ਪਾ ਰਹੇ ਸਾਂ। ਕਮਰੇਡ ਚਾਰੂ ਪੰਜਾਬ ਵਿਚ ਨਕਸਲੀ ਲਹਿਰ ਦੇ ਆਗੂ ਕਾਮਰੇਡ ਹਾਕਮ ਸਿੰਘ ਸਮਾਓਂ ਵਾਂਗ ਹੀ ਚੰਗੇ ਗੁਜ਼ਾਰੇ ਵਾਲੇ ਪਿਤਾ ਦਾ ਪੁੱਤਰ ਸੀ। ਉਹ ਦਾਰਜੀਲਿੰਗ ਜ਼ਿਲ੍ਹੇ 'ਚ ਸਿਲੀਗੁੜੀ ਦੇ ਤਕੜੇ ਰਸੂਖ ਵਾਲੇ ਜਗੀਰਦਾਰ ਪਰਿਵਾਰ ਵਿਚ 1918 ਵਿਚ ਪੈਦਾ ਹੋਏ। ਸਿਲੀਗੁੜੀ ਬੁਆਇਜ਼ ਸਕੂਲ ਤੋਂ 10ਵੀਂ ਪਾਸ ਕਰ ਕੇ ਅਗਲੀ ਪੜ੍ਹਾਈ ਉਨ੍ਹਾਂ ਐਡਵਰਡ ਕਾਲਜ ਪਾਬਲਾ ਤੋਂ ਕੀਤੀ। ਅੰਗਰੇਜ਼ੀ ਗੁਲਾਮੀ ਦੇ ਨਾਲ ਨਾਲ ਉਦੋਂ ਜਗੀਰਦਾਰੀ ਪ੍ਰਥਾ ਆਪਣੇ ਪੂਰਨ ਵਿਕਰਾਲ ਰੂਪ ਵਿਚ ਸਮਾਜ 'ਤੇ ਹਾਵੀ ਸੀ। ਕਾਲਜ ਦੇ ਦਿਨਾਂ ਵਿਚ ਹੀ ਅਮੀਰਾਂ ਦੇ ਗਰੀਬਾਂ ਉਪਰ ਅਣਮਨੁੱਖੀ ਅਤਿਆਚਾਰਾਂ ਨੂੰ ਵੇਖ ਕੇ ਚਾਰੂ ਦਾ ਮਨ ਆਮ ਕਰੀਅਰ ਅਪਣਾਉਣ ਤੋਂ ਉਪਰਾਮ ਹੋ ਗਿਆ। ਪੜ੍ਹਾਈ ਦਾ ਚੱਕਰ ਵਿਚਾਲੇ ਹੀ ਛੱਡ ਕੇ 1938 'ਚ ਉਸ ਨੇ ਉਸ ਸਮੇਂ ਗੈਰ-ਕਨੂੰਨੀ ਕਰਾਰ ਦਿੱਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਕੇ ਕਿਸਾਨ ਫਰੰਟ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਲਦੀ ਹੀ ਜਲਪਾਏਗੁੜੀ ਜ਼ਿਲ੍ਹੇ ਦੇ ਤੇਭਾਗਾ ਅੰਦੋਲਨ ਵਿਚ ਉਨ੍ਹਾਂ ਦਾ ਨਾਂ ਬੱਚੇ-ਬੱਚੇ ਦੀ ਜ਼ੁਬਾਨ 'ਤੇ ਸੀ। 1949 'ਚ ਕਮਿਊਨਿਸਟ ਪਾਰਟੀ ਦੇ ਰੰਧੀਵੇ ਦੌਰ ਵਿਚ ਉਹ ਫੜ੍ਹੇ ਗਏ ਅਤੇ ਅਗਲੇ 3-4 ਸਾਲ ਜੇਲ੍ਹ ਵਿਚ ਨਜ਼ਰਬੰਦ ਰਹੇ। 1964 ਵਿਚ ਪਾਰਟੀ ਦੇ ਦੋਫਾੜ ਹੋਣ 'ਤੇ ਉਹ ਮਾਰਕਸੀ ਪਾਰਟੀ ਵਿਚ ਚਲੇ ਗਏ, ਪਰ ਉਨ੍ਹਾਂ ਦਾ ਸਮਾਜਕ ਤਬਦੀਲੀ ਲਈ ਕਾਹਲਾ ਪਿਆ ਮਨ ਬਹੁਤ ਜਲਦੀ ਦੀ ਮਾਰਕਸੀ ਪਾਰਟੀ ਦੀਆਂ ਸੀਮਾਵਾਂ ਨੂੰ ਤਾੜ ਗਿਆ ਅਤੇ ਨਕਸਲਬਾੜੀ ਵਰਤਾਰੇ ਤੋਂ ਕਾਫੀ




*'ਲਵ ਐਂਡ ਕੈਪੀਟਲ' ਕਿਤਾਬ ਦਾ ਟਾਈਟਲ*

ਪਹਿਲਾਂ 1965 'ਚ ਹੀ ਉਨ੍ਹਾਂ ਨੇ ਮਾਰਕਸੀ ਨੇਤਾਵਾਂ ਨੂੰ ਉਨ੍ਹਾਂ ਦੀ ਸੋਧਵਾਦੀ ਸਿਆਸਤ ਤੋਂ ਸਾਵਧਾਨ ਕਰਨ ਲਈ ਖੁੱਲ੍ਹੀ ਚਿੱਠੀ ਲਿਖ ਦਿੱਤੀ। ਪਾਰਟੀ ਵਿਚੋਂ ਕੱਢੇ ਜਾਣ ਤੇ ਉਨ੍ਹਾਂ ਪਹਿਲਾਂ ਸੁਸ਼ੀਤਲ ਰਾਏ ਚੌਧਰੀ, ਸਰੋਜ ਦੱਤਾ ਅਤੇ ਪ੍ਰੋ. ਸੁਨੀਤੀ ਘੋਸ਼ ਵਰਗੇ ਦੰਤਕਥਾਈ ਸਾਥੀਆਂ ਨਾਲ ਮਿਲ ਕੇ ਇਨਕਲਾਬੀਆਂ ਦੀ ਤਾਲਮੇਲ ਕਮੇਟੀ ਬਣਾਈ ਅਤੇ ਫਿਰ ਪਹਿਲੀ ਮਈ, 1969 ਨੂੰ ਸੀ.ਪੀ.ਆਈ.(ਐਮ.ਐਲ.) ਕਾਇਮ ਕਰ ਦਿੱਤੀ। ਸਾਲ 1970-71 ਦੇ ਪਹਿਲੇ ਅੱਧ ਦੌਰਾਨ ਕਾਮਰੇਡ ਚਾਰੂ ਦੇ ਨੌਜਵਾਨ ਪੈਰੋਕਾਰਾਂ ਨੇ ਬੰਗਾਲ ਦੇ ਕਈ ਖੇਤਰਾਂ ਖਾਸ ਕਰ ਕੇ ਕਲੱਕਤੇ ਸ਼ਹਿਰ ਹਾਕਮ ਧਿਰਾਂ ਦੀ ਨੀਂਦ ਉਡਾਈ ਰੱਖੀ, ਪਰ 1971 ਦੇ ਸ਼ੁਰੂ ਤੋਂ ਹੀ ਅੰਦੋਲਨ ਇਕ ਤਰ੍ਹਾਂ ਨਾਲ ਬੁਰੀ ਤਰ੍ਹਾਂ ਭਟਕ ਗਿਆ ਅਤੇ ਪੱਛਮੀ ਬੰਗਾਲ ਦੇ ਦਿਹਾਤੀ ਖੇਤਰਾਂ ਨੂੰ ਛੱਡ ਕੇ ਕਲੱਕਤਾ ਸ਼ਹਿਰ ਵਿਚ ਕੇਂਦ੍ਰਿਤ ਹੋ ਗਿਆ। ਇਸ ਦੌਰ ਵਿਚ ਗੁਸੈਲ ਨੌਜਵਾਨਾਂ ਨੇ ਕਿਸਾਨੀ ਖੇਤਰਾਂ ਵਿਚ ਹਥਿਆਰਬੰਦ ਘੋਲ ਨੂੰ ਛੱਡ ਕੇ ਚੀਨ ਦੇ ਸਭਿਆਚਾਰਕ ਇਨਕਲਾਬ ਦੀ ਮਿੱਥ ਤੋਂ ਪ੍ਰੇਰਿਤ ਹੋ ਕੇ ਬੁਰਜ਼ੁਆ ਨਿਜ਼ਾਮ ਦੇ ਚਿੰਨ੍ਹ ਸਮਝੇ ਜਾਣ ਵਾਲੇ ਸਭ ਅਦਾਰਿਆਂ ਨੂੰ ਇਕੋ ਸਮੇਂ ਹੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਦਾ ਅਸਰ ਰਸੂਖ ਤਾਂ ਬੰਗਾਲੀ ਮਾਨਸਿਕਤਾ 'ਤੇ ਸ਼ੁਰੂ ਤੋਂ ਹੀ ਘੱਟ ਸੀ, ਉਸ ਦੇ ਬੁੱਤਾਂ ਜਾਂ ਪੁਸਤਕਾਂ ਦੀ ਬੇਅਦਬੀ ਤਾਂ ਸ਼ਾਇਦ ਉਥੋਂ ਦੀ ਭੱਦਰ ਜਮਾਤ ਔਖੀ-ਸੌਖੀ ਬਰਦਾਸ਼ਤ ਕਰ ਲੈਂਦੀ, ਨਕਸਲੀ ਨੌਜਵਾਨਾਂ ਨੇ ਰਵਿੰਦਰ ਨਾਥ ਟੈਗੋਰ, ਵਿਵੇਕਾਨੰਦ ਅਤੇ ਬੰਕਿਮ ਚੈਟਰਜੀ ਵਰਗੀਆਂ ਹਸਤੀਆਂ ਨੂੰ ਵੀ ਇਕੋ ਰੱਸੇ ਬੰਨਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਮਾਰਕਸੀ ਕਾਰਕੁਨਾਂ ਨਾਲ ਵੀ ਲਹੂ ਵੀਟਵੀਂ ਭਰਾ-ਮਾਰੂ ਜੰਗ ਵਿੱਢ ਦਿੱਤੀ ਗਈ। ਮਾਰਚ 1971 ਤੋਂ ਲੈ ਕੇ ਅਗਸਤ 1971 ਤੱਕ ਨਕਸਲੀਆਂ ਅਤੇ ਮਾਰਕਸੀ ਵਲੰਟੀਅਰਾਂ ਵਿਚਾਲੇ 123 ਖੂਨੀ ਝੜਪਾਂ ਹੋਈਆਂ ਜਿਨ੍ਹਾਂ ਵਿਚ ਦੋਵਾਂ ਧਿਰਾਂ ਦੇ ਅਨੇਕਾਂ ਕਾਮਰੇਡ ਅਜ਼ਾਈਂ ਮਾਰੇ ਗਏ।

ਇਸ ਮੋੜ 'ਤੇ ਪਹਿਲਾਂ ਸੁਸ਼ੀਤਲ ਰਾਏ ਚੌਧਰੀ ਅਤੇ ਫਿਰ ਆਸ਼ਿਮ ਚੈਟਰਜੀ ਤੇ ਚਾਰੂ ਮਜੂਮਦਾਰ ਦੀ ਲੀਡਰਸ਼ਿਪ ਅਤੇ ਆਮ ਪਾਰਟੀ ਲਾਈਨ ਦੀ ਸਾਰਥਿਕਤਾ ਤੇ ਗੰਭੀਰ ਕਿੰਤੂ ਤਾਂ ਉਠੇ ਪਰ ਕਹਾਣੀ ਹੱਥੋਂ ਨਿਕਲ ਚੁੱਕੀ ਹੋਈ ਸੀ। ਸੁਸ਼ੀਤਲ ਰਾਏ ਚੌਧਰੀ ਨੇ ਨਕਸਲੀ ਵਲੰਟੀਅਰ ਵੱਲੋਂ ਕਲੱਕਤਾ ਮਹਾਂਨਗਰ ਵਿਚ ਸਭਿਆਚਾਰ ਹਸਤੀਆਂ ਦੇ ਬੁੱਤਾਂ ਨੂੰ ਮਿਸਮਾਰ ਕਰਨ ਲਈ ਅਰੰਭੀ ਮੁਹਿੰਮ ਦੇ ਮੁਹਾਣ ਨੂੰ ਠੱਲ੍ਹਣ ਲਈ ਪੂਰੀ ਵਾਹ ਲਾਈ ਪਰ ਉਨ੍ਹਾਂ ਦੀ ਆਵਾਜ਼ ਸੁਣੀ ਨਾ ਜਾ ਸਕੀ।

ਪਾਰਟੀ ਦੀ ਪੱਛਮੀ ਬੰਗਾਲ ਸੂਬਾਈ ਕਮੇਟੀ ਦੀ ਜਨਵਰੀ, 1971 'ਚ ਹੋਈ ਹੰਗਾਮੀ ਮੀਟਿੰਗ ਵਿਚ ਸੁਸ਼ੀਤਲ ਰਾਏ ਚੌਧਰੀ ਦੇ ਇਤਰਾਜ਼ਾਂ ਨੂੰ ਵਿਸਥਾਰ ਰੂਪ ਵਿਚ ਵਿਚਾਰਿਆ ਗਿਆ। ਉਨ੍ਹਾਂ ਨੇ ਬੰਗਾਲੀ ਪੁਨਰ ਜਾਗਰਨ ਕਾਲ ਦੇ ਸਭਿਆਚਾਰਕ ਨੇਤਾਵਾਂ ਦੇ ਚਿੰਨ੍ਹਾਂ ਦੀ ਤੌਹੀਨ ਦੀ ਮੁਖਾਲਫਤ ਦੇ ਨਾਲ-ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਬਾਰੇ ਚਾਰੂ ਦੀ ਲਾਈਨ ਉਪਰ ਵੀ ਕਿੰਤੂ ਉਠਾਏ। ਚੌਧਰੀ ਨੇ ਸਪੱਸ਼ਟ ਕੀਤਾ ਕਿ ਕਿਸ ਪ੍ਰਕਾਰ ਚਾਰੂ ਦੀ ਲਾਈਨ ਦੀ ਸਪਿਰਟ ਇਸੇ ਪ੍ਰਥਾਏ ਚੇਅਰਮੈਨ ਮਾਓ ਦੀ ਸਮਝ ਦੇ ਉਕਾ ਹੀ ਉਲਟ ਜਾ ਰਹੀ ਸੀ। ਉਨ੍ਹਾਂ ਨੇ 1975 ਤੱਕ ਜਾਂਦੇ ਜਾਂਦੇ ਇਨਕਲਾਬੀ ਮੁਹਿੰਮ ਨੂੰ ਸਿਰੇ ਚੜ੍ਹਾ ਦੇਣ ਬਾਰੇ ਕਾਮਰੇਡ ਚਾਰੂ ਦੀ ਪੇਸ਼ੀਨਗੋਈ ਨੂੰ ਵੀ ਰਾਏ ਚੌਧਰੀ ਤੇ ਨਜੂਮੀਆਂ ਵਾਲਾ ਦਾਅਵਾ ਕਰਾਰ ਦਿੱਤਾ, ਪਰ ਉਸ ਸਮੇਂ ਮੀਟਿੰਗ ਵਿਚ ਮਾਹੌਲ ਇੰਨਾ ਜਜ਼ਬਾਤੀ ਸੀ ਕਿ ਕਾਮਰੇਡਾਂ ਨੇ ਸੁਸ਼ੀਤਲ ਰਾਏ ਚੌਧਰੀ ਦੀ ਇਕ ਵੀ ਸਲਾਹ ਜਾਂ ਚਿਤਾਵਨੀ ਮੰਨਣ ਤੋਂ ਨਾਂਹ ਕਰ ਦਿੱਤੀ। ਹਰ ਨਕਸਲੀ ਨੁਮਾਇੰਦੇ ਨੂੰ ਸ਼ੱਕ ਸੀ ਕਿ ਸੁਸ਼ੀਤਲ ਚੌਧਰੀ ਕਿਤੇ ਉਨ੍ਹਾਂ ਨੂੰ ਮੁੜ ਸੋਧਵਾਦ ਦੇ ਖਾਰੇ ਸਮੁੰਦਰ 'ਚ ਹੀ ਨਾ ਲਿਜਾ ਡੋਬੇ।

ਕੁਲ ਮਿਲਾ ਕੇ ਹੋਇਆ ਇਹ ਕਿ ਹਾਕਮ ਧਿਰ ਦੀਆਂ ਪੌਂ-ਬਾਰਾਂ ਹੋ ਗਈਆਂ। ਪੱਛਮੀ ਬੰਗਾਲ ਦਾ ਸਾਰਾ ਮੱਧ ਵਰਗ ਦਿਨਾਂ ਵਿਚ ਹੀ ਨਕਸਲੀ ਆਦਰਸ਼ਵਾਦੀਆਂ ਦੇ ਖਿਲਾਫ ਹੋ ਗਿਆ। ਪਹਿਲਾਂ ਗਵਰਨਰੀ ਰਾਜ ਅਤੇ ਫਿਰ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੇ ਨਕਸਲੀਆਂ ਦਾ ਸਫਾਇਆ ਕਰਨ ਲਈ ਗੁੰਡਾ ਅਨਸਰਾਂ ਨੂੰ ਸ਼ਿਸ਼ਕੇਰ ਕੇ ਉਨ੍ਹਾਂ ਦੇ ਰਜ਼ਾਕਾਰ ਦਸਤੇ ਕਾਇਮ ਕਰ ਦਿੱਤੇ ਅਤੇ ਉਨ੍ਹਾਂ ਗਸ਼ਤੀ ਟੋਲਿਆਂ ਨੇ ਫਿਰ ਨਕਸਲੀ ਵਲੰਟੀਅਰਾਂ ਦਾ ਦਿਨਾਂ ਵਿਚ ਹੀ ਸ਼ਰ੍ਹੇਆਮ ਘਰਾਂ ਅਤੇ ਸੜਕਾਂ ਤੋਂ ਚੁੱਕ-ਚੁੱਕ ਕੇ ਸਫਾਇਆ ਕਰ ਦਿੱਤਾ।

ਅਜੈ ਮੁਖਰਜੀ ਦੀ ਅਗਵਾਈ ਹੇਠਲੀ ਲੋਕ ਜਮਹੂਰੀ ਸਾਂਝੇ ਮੋਰਚੇ ਦੀ ਸਰਕਾਰ ਦੇ ਤਿੰਨ ਮਹੀਨਿਆਂ ਦੌਰਾਨ ਨਕਸਲੀ ਨੌਜਵਾਨਾਂ ਵੱਲੋਂ ਆਰੰਭੇ ਗਏ 'ਸਭਿਆਚਾਰਕ ਇਨਕਲਾਬ' ਦੀਆਂ ਗਤੀਵਿਧੀਆਂ ਪੂਰੇ ਸਿਖਰ 'ਤੇ ਸਨ। ਹਾਲਾਤ ਤੋਂ ਬੇਜ਼ਾਰ ਹੋ ਕੇ ਜੂਨ 1971 ਵਿਚ ਮੁੱਖ ਮੰਤਰੀ ਅਜੈ ਮੁਖਰਜੀ ਨੇ ਹਥਿਆਰ ਸੁੱਟ ਕੇ ਅਸਤੀਫਾ ਦੇ ਦਿੱਤਾ। ਗਵਰਨਰੀ ਰਾਜ ਲਾਗੂ ਹੋਣ ਤੋਂ ਕੇਵਲ ਡੇਢ ਮਹੀਨਾ ਬਾਅਦ ਸਰਕਾਰੀ ਤੰਤਰ ਨੇ ਆਪਣੇ

*(ਬਾਕੀ ਸਫਾ 25 'ਤੇ)*

# ਆਫੀਆ ਸਦੀਕੀ ਦਾ ਜਹਾਦ



*1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।*

ਕਿਸ਼ਤ ਸੋਲ੍ਹਵੀਂ

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ।...ਹੁਣ ਅੱਗੇ ਪੜ੍ਹੋ...*

ਆਫੀਆ ਦਾ ਨਾਂ ਭਾਵੇਂ ਹਰ ਪਾਸੇ ਲੋਪ ਹੋ ਚੁੱਕਾ ਸੀ ਪਰ ਇੱਕ ਅਜਿਹਾ ਇਨਸਾਨ ਵੀ ਸੀ ਜੋ ਹਰ ਵਕਤ ਉਸ ਬਾਰੇ ਸੋਚਦਾ ਸੀ। ਉਹ ਸੀ ਉਸ ਦਾ ਪਹਿਲਾ ਪਤੀ ਅਮਜਦ। ਜਦੋਂ ਹੀ ਕਿਧਰੇ ਖ਼ਬਰ ਆਉਂਦੀ ਕਿ ਆਫੀਆ ਗ੍ਰਿਫਤਾਰ ਹੋ ਗਈ ਤਾਂ ਉਹ ਰਾਤ ਰਾਤ ਭਰ ਸੌਂ ਨਾ ਸਕਦਾ। ਆਫੀਆ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ। ਉਹ ਇਹ ਸੋਚ ਕੇ ਤੜਫਦਾ ਰਹਿੰਦਾ ਕਿ ਇਸ ਵੇਲੇ ਪਤਾ ਨਹੀਂ ਉਸ 'ਤੇ ਕੀ ਬੀਤ ਰਹੀ ਹੋਵੇਗੀ; ਪਰ ਜਦੋਂ ਖ਼ਬਰ ਆ ਜਾਂਦੀ ਕਿ ਨਹੀਂ, ਉਹ ਅਜੇ ਤੱਕ ਕਿਸੇ ਦੀ ਹਿਰਾਸਤ 'ਚ ਨਹੀਂ ਆਈ ਤਾਂ ਉਸ ਨੂੰ ਕੁਝ ਸ਼ਾਂਤੀ ਮਿਲਦੀ। ਉਸ ਦੇ ਆਪਣੇ ਆਪ ਦੇ ਆਫੀਆ ਨਾਲ ਡੂੰਘਾ ਜੁੜੇ ਹੋਣ ਦੇ ਇਲਾਵਾ



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਉਸ ਨੂੰ ਬੱਚਿਆਂ ਦਾ ਬੜਾ ਫਿਕਰ ਰਹਿੰਦਾ ਸੀ। ਉਹ ਸੋਚਦਾ ਕਿ ਉਹ ਜਿਥੇ ਕਿਤੇ ਵੀ ਹੈ, ਰਹੀ ਜਾਵੇ ਪਰ ਪੁਲਿਸ ਦੇ ਹੱਥ ਨਾ ਆਵੇ। ਇਹ ਦਰਦ ਉਸ ਤੋਂ ਝੱਲ ਨਹੀਂ ਹੋਵੇਗਾ ਤੇ ਨਾਲੇ ਉਸ ਦੇ ਬੱਚੇ ਰੁਲ ਜਾਣਗੇ।

ਜਦੋਂ ਉਸ ਨੂੰ ਪਤਾ ਲੱਗਿਆ ਕਿ ਆਫੀਆ ਨਾਲ ਉਸ ਦਾ ਨਾਂ ਵੀ ਐਫ.ਬੀ.ਆਈ. ਨੇ ਇਸ਼ਤਿਹਾਰੀ ਮੁਜਰਮਾਂ ਦੀ ਲਿਸਟ 'ਤੇ ਪਾ ਦਿੱਤਾ ਹੈ ਤਾਂ ਉਸ ਦੇ ਹੋਸ਼ ਉਡ ਗਏ ਕਿਉਂਕਿ ਉਹ ਤਾਂ ਆਪਣੇ ਘਰ ਹੀ ਰਹਿੰਦਾ ਸੀ ਤੇ ਉਸ ਨੇ ਸੋਚਿਆ ਕਿ ਉਸ ਨੂੰ ਤਾਂ ਪੁਲਿਸ ਕਿਸੇ ਵੇਲੇ ਵੀ ਗ੍ਰਿਫਤਾਰ ਕਰ ਸਕਦੀ ਹੈ। ਉਸ ਨੇ ਆਪਣੇ ਪਿਉ ਨਾਲ ਗੱਲ ਕੀਤੀ। ਪਿਉ ਨੇ ਕਿਸੇ ਆਪਣੇ ਦੋਸਤ ਦੀ ਰਾਇ ਲਈ। ਇਹ ਦੋਸਤ ਪਹਿਲਾਂ ਆਈ.ਐਸ.ਆਈ. ਦਾ ਅਫਸਰ ਰਹਿ ਚੁੱਕਾ ਸੀ ਤੇ ਹੁਣ ਰਿਟਾਇਰ ਹੋ ਚੁੱਕਾ ਸੀ। ਇਸੇ ਦੋਸਤ ਦੇ ਉਦਮ ਨਾਲ ਅਮਜਦ ਦੀ ਆਈ.ਐਸ.ਆਈ. ਦੇ ਕਿਸੇ ਅਫਸਰ ਨਾਲ ਮੁਲਾਕਾਤ ਕਰਵਾਈ ਗਈ। ਉਸ ਨੇ ਅਮਜਦ ਤੋਂ ਬਹੁਤ ਸਾਰੇ ਸੁਆਲ ਪੁੱਛੇ। ਅਮਜਦ ਨੇ ਜੋ ਸੱਚ ਸੀ, ਉਹ ਦੱਸ ਦਿੱਤਾ ਕਿ ਜਿਸ ਆਫੀਆ ਨੂੰ ਉਹ ਜਾਣਦਾ ਹੈ, ਉਹ ਇਹੋ ਜਿਹੀ ਨਹੀਂ ਹੈ ਅਤੇ ਹੋ ਸਕਦਾ ਹੈ ਕਿ ਆਫੀਆ ਉਸ ਤੋਂ ਉਹਲਾ ਰੱਖਦੀ ਕੋਈ ਦੂਹਰੀ ਜ਼ਿੰਦਗੀ ਜਿਉ ਰਹੀ ਹੋਵੇ। ਲੰਬੀ ਮੁਲਾਕਾਤ ਤੋਂ ਬਾਅਦ ਅਫਸਰ ਨੇ ਉਸ ਨੂੰ ਫਰੀ ਕਰ ਦਿੱਤਾ। ਆਪਣੇ ਰਿਕਾਰਡ ਵਿਚ ਉਸ ਲਿਖ ਦਿੱਤਾ ਕਿ ਇਸ ਬੰਦੇ ਦੀ ਪੁੱਛ-ਗਿੱਛ ਹੋ ਚੁੱਕੀ ਹੈ ਤੇ ਇਸ ਦਾ ਕਿਸੇ ਬੁਰੇ ਅਨਸਰ ਨਾਲ ਕੋਈ ਸਬੰਧ ਨਹੀਂ ਹੈ। ਹੁਣ ਐਫ.ਬੀ.ਆਈ. ਉਸ ਨੂੰ ਸੌਖਿਆਂ ਈ ਗ੍ਰਿਫਤਾਰ ਨਹੀਂ ਕਰ ਸਕਦੀ ਸੀ; ਖਾਸ ਕਰ ਕੇ ਪਾਕਿਸਤਾਨ ਵਿਚ ਤਾਂ ਬਿਲਕੁਲ ਹੀ ਨਹੀਂ। ਇਸੇ ਦੌਰਾਨ ਅਮਰੀਕਾ ਦੇ ਬਾਲਟੀਮੋਰ ਦਫਤਰ ਤੋਂ ਐਫ.ਬੀ.ਆਈ. ਦਾ ਇੱਕ ਏਜੰਟ ਉਸ ਦੇ ਘਰ ਆ ਪਹੁੰਚਿਆ। ਘਰ ਵਾਲਿਆਂ ਦੇ ਉਸਾਣ ਮਾਰੇ ਗਏ, ਪਰ ਅਮਜਦ ਨੇ ਉਸ ਨੂੰ, ਆਈ.ਐਸ.ਆਈ. ਨਾਲ ਆਪਣੀ ਹੋਈ ਗੱਲਬਾਤ ਬਾਰੇ ਦੱਸਿਆ ਤੇ ਨਾਲ ਹੀ ਗੱਲਬਾਤ ਕਰਨ ਵਾਲੇ ਅਫਸਰ ਦਾ ਨਾਂ-ਪਤਾ ਵਗੈਰਾ ਦੇ ਦਿੱਤਾ। ਉਸ ਵੇਲੇ ਤਾਂ ਉਹ ਏਜੰਟ ਚਲਿਆ ਗਿਆ ਪਰ ਅਗਲੇ ਦਿਨ ਫਿਰ ਆ ਗਿਆ। ਖੈਰ, ਹੁਣ ਉਸ ਨੇ ਦੱਸਿਆ ਕਿ ਉਹ ਸਿਰਫ ਅਮਜਦ ਦੀ ਉਸ ਦੇ ਘਰ 'ਚ ਹੀ ਪੁੱਛ-ਗਿੱਛ ਕਰੇਗਾ। ਲੰਬੀ ਗੱਲਬਾਤ ਤੋਂ ਪਿੱਛੋਂ ਇਸ ਏਜੰਟ ਨੇ ਵੀ ਇਹੀ ਨਤੀਜਾ ਕੱਢਿਆ ਕਿ ਅਮਜਦ ਨੂੰ ਆਫੀਆ ਦੀ ਦੂਹਰੀ ਜ਼ਿੰਦਗੀ ਦਾ ਇਲਮ ਨਹੀਂ ਹੈ। ਉਹ ਵਾਪਸ ਅਮਰੀਕਾ ਮੁੜ ਗਿਆ।

ਆਫੀਆ ਦੀ ਮਾਂ ਕੋਲ ਗਰੀਨ ਕਾਰਡ ਸੀ ਤੇ ਉਹ ਅਮਰੀਕਾ ਜਾ ਸਕਦੀ ਸੀ। ਉਹ ਆਪਣੀ ਧੀ ਨੂੰ ਭਾਲਣ ਲਈ ਅਮਰੀਕਾ ਚੱਲ ਪਈ। ਨਿਊ ਯਾਰਕ ਦੇ ਕਨੇਡੀ ਏਅਰਪੋਰਟ 'ਤੇ ਹੀ ਉਸ ਨੂੰ ਐਫ.ਬੀ.ਆਈ. ਵਗੈਰਾ ਨੇ ਘੇਰ ਲਿਆ, ਪਰ ਉਹ ਡਰੀ ਨਹੀਂ ਤੇ ਉਚੀ ਰੌਲਾ ਪਾਉਂਦਿਆਂ ਚੀਕ-ਚੀਕ ਕੇ ਕਹਿੰਦੀ ਰਹੀ ਕਿ ਤੁਸੀਂ ਹੀ ਮੇਰੀ ਧੀ ਨੂੰ ਕੈਦ ਕੀਤਾ ਹੋਇਆ ਹੈ। ਚਾਰ ਘੰਟਿਆਂ ਪਿੱਛੋਂ ਉਸ ਨੂੰ ਛੱਡਿਆ ਗਿਆ ਤਾਂ ਉਹ ਬਾਹਰ ਉਡੀਕ ਰਹੀ ਫੌਜ਼ੀਆ ਨਾਲ ਉਸ ਦੇ ਘਰ ਚਲੀ ਗਈ। ਦੋ ਕੁ ਦਿਨਾਂ ਬਾਅਦ ਹੀ ਫੌਜ਼ੀਆ ਦੇ ਦਰਵਾਜ਼ੇ 'ਤੇ ਸ਼ੈਰਿਫ ਦਫਤਰ ਦਾ ਅਫਸਰ ਖੜ੍ਹਾ ਸੀ। ਉਸ ਨੇ ਇਸਮਤ ਸਦੀਕੀ ਬਾਰੇ ਪੁੱਛਿਆ, "ਮੈ'ਮ, ਮੈਂ ਇਸਮਤ ਸਦੀਕੀ ਨੂੰ ਮਿਲਣਾ ਚਾਹੁੰਦਾ ਆਂ।"

"ਕਾਹਦੇ ਲਈ?" ਫੌਜ਼ੀਆ ਦੇ ਚਿਹਰੇ 'ਤੇ ਫਿਕਰ ਦੀਆਂ ਲਕੀਰਾਂ ਉਭਰ ਆਈਆਂ।

"ਉਸ ਨੂੰ ਕੋਰਟ ਦਾ ਹੁਕਮ ਐ ਕਿ ਉਹ ਗਰੈਂਡ ਜਿਊਰੀ ਦੇ ਪੇਸ਼ ਹੋਵੇ।"

ਇੰਨੇ ਨੂੰ ਇਸਮਤ ਉਥੇ ਆ ਗਈ। ਉਸ ਨੇ ਦਸਤਖਤ ਕਰ ਕੇ ਕੋਰਟ ਦਾ ਸਫੀਨਾ ਲੈ ਲਿਆ। ਇਸ ਪਿੱਛੋਂ ਦੋਨੋਂ ਮਾਵਾਂ ਧੀਆਂ ਫਿਕਰ 'ਚ ਡੁੱਬ ਗਈਆਂ। ਫੌਜ਼ੀਆ ਨੇ ਆਪਣੇ ਭਰਾ ਨੂੰ ਟੈਕਸਸ 'ਚ ਫੋਨ ਕਰ ਕੇ ਇਸ ਬਾਰੇ ਦੱਸਿਆ। ਉਸ ਨੇ ਵਕੀਲ ਕਰ ਲੈਣ ਦੀ ਸਲਾਹ ਦਿੱਤੀ। ਡਰ ਸੀ ਕਿ ਕਿਧਰੇ ਉਨ੍ਹਾਂ ਦੀ ਮਾਂ ਨੂੰ ਜੇਲ੍ਹ ਵਿਚ ਹੀ ਨਾ ਡੱਕ ਦੇਣ। ਕਿਸੇ ਦੋਸਤ ਨੇ ਬੋਸਟਨ ਦੀ ਮਸ਼ਹੂਰ ਵਕੀਲ, ਸ਼ਾਰਪ ਬਾਰੇ ਦੱਸਿਆ। ਫੌਜ਼ੀਆ ਨੇ ਸ਼ਾਰਪ ਨੂੰ ਫੋਨ ਕੀਤਾ। ਪਹਿਲਾਂ ਤਾਂ ਉਹ ਕੇਸ ਲੈਣ ਤੋਂ ਹਿਚਕਿਚਾਉਂਦੀ ਰਹੀ, ਪਰ ਫਿਰ ਮੰਨ ਗਈ। ਇਸ ਨਾਲ ਮਾਂਵਾਂ-ਧੀਆਂ ਨੂੰ ਬੜੀ ਰਾਹਤ ਮਿਲੀ। ਸ਼ਾਰਪ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਇਸਮਤ ਨੂੰ ਦਿਮਾਗੀ ਤੌਰ 'ਤੇ ਪਰੇਸ਼ਾਨ ਦੱਸ ਕੇ, ਹਾਲ ਦੀ ਘੜੀ ਗਰੈਂਡ ਜਿਊਰੀ ਦੇ ਪੇਸ਼ ਹੋਣ ਤੋਂ ਛੋਟ ਦਿਵਾ ਦਿੱਤੀ। ਇੱਧਰੋਂ ਖਹਿੜਾ ਛੁੱਟਦਿਆਂ ਹੀ ਇਸਮਤ ਆਪਣੇ ਮੁੰਡੇ ਮੁਹੰਮਦ ਕੋਲ ਟੈਕਸਸ ਚਲੀ ਗਈ, ਪਰ ਉਸ ਦੇ ਉਥੇ ਪਹੁੰਚਣ ਦੇ ਅਗਲੇ ਦਿਨ ਸਵੇਰੇ ਹੀ ਐਫ.ਬੀ.ਆਈ. ਵਾਲੇ ਉਸ ਦੇ ਦਰਵਾਜ਼ੇ 'ਤੇ ਵੀ ਆ ਖੜ੍ਹੇ। ਉਹ ਇਸਮਤ ਦੀ ਇੰਟਰਵਿਊ ਕਰਨਾ ਚਾਹ ਰਹੇ ਸਨ। ਮੁਹੰਮਦ ਨੇ ਤੁਰੰਤ ਆਪਣੇ ਲੋਕਲ ਵਕੀਲ ਨੂੰ ਫੋਨ ਕੀਤਾ ਤਾਂ ਵਕੀਲ ਉਸੇ ਵੇਲੇ ਉਸ ਦੇ ਘਰ ਆ ਗਿਆ। ਐਫ.ਬੀ.ਆਈ. ਏਜੰਟ ਨੇ ਇੰਟਰਵਿਊ ਸ਼ੁਰੂ ਕਰਦਿਆਂ ਸੁਆਲ ਕੀਤਾ, "ਮੈ'ਮ ਤੂੰ ਅਮਰੀਕਾ 'ਚ ਕੀ ਕਰਨ ਆਈ ਐਂ?"

"ਮੇਰੇ ਕੋਲ ਗਰੀਨ ਕਾਰਡ ਐ। ਮੈਂ ਜਦੋਂ ਮਰਜ਼ੀ ਇੱਥੇ ਆਵਾਂ-ਜਾਵਾਂ, ਤੁਸੀਂ ਕੌਣ ਹੁੰਨੇ ਓਂ ਮੈਨੂੰ ਪੁੱਛਣ ਵਾਲੇ?" ਇਸਮਤ ਇੱਥੇ ਵੀ ਡਰੀ ਨਾ, ਸਗੋਂ ਡਟ ਕੇ ਉਤਰ ਦੇਣ ਲੱਗੀ।

"ਤੂੰ ਕਦੇ ਉਸਾਮਾ ਬਿਨ-ਲਾਦਿਨ ਨੂੰ ਮਿਲੀ ਐਂ?"

"ਮੈਨੂੰ ਉਸ ਨੂੰ ਮਿਲਣ ਦੀ ਕੋਈ ਲੋੜ ਨ੍ਹੀਂ ਐ। ਨ੍ਹੀਂ ਮੈਂ ਉਸ ਨੂੰ ਨ੍ਹੀਂ ਮਿਲੀ।"

"ਤੇਰੀ ਧੀ ਆਫੀਆ ਕਿੱਥੇ ਐ?"

"ਮੈਂ ਤਾਂ ਖੁਦ ਉਸ ਨੂੰ ਲੱਭਦੀ ਫਿਰਦੀ ਆਂ। ਉਸੇ ਨੂੰ ਭਾਲਦੀ ਮੈਂ ਅਮਰੀਕਾ ਆਈ ਆਂ। ਇਸ ਗੱਲ ਦਾ ਜੁਆਬ ਤੁਸੀਂ ਦੇਵੋ ਕਿ ਤੁਸੀਂ ਆਫੀਆ ਨੂੰ ਕਿੱਥੇ ਕੈਦ ਕਰ ਕੇ ਰੱਖਿਆ ਹੋਇਐ।"

"ਵ੍ਹਟ ਨਾਨਸੈਂਸ। ਅਸੀਂ ਉਸ ਨੂੰ ਨ੍ਹੀਂ ਫੜਿਆ। ਉਹ ਸਾਡੇ ਕਬਜ਼ੇ 'ਚ ਨ੍ਹੀਂ ਐ। ਤੂੰ ਜਾਣ-ਬੁੱਝ ਕੇ ਨ੍ਹੀਂ ਦੱਸ ਰਹੀ। ਤੁਸੀਂ ਮਾਂਵਾਂ-ਧੀਆਂ ਨੇ ਮਿਲ ਕੇ ਅਮਰੀਕਾ ਖਿਲਾਫ ਕੋਈ ਸਾਜ਼ਿਸ਼ ਰਚੀ ਐ। ਉਸੇ ਸਾਜਿਸ਼ ਨੂੰ ਅਮਲੀ ਰੂਪ ਦੇਣ ਤੂੰ ਇੱਥੇ ਆਈ ਐਂ।"

"ਇਹ ਸਭ ਬਕਵਾਸ ਐ। ਤੁਸੀਂ ਮੇਰੀ ਧੀ ਨੂੰ ਕਿਧਰੇ ਖਪਾ ਦਿੱਤਾ ਐ। ਦੱਸੋ ਕਿੱਥੇ ਐ ਮੇਰੀ ਧੀ?" ਉਹ ਉਚੀ ਬੋਲਣ ਲੱਗੀ।

"ਮੈ'ਮ ਤੂੰ ਸਾਡੀ ਇੰਟਰਵਿਊ ਨ੍ਹੀਂ ਕਰ ਰਹੀ, ਸਗੋਂ ਅਸੀਂ ਤੇਰੀ ਇੰਟਰਵਿਊ ਕਰ ਰਹੇ ਆਂ। ਇਸ ਕਰ ਕੇ ਤੈਨੂੰ ਸਾਡੇ ਸੁਆਲਾਂ ਦੇ ਉਤਰ ਤਾਂ ਈ ਦੇਣੇ ਪੈਣਗੇ। ਤੂੰ ਦੱਸ ਬਈ ਖਾਲਿਦ ਸ਼ੇਖ ਮੁਹੰਮਦ (ਕੇ.ਐਸ.ਐਮ.) ਬਾਰੇ ਤੂੰ ਕੀ ਜਾਣਦੀ ਐਂ? ਮਜੀਦ ਖਾਨ ਤੇਰਾ ਕੀ ਲੱਗਦਾ ਐ? ਉਸ ਨੇ ਕੀ ਸਕੀਮਾਂ ਬਣਾਈਆਂ ਸਨ? ਤੇਰੀ ਧੀ ਆਫੀਆ ਨੇ ਉਸ ਦੇ ਲਈ ਪੋਸਟ ਆਫਿਸ ਬਾਕਸ ਕਿਰਾਏ 'ਤੇ ਕਿਉਂ ਲੈ ਕੇ ਦਿੱਤਾ ਸੀ?"

"ਤੁਸੀਂ ਸਭ ਝੂਠੇ ਓਂ। ਮੈਂ ਨ੍ਹੀਂ ਕਿਸੇ ਵੀ ਗੱਲ ਦਾ ਉਤਰ ਦੇਣਾ। ਜਾਹ ਕਰ ਲਉ ਜੋ ਕਰਨਾ ਐਂ।"

"ਉਤਰ ਤਾਂ ਮੈ'ਮ ਤੈਨੂੰ ਦੇਣੇ ਈ ਪੈਣਗੇ।"

ਇੰਨਾ ਕਹਿੰਦਿਆਂ ਐਫ.ਬੀ.ਆਈ. ਦੇ ਏਜੰਟ ਉਠ ਖੜ੍ਹੇ ਹੋਏ। ਉਨ੍ਹਾਂ ਨੂੰ ਵਕੀਲ ਨੇ ਕਿਹਾ ਕਿ ਤੁਸੀਂ ਵੇਖ ਹੀ ਰਹੇ ਓਂ ਕਿ ਇਸ ਔਰਤ ਦਾ ਦਿਮਾਗ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ। ਆਪਣੀ ਧੀ ਦੇ ਗਮ ਵਿਚ ਇਹ ਬੇਜ਼ਾਰ ਹੋ ਚੁੱਕੀ ਹੈ। ਇਸ ਨੂੰ ਇਲਾਜ ਦੀ ਜ਼ਰੂਰਤ ਹੈ, ਪਰ ਐਫ.ਬੀ.ਆਈ. ਵਾਲੇ ਉਸ ਦੀ ਗੱਲ ਦਾ ਨੋਟਿਸ ਲਏ ਬਿਨਾਂ ਬਾਹਰ ਨਿਕਲ ਗਏ। ਅਗਲੇ ਦਿਨ ਇੱਥੇ ਵੀ ਕੋਰਟ ਦਾ ਸਫੀਨਾ ਆ ਪਹੁੰਚਿਆ ਕਿ ਇਸਮਤ ਸਦੀਕੀ ਗਰੈਂਡ ਜਿਊਰੀ ਦੇ ਪੇਸ਼ ਹੋਵੇ, ਪਰ ਵਕੀਲ ਨੇ ਇੱਕ ਵਾਰ ਫਿਰ ਉਸ ਦੀ ਬਿਮਾਰੀ ਦਾ ਬਹਾਨਾ ਬਣਾ ਕੇ ਇਹ ਕੰਮ ਟਾਲ ਦਿੱਤਾ।

"ਅੰਮੀ ਮੈਨੂੰ ਲੱਗਦਾ ਐ ਕਿ ਤੈਨੂੰ ਵਾਪਸ ਚਲੇ ਜਾਣਾ ਚਾਹੀਦੈ। ਕਿਤੇ ਇਹ ਨਾ ਹੋਵੇ ਕਿ ਤੂੰ ਇੱਥੇ ਈ ਘਿਰ ਕੇ ਰਹਿ ਜਾਵੇਂ।" ਉਸੇ ਸ਼ਾਮ ਘਰ ਬੈਠਿਆਂ ਫੌਜ਼ੀਆ ਨੇ ਗੱਲ ਛੇੜੀ।

"ਮੇਰੀ ਇੱਕ ਧੀ ਤਾਂ ਗਾਇਬ ਹੋ ਹੀ ਚੁੱਕੀ ਐ, ਮੈਂ ਨ੍ਹੀਂ ਚਾਹੁੰਦੀ ਕਿ ਤੂੰ ਵੀ ਐਫ.ਬੀ.ਆਈ. ਦੇ ਚੱਕਰਾਂ ਵਿਚ ਫਸ ਜਾਵੇਂ। ਤੂੰ ਵੀ ਇੱਥੋਂ ਚਲੀ ਚੱਲ।" ਇਸਮਤ ਨੇ ਫੌਜ਼ੀਆ ਨੂੰ ਕਿਹਾ।

"ਫੌਜ਼ੀਆ ਮੈਂ ਵੀ ਤੈਨੂੰ ਇਹੀ ਸਲਾਹ ਦੇਊਂਗਾ, ਜੋ ਅੰਮੀ ਦੇ ਰਹੀ ਐ।" ਕੋਲ ਬੈਠਾ ਮੁਹੰਮਦ ਬੋਲਿਆ।

"ਵੈਸੇ ਤਾਂ ਭਾਈ ਜਾਨ ਮੇਰੇ ਮਗਰ ਵੀ ਐਫ.ਬੀ.ਆਈ. ਘੁੰਮਦੀ ਰਹਿੰਦੀ ਐ। ਮੇਰੀ ਪਹਿਲਾਂ ਵਾਲੀ ਜਾਬ ਚਲੀ ਗਈ। ਹਰ ਰੋਜ਼ ਹਸਪਤਾਲ ਆ ਪਹੁੰਚਦੇ ਸਨ। ਆਪਣੇ ਰੈਪੂਟੇਸ਼ਨ ਕਰ ਕੇ ਹਸਪਤਾਲ ਵਾਲਿਆਂ ਨੇ ਮੈਨੂੰ ਨੌਕਰੀ ਤੋਂ ਕੱਢ ਦਿੱਤਾ। ਇਸੇ ਗੱਲ ਦੀ ਸਤਾਈ ਮੈਂ ਉਥੋਂ ਦੂਰ ਬਾਲਟੀਮੋਰ ਜਾ ਕੇ ਕਿਸੇ ਦਰਮਿਆਨੀ ਜਿਹੀ ਨੌਕਰੀ 'ਤੇ ਲੱਗੀ ਤਾਂ ਐਫ.ਬੀ.ਆਈ. ਨੇ ਉਥੇ ਵੀ ਮੇਰਾ ਟਿਕਾਣਾ ਲੱਭ ਲਿਆ, ਪਰ ਮੈਂ ਇੱਕ ਗੱਲ ਸੋਚਦੀ ਆਂ।"

"ਉਹ ਕੀ?"

"ਜਦੋਂ ਮੇਰਾ ਕਿਸੇ ਗੱਲ ਨਾਲ ਕੋਈ ਲੈਣਾ ਦੇਣਾ ਈ ਨ੍ਹੀਂ, ਤਾਂ ਮੈਨੂੰ ਕੋਈ ਕੀ ਕਰ ਦਊਗਾ।"

"ਫੌਜ਼ੀਆ ਇਹ ਗੱਲ ਨ੍ਹੀਂ ਐ। ਅਸਲ ਵਿਚ ਤੂੰ ਅਤੇ ਆਫੀਆ ਸ਼ੁਰੂ ਦੇ ਕਾਫੀ ਦਿਨ ਇਕੱਠੀਆਂ ਰਹਿੰਦੀਆਂ ਰਹੀਆਂ ਓਂ। ਫਿਰ ਤੂੰ ਉਥੇ ਉਸ ਕੋਲ ਬੋਸਟਨ 'ਚ ਵੀ ਰਹੀ। ਇਸੇ ਕਰ ਕੇ ਐਫ.ਬੀ.ਆਈ. ਸੋਚਦੀ ਐ ਕਿ ਤੂੰ ਉਸ ਬਾਰੇ ਬਹੁਤ ਕੁਛ ਜਾਣਦੀ ਹੋਵੇਂਗੀ; ਜਾਂ ਉਹ ਜ਼ਰੂਰ ਤੇਰੇ ਨਾਲ ਰਾਬਤਾ ਕਾਇਮ ਕਰਦੀ ਹੋਊਗੀ।"

"ਭਾਈ ਜਾਨ ਆਫੀਆ ਦੀ ਵਜ੍ਹਾ ਕਰ ਕੇ ਸਾਰਾ ਪਰਿਵਾਰ ਮੁਸ਼ਕਲਾਂ 'ਚ ਫਸਿਆ ਫਿਰਦਾ ਐ। ਪਤਾ ਨ੍ਹੀਂ ਉਸ ਨੇ ਇਹ ਰਾਹ ਕਿਉਂ ਚੁਣਿਆ?" ਇੰਨਾ ਕਹਿੰਦੀ ਹੋਈ ਫੌਜ਼ੀਆ ਰੋਣ ਲੱਗੀ। ਮਾਂ ਨੇ ਉਸ ਨੂੰ ਧਰਵਾਸਾ ਦਿੱਤਾ।

"ਫੌਜ਼ੀਆ ਇਹ ਮੌਕਾ ਇਸ ਤਰ੍ਹਾਂ ਢੇਰੀ ਢਾਹ ਦੇਣ ਦਾ ਨ੍ਹੀਂ ਐ। ਮੈਂ ਚਾਹੁੰਨਾਂ ਕਿ ਤੂੰ ਕੱਲ੍ਹ ਨੂੰ ਆਪਣੀ ਵਕੀਲ ਨੂੰ ਸਾਰੀ ਗੱਲ ਦੱਸ ਦੇ, ਤੇ ਅੰਮੀ ਨੂੰ ਲੈ ਕੇ ਇੱਥੋਂ ਤੁਰਦੀ ਬਣ।"



*ਆਫੀਆ ਸਦੀਕੀ ਦੀ ਭੈਣ ਫੌਜ਼ੀਆ (ਸੱਜੇ) ਆਫੀਆ ਦੇ ਜੇਠੇ ਪੁੱਤਰ ਅਹਿਮਦ (ਵਿਚਕਾਰ) ਨਾਲ।*

"ਠੀਕ ਐ ਭਾਈ ਜਾਨ।" ਫੌਜ਼ੀਆ ਵਾਪਸੀ ਲਈ ਮਨ ਬਣਾਉਣ ਲੱਗੀ।

ਅਗਲੇ ਦਿਨ ਫੌਜ਼ੀਆ ਨੇ ਵਕੀਲ ਸ਼ਾਰਪ ਨੂੰ ਫੋਨ ਕੀਤਾ, "ਮੈ'ਮ ਮੈਂ ਇਨ੍ਹਾਂ ਐਫ.ਬੀ.ਆਈ. ਵਾਲਿਆਂ ਤੋਂ ਬੜੀ ਤੰਗ ਆ ਚੁੱਕੀ ਆਂ। ਜਿਸ ਹਸਪਤਾਲ ਵਿਚ ਮੈਂ ਕੰਮ ਕਰਦੀ ਸੀ, ਉਨ੍ਹਾਂ ਮੈਨੂੰ ਐਫ.ਬੀ.ਆਈ. ਦੇ ਚੱਕਰਾਂ ਕਰ ਕੇ ਨੌਕਰੀ ਤੋਂ ਕੱਢ ਦਿੱਤਾ। ਹੁਣ ਮੈਨੂੰ ਕਿਧਰੇ ਢੰਗ ਦੀ ਨੌਕਰੀ ਨ੍ਹੀਂ ਮਿਲ ਰਹੀ। ਮੈਂ ਇੱਥੋਂ ਜਾਣ ਦਾ ਸੋਚ ਰਹੀ ਆਂ।"

"ਮਿਸ ਫੌਜ਼ੀਆ, ਇਹ ਤਾਂ ਤੇਰੀ ਮਰਜ਼ੀ ਐ। ਤੈਨੂੰ ਕੋਈ ਇੱਥੇ ਧੱਕੇ ਨਾਲ ਨ੍ਹੀਂ ਰੋਕ ਸਕਦਾ। ਤੇਰੇ 'ਤੇ ਕੇਸ ਵੀ ਕੋਈ ਨ੍ਹੀਂ ਦਰਜ ਹੋਇਆ। ਇਸ ਕਰ ਕੇ ਤੂੰ ਜਾਣ ਲਈ ਆਜ਼ਾਦ ਐਂ। ਦੂਜਾ ਇਸਮਤ ਸਦੀਕੀ ਨੂੰ ਵੀ ਆਪਣੇ ਮੁਲਕ ਜਾ ਕੇ ਚੰਗਾ ਇਲਾਜ ਕਰਵਾਉਣਾ ਚਾਹੀਦਾ ਐ।" ਇਸ਼ਾਰੇ ਨਾਲ ਵਕੀਲ ਨੇ ਕਹਿ ਦਿੱਤਾ ਕਿ ਚੰਗਾ ਹੈ ਇਸਮਤ ਇੱਥੋਂ ਚਲੀ ਜਾਵੇ। ਅਗਲੇ ਦਿਨ ਹੀ ਮਾਂਵਾਂ-ਧੀਆਂ ਵਾਪਸ ਜਾਣ ਦੀ ਤਿਆਰੀ ਕਰਨ ਲੱਗੀਆਂ ਤੇ ਦੋ ਦਿਨਾਂ ਬਾਅਦ ਉਹ ਪਾਕਿਸਤਾਨ ਪਹੁੰਚ ਗਈਆਂ।

ਇਨ੍ਹੀਂ ਦਿਨੀਂ ਆਈ.ਐਸ.ਆਈ ਦੀ ਪੂਰੀ ਟੀਮ ਇੱਕ ਦਿਨ ਆਫੀਆ ਦੇ ਪਹਿਲੇ ਪਤੀ ਅਮਜਦ ਦੇ ਘਰ ਆ ਪਹੁੰਚੀ।

"ਮਿਸਟਰ ਅਮਜਦ, ਤੈਨੂੰ ਸਾਡੀ ਮਦਦ ਕਰਨੀ ਪਵੇਗੀ। ਅਸੀਂ ਆਫੀਆ ਨੂੰ ਫੜਨ ਦੀ ਸਕੀਮ ਬਣਾ ਰਹੇ ਆਂ।"

"ਕਿੱਥੇ ਐ ਆਫੀਆ? ਕੀ ਮੇਰੇ ਬੱਚੇ ਵੀ ਉਸ ਦੇ ਕੋਲ ਨੇ?" ਅਮਜਦ ਨੇ ਉਤਸ਼ਾਹ ਨਾਲ ਆਈ.ਐਸ.ਆਈ. ਦੇ ਅਫਸਰ ਨੂੰ ਪੁੱਛਿਆ।

"ਇਹ ਨ੍ਹੀਂ ਪਤਾ, ਪਰ ਤੈਨੂੰ ਸਾਡੇ ਨਾਲ ਚੱਲਣਾ ਪਵੇਗਾ।"

"ਨਾਲ ਚੱਲਣਾ ਪਊ? ਪਰ ਕਿੱਥੇ?"

"ਇਸ ਗੱਲ ਦਾ ਪਤਾ ਵੀ ਉਥੇ ਜਾ ਕੇ ਹੀ ਲੱਗੂਗਾ। ਹੁਣ ਤੂੰ ਤੁਰਨ ਵਾਲਾ ਬਣ।"

ਇਸ ਪਿੱਛੋਂ ਆਈ.ਐਸ.ਆਈ. ਵਾਲਿਆਂ ਨੇ ਅਮਜਦ ਨੂੰ ਨਾਲ ਲਿਆ ਤੇ ਕਰਾਚੀ ਏਅਰਪੋਰਟ 'ਤੇ ਪਹੁੰਚ ਗਏ। ਉਹ ਉਥੇ ਖੜ੍ਹ ਗਏ ਜਿਥੇ ਜਹਾਜ਼ 'ਚੋਂ ਸਵਾਰੀਆਂ ਉਤਰ ਕੇ ਆ ਰਹੀਆਂ ਸਨ। ਅੱਧੇ ਕੁ ਘੰਟੇ ਪਿੱਛੋਂ ਆਈ.ਐਸ.ਆਈ. ਵਾਲਿਆਂ ਨੇ ਅਮਜਦ ਨੂੰ ਕਿਹਾ ਕਿ ਸਾਹਮਣੇ ਜੋ ਔਰਤ ਆ ਰਹੀ ਹੈ, ਉਹ ਉਸ ਨੂੰ ਪਛਾਣੇ ਅਤੇ ਦੱਸੇ ਕਿ ਕੀ ਇਹ ਹੀ ਆਫੀਆ ਸਦੀਕੀ ਹੈ। ਅਮਜਦ ਨੇ ਧਿਆਨ ਨਾਲ ਸਾਹਮਣੇ ਆ ਰਹੀ ਔਰਤ ਵੱਲ ਵੇਖਿਆ। ਉਸ ਦਾ ਸਾਰਾ ਸਰੀਰ ਲੰਬੇ ਬੁਰਕੇ ਨਾਲ ਢਕਿਆ ਹੋਇਆ ਸੀ। ਅਮਜਦ ਨੇ ਉਸ ਦੀਆਂ ਅੱਖਾਂ ਵੇਖ ਕੇ ਨੱਬੇ ਪ੍ਰਤੀਸ਼ਤ ਅੰਦਾਜ਼ਾ ਲਾ ਲਿਆ ਕਿ ਇਹ ਆਫੀਆ ਹੀ ਹੈ। ਉਸ ਦੇ ਨਾਲ ਚੱਲ ਰਹੇ ਬੱਚੇ ਨੂੰ ਵੀ ਅਮਜਦ ਨੇ ਪਛਾਣ ਲਿਆ ਕਿ ਉਹ ਉਸ ਦਾ ਹੀ ਮੁੰਡਾ ਹੈ। ਇੱਕ ਵਾਰ ਤਾਂ ਉਹ ਬਹੁਤ ਹੀ ਭਾਵੁਕ ਹੋ ਗਿਆ, ਪਰ ਨਾਲ ਹੀ ਉਸ ਨੇ ਸੋਚਿਆ ਕਿ ਜੇ ਉਸ ਨੇ ਆਈ.ਐਸ.ਆਈ. ਵਾਲਿਆਂ ਨੂੰ ਦੱਸ ਦਿੱਤਾ ਕਿ ਉਸ ਨੂੰ ਲੱਗਦਾ ਹੈ, ਬਈ ਇਹ ਆਫੀਆ ਹੀ ਹੈ ਤਾਂ ਉਹ ਝੱਟ ਉਸ ਨੂੰ ਗ੍ਰਿਫਤਾਰ

ਕਰ ਲੈਣਗੇ। ਉਸ ਦੇ ਅੰਦਰਲਾ ਅਮਜਦ ਇਹ ਨਹੀਂ ਬਰਦਾਸ਼ਤ ਕਰ ਸਕਦਾ ਸੀ। ਉਸ ਨੇ ਸਿਰ ਮਾਰਦਿਆਂ ਕਹਿ ਦਿੱਤਾ ਕਿ ਇਹ ਆਫੀਆ ਨਹੀਂ ਹੈ।

ਉਧਰ ਆਫੀਆ ਦੇ ਮਾਮੇ ਐਸ.ਐਚ. ਫਾਰੂਕੀ ਨੂੰ ਵੀ ਆਈ.ਐਸ.ਆਈ. ਤੰਗ ਕਰਨ ਲੱਗ ਪਈ ਤਾਂ ਉਸ ਨੇ ਭੱਜ-ਨੱਸ ਕਰ ਕੇ ਮਸਾਂ ਆਪਣਾ ਖਹਿੜਾ ਛੁਡਵਾਇਆ। ਫੌਜ਼ੀਆ ਅਤੇ ਉਸ ਦੀ ਮਾਂ, ਪਾਕਿਸਤਾਨ ਆ ਕੇ ਆਪਣੇ ਘਰ ਰਹਿਣ ਲੱਗ ਪਈਆਂ ਸਨ। ਇਸ ਵਿਚਕਾਰ ਹੀ ਉਨ੍ਹਾਂ ਨੂੰ ਫੋਨ ਆਉਣੇ ਸ਼ੁਰੂ ਹੋ ਗਏ ਕਿ ਜਾਂ ਤਾਂ ਉਹ ਆਫੀਆ ਦੇ ਮਾਮਲੇ ਵਿਚ ਚੁੱਪ ਹੋ ਜਾਣ, ਨਹੀਂ ਤਾਂ ਉਨ੍ਹਾਂ ਦਾ ਹਾਲ ਵੀ ਉਸੇ ਵਰਗਾ ਹੋਵੇਗਾ। ਇਸ ਪਿੱਛੋਂ ਮਾਂਵਾਂ ਧੀਆਂ ਨੇ ਆਫੀਆ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ। ਨਾਲ ਹੀ ਉਨ੍ਹਾਂ ਮੀਡੀਏ ਨੂੰ ਵੀ ਬੇਨਤੀ ਕੀਤੀ ਕਿ ਉਹ ਆਫੀਆ ਦਾ ਮਾਮਲਾ ਨਾ ਉਠਾਉਣ। ਮੀਡੀਏ ਨੇ ਮੰਨਣਾ ਤਾਂ ਕੀ ਸੀ, ਸਗੋਂ ਉਨ੍ਹਾਂ ਨੂੰ ਇੱਕ ਹੋਰ ਖ਼ਬਰ ਮਿਲ ਗਈ ਕਿ ਆਈ.ਐਸ.ਆਈ. ਸਦੀਕੀ ਪਰਿਵਾਰ ਨੂੰ ਤੰਗ ਕਰ ਰਹੀ ਹੈ। ਇੱਕ ਵਾਰ ਫਿਰ ਤੋਂ ਲੋਕਾਂ 'ਚ ਆਫੀਆ ਦਾ ਨਾਂ ਚਰਚਾ ਦਾ ਵਿਸ਼ਾ ਬਣ ਗਿਆ।

ਜੋ ਕੁਝ ਹੋ ਰਿਹਾ ਸੀ, ਅਮਜਦ ਬੜੇ ਧਿਆਨ ਨਾਲ ਸਭ ਵੇਖ ਰਿਹਾ ਸੀ। ਉਹ ਚਾਹੁੰਦਾ ਸੀ ਕਿ ਬੱਸ ਇੱਕ ਵਾਰ ਉਹ ਆਪਣੇ ਬੱਚਿਆਂ ਨੂੰ ਵੇਖ ਲਵੇ, ਪਰ ਮੁਮਕਿਨ ਨਾ ਹੋ ਸਕਿਆ। ਇੱਕ ਦਿਨ ਉਹ ਆਪਣੇ ਅੱਬਾ ਨੂੰ ਨਾਲ ਲੈ ਕੇ ਉਨ੍ਹਾਂ ਦੇ ਉਸੇ ਆਈ.ਐਸ.ਆਈ. ਦੇ ਰਿਟਾਇਰਡ ਅਫਸਰ ਦੋਸਤ ਨੂੰ ਮਿਲਣ ਪਹੁੰਚਿਆ ਜਿਸ ਨੇ ਉਸ ਦੀ ਆਈ.ਐਸ.ਆਈ. ਨਾਲ ਮੁਲਾਕਾਤ ਕਰਵਾ ਕੇ ਉਸ ਨੂੰ ਕਲੀਐਂਰਸ ਦਿਵਾਈ ਸੀ। ਉਹ ਅਫਸਰ ਅਮਜਦ ਨੂੰ ਸਲਾਹ ਦਿੰਦਿਆਂ ਬੋਲਿਆ, "ਚੰਗਾ ਇਹੀ ਰਹੇਗਾ ਕਿ ਤੂੰ ਇੱਥੋਂ ਕਿਧਰੇ ਪਾਸੇ ਹੋ ਜਾ। ਇੱਥੇ ਕਿਸੇ ਦਾ ਕੋਈ ਭਰੋਸਾ ਨ੍ਹੀਂ ਕਿ ਕੀ ਕਰਵਾ ਦੇਵੇ। ਤੂੰ ਪਰੈਜ਼ੀਡੈਂਟ ਮੁਸ਼ੱਰਫ ਦੀ ਮਿਸਾਲ ਲੈ ਲੈ। ਉਹ ਅਮਰੀਕਨਾਂ ਨੂੰ ਖੁਸ਼ ਕਰਨ ਲਈ ਕਿਸੇ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦਾ ਐ। ਮੇਰੇ ਕਹਿਣ ਦਾ ਭਾਵ ਐ ਕਿ ਕਈ ਅਜਿਹੇ ਬੰਦੇ ਵੀ ਉਸ ਨੇ ਅਮਰੀਕਨਾਂ ਨੂੰ ਸੌਂਪ ਦਿੱਤੇ ਜਿਨ੍ਹਾਂ ਦਾ ਗੁਨਾਹ ਇੰਨਾ ਵੱਡਾ ਨ੍ਹੀਂ ਸੀ ਕਿ ਉਨ੍ਹਾਂ ਨੂੰ ਬਿਗਾਨੇ ਮੁਲਕ ਦੇ ਸਪੁਰਦ ਕੀਤਾ ਜਾਵੇ। ਕਈ ਤਾਂ ਸਿਰਫ ਪੁੱਛ ਪੜਤਾਲ ਤੱਕ ਹੀ ਸੀਮਤ ਸਨ, ਪਰ ਇਸ ਨੇ ਸਭ 'ਤੇ ਅਲ-ਕਾਇਦਾ ਮੈਂਬਰ ਹੋਣ ਦਾ ਲੇਬਲ ਲਾ ਕੇ ਗ੍ਰਿਫਤਾਰ ਕੀਤਾ ਤੇ ਐਫ.ਬੀ.ਆਈ. ਦੇ ਹਵਾਲੇ ਕਰ ਦਿੱਤਾ।"

ਉਸ ਦੀਆਂ ਗੱਲਾਂ ਸੁਣ ਕੇ ਪਿਉ ਪੁੱਤਰ ਫਿਕਰਮੰਦ ਹੋ ਗਏ। ਕੁਝ ਦੇਰ ਗੱਲਾਂ ਬਾਤਾਂ ਕਰ ਕੇ ਉਹ ਵਾਪਸ ਮੁੜਨ ਲੱਗੇ ਤਾਂ ਉਹ ਅਮਜਦ ਦੇ ਪਿਉ ਨੂੰ ਪਾਸੇ ਲੈ ਗਿਆ। ਫਿਰ ਹੌਲੀ ਜਿਹੀ ਬੋਲਿਆ, "ਨਈਮ ਖਾਂ, ਤੁਹਾਨੂੰ ਭੇਤ ਦੀ ਗੱਲ ਦੱਸਦਾ ਆਂ।"

"ਜੀ...।"

"ਤੁਹਾਨੂੰ ਯਾਦ ਹੋਣਾ ਐਂ ਕਿ ਕੁਝ ਦੇਰ ਪਹਿਲਾਂ ਕੇ.ਐਸ.ਐਮ. ਦਾ ਭਾਣਜਾ ਅਲੀ ਅਤੇ ਇੱਕ ਹੋਰ ਅਤਿਵਾਦੀ ਫੜੇ ਗਏ ਸਨ। ਦੂਜੇ ਅਤਿਵਾਦੀ 'ਤੇ ਚਾਰਜ ਨੇ ਕਿ ਉਸ ਨੇ ਅਮਰੀਕੀ ਯੂ.ਐਸ.ਐਸ. ਕੋਹਲ ਨਾਮੀਂ ਸਮੁੰਦਰੀ ਬੇੜੇ 'ਤੇ ਹਮਲਾ ਕੀਤਾ ਸੀ।"

"ਜੀ ਹਾਂ, ਯਾਦ ਐ ਮੈਨੂੰ ਉਹ ਘਟਨਾ।"

"ਤਾਂ ਫਿਰ ਤੁਹਾਨੂੰ ਇਹ ਵੀ ਯਾਦ ਹੋਵੇਗਾ ਕਿ ਉਸ ਦਿਨ ਉਨ੍ਹਾਂ ਦੀ ਪੁਲਿਸ ਨਾਲ ਗੋਲੀਬਾਰੀ ਹੋ ਗਈ ਸੀ ਅਤੇ ਉਨ੍ਹਾਂ ਨੇ ਉਥੇ ਫਸੇ ਹੋਏ ਕਿਸੇ ਬੱਚੇ ਨੂੰ ਬਾਹਰ ਕੱਢਣ ਲਈ ਕੁਝ ਦੇਰ ਲਈ ਫਾਇਰਿੰਗ ਰੁਕਵਾਈ ਸੀ। ਪਿੱਛੋਂ ਆਈ.ਐਸ.ਆਈ. ਦਾ ਹਥਿਆਰਬੰਦ ਦਸਤਾ ਵੀ ਉਥੇ ਪਹੁੰਚ ਗਿਆ ਸੀ।"

"ਹਾਂ ਜੀ ਬਿਲਕੁਲ। ਪਿੱਛੋਂ ਪਤਾ ਲੱਗਿਆ ਸੀ ਕਿ ਆਈ.ਐਸ.ਆਈ. ਨੇ ਉਸ ਬੱਚੇ ਨੂੰ ਆਪਣੇ ਕਾਬੂ 'ਚ ਕਰ ਲਿਆ ਸੀ।"

"ਹਾਂ ਹਾਂ ਉਹੀ ਘਟਨਾ, ਪਰ ਕੀ ਤੁਹਾਨੂੰ ਪਤਾ ਐ ਕਿ ਉਹ ਕੋਈ ਬੱਚਾ ਨ੍ਹੀਂ ਸੀ ਸਗੋਂ ਔਰਤ ਸੀ?"

"ਜੀ ਨ੍ਹੀਂ, ਇਹ ਤਾਂ ਨ੍ਹੀਂ ਪਤਾ; ਪਰ ਫਿਰ ਉਹ ਔਰਤ ਕੌਣ ਸੀ?"

"ਉਹ ਤੁਹਾਡੇ ਪੁੱਤਰ ਦੀ ਪਹਿਲੀ ਬੀਵੀ ਆਫੀਆ ਈ ਸੀ।"

"ਹੈਂ! ਇਹ ਤੁਸੀਂ ਕੀ ਕਹਿ ਰਹੇ ਓਂ?"

"ਇਹ ਬਿਲਕੁਲ ਸਹੀ ਐ। ਉਹ ਅਲ-ਕਾਇਦਾ ਦੀ ਬਹੁਤ ਸਰਗਰਮ ਮੈਂਬਰ ਐ। ਨਾਲ ਹੀ ਉਹ ਬਹੁਤ ਜ਼ਿਆਦਾ ਖਤਰਨਾਕ ਵੀ ਐ। ਇਸੇ ਕਰ ਕੇ ਕਹਿ ਰਿਹਾ ਆਂ ਕਿ ਤੁਸੀਂ ਆਪਣੇ ਪੁੱਤਰ ਨੂੰ ਕਿਧਰੇ ਬਾਹਰ ਤੋਰ ਦਿਉ। ਕੱਲ੍ਹ ਨੂੰ ਉਹ ਫਿਰ ਤੋਂ ਕਿਤੋਂ ਫੜੀ ਗਈ ਤੇ ਉਸ ਨੇ ਕਿਧਰੇ ਅਮਜਦ ਦਾ ਨਾਂ ਲੈ ਦਿੱਤਾ ਤਾਂ ਇਸ ਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ।"

"ਪਰ ਜਨਾਬ ਇੱਕ ਗੱਲ ਹੋਰ...।" ਨਈਮ ਖਾਂ ਕੋਈ ਹੋਰ ਗੱਲ ਸ਼ੁਰੂ ਕਰਦਾ ਕਰਦਾ ਰੁਕ ਗਿਆ।

"ਹਾਂ ਦੱਸੋ, ਤੁਸੀਂ ਕੀ ਕਹਿਣਾ ਚਾਹੁੰਦੇ ਓ?"

"ਉਦੋਂ ਜਿਹੇ ਈ ਪਤਾ ਲੱਗਿਆ ਸੀ ਕਿ ਆਫੀਆ ਇੱਕ ਵਾਰ ਆਈ.ਐਸ.ਆਈ. ਦੁਆਰਾ ਫੜ ਲਈ ਗਈ ਸੀ, ਪਰ ਕੀ ਉਹ ਫਿਰ ਤੋਂ ਛੱਡ ਦਿੱਤੀ ਗਈ? ਮੇਰਾ ਮਤਲਬ ਇਹ ਸਭ ਕੀ ਐ?"

"ਇਹ ਦੋਨੋਂ ਗੱਲਾਂ ਸਹੀ ਨੇ, ਪਰ ਇਹ ਏਜੰਸੀਆਂ ਦੇ ਕੰਮ ਕਰਨ ਦਾ ਢੰਗ ਹੁੰਦਾ ਐ, ਤੁਸੀਂ ਇਸ ਗੱਲ ਮਗਰ ਨਾ ਜਾਉ। ਬੱਸ ਅਮਜਦ ਦਾ ਕੁਝ ਸੋਚੋ।"

"ਜੀ ਬਹੁਤ ਬਿਹਤਰ ਜਨਾਬ। ਮੈਂ ਸਭ ਸਮਝ ਗਿਆ।"

ਗੱਲ ਮੁਕਾ ਕੇ ਨਈਮ ਖਾਂ, ਬਾਹਰ ਖੜ੍ਹੇ ਅਮਜਦ ਨਾਲ ਕਾਰ ਵਿਚ ਆ ਬੈਠਾ। ਘਰ ਤੱਕ ਉਹ ਆਪਣੇ ਦੋਸਤ ਦੀ ਕਹੀ ਗੱਲ ਬਾਰੇ ਈ ਸੋਚਦਾ ਆਇਆ। ਘਰ ਆ ਕੇ ਉਸ ਨੇ ਅਮਜਦ ਨੂੰ ਸਮਝਾਇਆ ਕਿ ਉਸ ਨੂੰ ਚਾਹੀਦਾ ਹੈ ਕਿ ਹੁਣ



*9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਜੋ ਅੱਜਕੱਲ੍ਹ ਗੁਆਂਟੋਨਾਮੋ ਜੇਲ੍ਹ ਵਿਚ ਬੰਦ ਹੈ।*

ਅਤੀਤ ਦਾ ਖਹਿੜਾ ਛੱਡ ਕੇ ਭਵਿੱਖ ਬਾਰੇ ਸੋਚੇ। ਅਮਜਦ ਵੀ ਆਫੀਆ ਦੀ ਭਾਲ ਤੋਂ ਅੱਕ ਚੁੱਕਾ ਸੀ। ਪਿਉ ਦੀ ਗੱਲ ਨਾਲ ਸਹਿਮਤ ਹੁੰਦਿਆਂ ਉਸ ਨੇ ਆਪਣੀ ਜ਼ਿੰਦਗੀ 'ਚ ਅਗਾਂਹ ਤੁਰਨ ਦਾ ਫੈਸਲਾ ਕਰ ਲਿਆ। ਉਸ ਦਾ ਨਾਂ ਐਫ.ਬੀ.ਆਈ. ਦੀ ਵਾਂਟਿਡ ਲਿਸਟ ਤੋਂ ਲਹਿ ਚੁੱਕਾ ਸੀ। ਇਸ ਕਰ ਕੇ ਉਸ ਨੇ ਪਾਕਿਸਤਾਨ ਛੱਡਣ ਦਾ ਫੈਸਲਾ ਕਰਦਿਆਂ ਸਾਊਦੀ ਅਰਬ ਦੇ ਕਿਸੇ ਹਸਪਤਾਲ ਵਿਚ ਨੌਕਰੀ ਕਰ ਲਈ। ਉਹ ਆਪਣੀ ਨਵੀਂ ਪਤਨੀ ਅਤੇ ਛੋਟੀ ਜਿਹੀ ਬੱਚੀ ਨੂੰ ਲੈ ਕੇ ਸਾਊਦੀ ਅਰਬ ਚਲਾ ਗਿਆ।

ਇਸਮਤ ਅਤੇ ਫੌਜ਼ੀਆ ਆਪਣੇ ਘਰ ਤੱਕ ਸੀਮਤ ਹੋ ਕੇ ਰਹਿ ਗਈਆਂ ਸਨ। ਉਹ ਡਰਦੀਆਂ ਕਿਸੇ ਨਾਲ ਆਫੀਆ ਬਾਰੇ ਗੱਲ ਵੀ ਨਹੀਂ ਸਨ ਕਰਦੀਆਂ। ਇਸ ਤੋਂ ਬਿਨਾਂ ਉਨ੍ਹਾਂ ਦੇ ਘਰ ਦੀ ਆਈ.ਐਸ.ਆਈ. ਨਿਗਰਾਨੀ ਕਰਦੀ ਰਹਿੰਦੀ ਸੀ। ਕਦੇ ਉਨ੍ਹਾਂ ਨੂੰ ਗੁਪਤ ਫੋਨ ਆਉਂਦੇ ਸਨ ਕਿ ਆਫੀਆ ਬਾਰੇ ਗੱਲ ਨ੍ਹੀਂ ਕਰਨੀ, ਨਹੀਂ ਤਾਂ ਉਨ੍ਹਾਂ ਦਾ ਹਸ਼ਰ ਵੀ ਆਫੀਆ ਵਰਗਾ ਹੀ ਹੋਵੇਗਾ। ਅਜਿਹੇ ਵੇਲੇ ਉਨ੍ਹਾਂ ਨੂੰ ਲੱਗਦਾ ਕਿ ਆਫੀਆ ਇਸ ਦੁਨੀਆਂ ਵਿਚ ਨਹੀਂ ਹੈ। ਫਿਰ ਅਗਲੇ ਹੀ ਦਿਨ ਕੋਈ ਫੋਨ ਆ ਜਾਂਦਾ ਕਿ ਆਫੀਆ ਜਿਥੇ ਕਿਤੇ ਵੀ ਹੈ, ਠੀਕ ਠਾਕ ਹੈ; ਤੁਸੀਂ ਉਸ ਦਾ ਫਿਕਰ ਨਾ ਕਰੋ। ਅਜਿਹਾ ਫੋਨ ਸੁਣ ਕੇ ਉਨ੍ਹਾਂ ਨੂੰ ਲੱਗਦਾ ਕਿ ਆਫੀਆ ਜ਼ਿੰਦਾ ਹੈ। ਇਨ੍ਹਾਂ ਭੰਬਲਭੂਸਿਆਂ ਵਿਚ ਹੀ ਦਿਨ ਮਹੀਨੇ, ਸਾਲਾਂ 'ਚ ਬਦਲ ਗਏ ਪਰ ਉਨ੍ਹਾਂ ਨੂੰ ਕਦੇ ਆਫੀਆ ਦੀ ਕੋਈ ਸੂਹ ਨਾ ਮਿਲੀ। ਇੱਕ ਦਿਨ ਇਸਮਤ ਨੇ ਆਪਣੇ ਪੁੱਤਰ ਮੁਹੰਮਦ ਨੂੰ ਹਿਊਸਟਨ ਫੋਨ ਕਰਦਿਆਂ ਕਿਹਾ, "ਪੁੱਤਰ, ਅਸੀਂ ਦੱਸ ਕੀ ਕਰੀਏ। ਸਾਡੇ ਕੋਲ ਤਾਂ ਕੋਈ ਘਰ ਦਾ ਮਰਦ ਮੈਂਬਰ ਵੀ ਨਹੀਂ ਐ। ਤੈਨੂੰ ਦੱਸ ਨ੍ਹੀਂ ਸਕਦੀ ਕਿ ਅਸੀਂ ਡਰ ਦੇ ਸਾਏ ਹੇਠਾਂ ਕਿਵੇਂ ਦਿਨ ਬਿਤਾ ਰਹੇ ਆਂ।"

"ਅੰਮੀ ਮੈਂ ਇਹ ਗੱਲ ਸਮਝ ਸਕਦਾ ਆਂ, ਪਰ ਕੀ ਕੀਤਾ ਜਾਵੇ।"

"ਬੇਟਾ ਮੈਂ ਚਾਹੁੰਨੀ ਆਂ ਕਿ ਤੂੰ ਵੀ ਇੱਥੇ ਪਾਕਿਸਤਾਨ ਈ ਆ ਜਾ। ਕਿਤੇ ਇਹ ਨਾ ਹੋਵੇ ਕਿ ਤੈਨੂੰ ਵੀ ਅਮਰੀਕਨ ਸਰਕਾਰ ਕਿਸੇ ਕੇਸ 'ਚ ਫਸਾ ਲਵੇ।"

"ਨ੍ਹੀਂ ਅੰਮੀ ਅਜਿਹਾ ਨ੍ਹੀਂ ਹੋਵੇਗਾ। ਮੈਂ ਕਦੇ ਵੀ ਕਿਸੇ ਗਲਤ ਅਨਸਰ ਨਾਲ ਨ੍ਹੀਂ ਜੁੜਿਆ। ਹਮੇਸ਼ਾ ਆਪਣੇ ਕੰਮ ਨਾਲ ਕੰਮ ਰੱਖਿਆ ਐ। ਇਸ ਕਰ ਕੇ ਮੈਨੂੰ ਇੱਥੇ ਕੋਈ ਖਤਰਾ ਨ੍ਹੀਂ ਐ।"

"ਫੌਜ਼ੀਆ ਨਾਲ ਵੀ ਤਾਂ ਇਹੋ ਕੁਛ ਹੋ ਚੁਕਾ ਐ। ਉਹ ਜਿਥੇ ਕਿਤੇ ਵੀ ਨੌਕਰੀ ਕਰਨ ਲੱਗਦੀ ਸੀ, ਉਥੇ ਹੀ ਐਫ.ਬੀ.ਆਈ. ਪਹੁੰਚ ਜਾਂਦੀ ਸੀ। ਆਖਰ ਉਸ ਨੂੰ ਅਮਰੀਕਾ ਛੱਡਣਾ ਪਿਆ।"

"ਅੰਮੀ ਮੇਰੇ ਤੇ ਫੌਜ਼ੀਆ 'ਚ ਫਰਕ ਐ।"

"ਉਹ ਕਿਵੇਂ?"

"ਤੈਨੂੰ ਪਤਾ ਈ ਐ ਕਿ ਆਫੀਆ, ਫੌਜ਼ੀਆ ਕੋਲ ਰਹਿੰਦੀ ਰਹੀ ਐ। ਆਫੀਆ ਦੀਆਂ ਕਈ ਚੈਰਿਟੀਆਂ ਦੇ ਪਤੇ ਫੌਜ਼ੀਆ ਦੇ ਘਰ ਦੇ ਸਨ। ਫੌਜ਼ੀਆ ਭਾਵੇਂ ਕਿਸੇ ਗੱਲ ਨਾਲ ਸਬੰਧਤ ਨ੍ਹੀਂ ਸੀ, ਪਰ ਇਹ ਆਫੀਆ ਨਾਲ ਜੁੜੀ ਰਹੀ ਐ। ਇਸੇ ਕਰ ਕੇ ਐਫ.ਬੀ.ਆਈ. ਨੂੰ ਹਮੇਸ਼ਾ ਸ਼ੱਕ ਰਹਿੰਦਾ ਸੀ ਕਿ ਕਦੇ ਨਾ ਕਦੇ ਆਫੀਆ ਇਸ ਨਾਲ ਜ਼ਰੂਰ ਸਬੰਧ ਕਾਇਮ ਕਰੂਗੀ। ਇਸੇ ਕਰ ਕੇ ਇਸ ਦਾ ਹਰ ਵਕਤ ਪਿੱਛਾ ਕੀਤਾ ਜਾਂਦਾ ਸੀ, ਪਰ ਮੈਨੂੰ ਉਸ ਪਿੱਛੋਂ ਕਦੇ ਕੋਈ ਤਕਲੀਫ ਨ੍ਹੀਂ ਆਈ।"

"ਫਿਰ ਪੁੱਤਰਾ ਤੂੰ ਈ ਦੱਸ ਕਿ ਅਸੀਂ ਮਾਵਾਂ ਧੀਆਂ ਕਿੱਧਰ ਜਾਈਏ। ਅਮਰੀਕਾ 'ਚ ਸਾਨੂੰ ਐਫ.ਬੀ.ਆਈ. ਨ੍ਹੀਂ ਟਿਕਣ ਦਿੰਦੀ ਸੀ। ਇੱਥੇ ਪਾਕਿਸਤਾਨ ਸਰਕਾਰ ਨ੍ਹੀਂ ਚੈਨ ਨਾਲ ਰਹਿਣ ਦਿੰਦੀ। ਆਈ.ਐਸ.ਆਈ. ਸਾਰਾ ਦਿਨ ਆਪਣੇ ਘਰ ਦੁਆਲੇ ਘੁੰਮਦੀ ਫਿਰਦੀ ਐ। ਰੋਜ਼ ਗੁਪਤ ਫੋਨ ਆਉਂਦੇ ਰਹਿੰਦੇ ਨੇ। ਪਤਾ ਨ੍ਹੀਂ ਸਾਡਾ ਕੀ ਬਣੂੰਗਾ।" ਇੰਨਾ ਕਹਿੰਦਿਆਂ ਇਸਮਤ ਰੋਣ ਲੱਗੀ। ਉਸ ਦੇ ਪੁੱਤਰ ਦਾ ਮਨ ਭਰ ਆਇਆ।

"ਅੰਮੀ ਤੂੰ ਰੋ ਨਾ, ਇਸ ਤਰ੍ਹਾਂ ਤਾਂ ਮਸਲਾ ਹੱਲ ਨ੍ਹੀਂ ਹੋਣਾ।"

"ਪੁੱਤਰਾ ਤੂੰ ਕਿਹੜੇ ਮਸਲੇ ਦੀ ਗੱਲ ਕਰਦਾ ਐਂ। ਸਾਡੀ ਜ਼ਿੰਦਗੀ ਨਰਕ ਬਣ ਕੇ ਰਹਿ ਗਈ ਐ। ਤੂੰ ਵੀ ਸਾਨੂੰ ਵਿਸਾਰ ਚੁੱਕਾ ਐਂ।"

"ਅੰਮੀ ਅਜਿਹੀ ਗੱਲ ਨ੍ਹੀਂ ਐ। ਮੈਂ ਦੱਸੋ ਕਰ ਈ ਕੀ ਸਕਦਾ ਆਂ।"

"ਪੁੱਤਰਾ ਆਫੀਆ ਤੇਰੀ ਵੀ ਮਾਂ ਜਾਈ ਭੈਣ ਐ। ਤੂੰ ਈ ਉਸ ਨੂੰ ਕਿਧਰਿਉਂ ਭਾਲਣ ਦੀ ਕੋਸ਼ਿਸ਼ ਕਰ।"

"ਅੰਮੀ ਪਹਿਲਾਂ ਕਿਹੜਾ ਆਪਾਂ ਘੱਟ ਭਾਲ ਕੀਤੀ ਐ, ਪਰ ਉਹ ਕਿਤੇ ਮਿਲੇ ਵੀ।"

"ਮੁਹੰਮਦ ਪੁੱਤਰ, ਤੂੰ ਇੱਕ ਵਾਰ ਫਿਰ ਤੋਂ ਹੰਭਲਾ ਮਾਰ। ਮੇਰਾ ਦਿਲ ਕਹਿੰਦਾ ਐ ਕਿ ਉਹ ਕਿਧਰੇ ਨੇੜੇ-ਤੇੜੇ ਈ ਐ।"

"ਅੰਮੀ ਮੇਰੀ ਆਪਣੀ ਨੌਕਰੀ ਐ। ਨਾਲੇ ਮੇਰੇ ਵੀ ਬਾਲ-ਬੱਚੇ ਨੇ। ਮੈਂ ਇਵੇਂ ਕਿਵੇਂ ਕਿਧਰੇ ਜਾ ਸਕਦਾ ਆਂ। ਤੈਨੂੰ ਪਤਾ ਈ ਐ ਕਿ ਪਹਿਲਾਂ ਮੇਰੇ ਘਰ 'ਚ ਕੀ ਹੋਇਆ ਸੀ।"

ਅਸਲ 'ਚ ਮੁਹੰਮਦ ਦੀ ਬੀਵੀ, ਆਫੀਆ ਦਾ ਜ਼ਿਕਰ ਛਿੜਦਿਆਂ ਹੀ ਲੜਾਈ ਪਾ ਕੇ ਬਹਿ ਜਾਂਦੀ ਸੀ। ਉਸ ਦਾ ਕਹਿਣਾ ਸੀ ਕਿ ਉਸ ਦੀ ਵਜ੍ਹਾ ਕਰ ਕੇ ਸਾਰਾ ਪਰਿਵਾਰ ਫਾਹੇ ਚੜ੍ਹਿਆ ਪਿਆ ਹੈ।

"ਪੁੱਤਰਾ ਕਿਵੇਂ ਵੀ ਕਰ। ਕੋਈ ਗੱਲ ਨ੍ਹੀਂ ਤੂੰ ਆਪਣੀ ਵਹੁਟੀ ਦਾ ਗੁੱਸਾ ਇੱਕ ਵਾਰ ਹੋਰ ਝੱਲ ਲੈ। ਜੇ ਮੇਰੀ ਧੀ ਦਾ ਕੋਈ ਪਤਾ ਟਿਕਾਣਾ ਨਾ ਲੱਗਿਆ ਤਾਂ ਮੈਂ ਪਾਗਲ ਹੋ ਜਾਣਾ ਐਂ।"

"ਠੀਕ ਐ ਅੰਮੀ ਮੈਂ ਵੇਖਦਾ ਆਂ ਕਿ ਮੈਂ ਕੀ ਕਰ ਸਕਦਾਂ, ਪਰ ਇੱਕ ਗੱਲ ਐ ਕਿ ਇੱਥੇ ਉਜ਼ੇਰ ਪਰਾਚਾ ਨਾਂ ਦੇ ਮੁੰਡੇ 'ਤੇ ਅਤਿਵਾਦ ਸਬੰਧੀ ਕੇਸ ਸ਼ੁਰੂ ਹੋਣ ਵਾਲਾ ਐ। ਮੈਨੂੰ ਲੱਗਦਾ ਐ ਕਿ ਉਸ ਦੇ ਕੇਸ 'ਚ ਜ਼ਰੂਰ ਆਫੀਆ ਦਾ ਜ਼ਿਕਰ ਆਵੇਗਾ। ਸ਼ਾਇਦ ਇਸ ਤਰ੍ਹਾਂ ਈ ਕੋਈ ਪਤਾ ਚੱਲ ਜਾਵੇ।"

"ਠੀਕ ਐ ਤੂੰ ਮੈਨੂੰ ਛੇਤੀ ਇਸ ਬਾਰੇ ਦੱਸੀਂ।" ਇਸਮਤ ਨੇ ਫੋਨ ਕੱਟ ਦਿੱਤਾ।

**(ਚੱਲਦਾ)**

# ਇਨਕਲਾਬ ਦੀ ਸਾਣ ਅਤੇ ਚਾਰੂ ਮਜ਼ੂਮਦਾਰ ਦੀ ਸਿਆਸਤ

*(ਸਫਾ 23 ਦੀ ਬਾਕੀ)*

ਹੱਥ ਦਿਖਾ ਦਿੱਤੇ। ਪ੍ਰਸ਼ਾਸਨ ਵਲੋਂ 'ਛੱਡੇ ਕੈਟਾਂ' ਨੇ ਕਲੱਕਤੇ ਦੇ ਕੋਸੀਪੋਰ-ਬਾਰਾਨਗਰ ਦੇ ਉਸ ਖੇਤਰ ਵਿਚ ਜਿਥੇ ਦਿਨ-ਰਾਤ ਜਗ੍ਹਾ-ਜਗ੍ਹਾ ਪੁਲਿਸ ਮੌਜੂਦ ਰਹਿੰਦੀ ਹੈ, ਨਕਸਲੀ ਨੌਜਵਾਨਾਂ ਦੇ ਖੂਨ ਦੀ ਅਜਿਹੀ ਭਿਆਨਕ ਹੋਲੀ ਖੇਡੀ ਕਿ ਉਹ ਅੱਜ ਤੱਕ ਵੀ ਲੋਕਾਂ ਨੂੰ ਭੁੱਲੀ ਨਹੀਂ। ਇਸ ਕਾਲੇ ਦਿਹਾੜੇ ਦਾ ਬਿਰਤਾਂਤ ਉਨ੍ਹੀਂ ਦਿਨੀਂ 'ਫਰੰਟੀਅਰ' ਮੈਗਜ਼ੀਨ ਸਮੇਤ ਕਈ ਥਾਂਈਂ ਪ੍ਰਕਾਸ਼ਤ ਹੋਇਆ ਸੀ। 'ਹਿੰਦੋਸਤਾਨ ਸਟੈਂਡਰਡ' ਦੇ 18 ਅਗਸਤ, 1971 ਦੇ ਅੰਕ ਵਿਚ ਉੱਘੇ ਪੱਤਰਕਾਰ ਸ਼ੰਕਰ ਘੋਸ਼ ਅਨੁਸਾਰ 12 ਘੰਟਿਆਂ ਲਈ ਪ੍ਰਸ਼ਾਸਨ ਨੇ ਕੋਸੀਪੋਰ-ਬਾਰਾਨਗਰ ਏਰੀਏ ਨੂੰ ਹਥਿਆਰਬੰਦ ਗੁੰਡਿਆਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ। ਨਕਸਲੀ ਨੌਜਵਾਨਾਂ ਦੇ ਖੂਨ ਦੇ ਪਿਆਸੇ ਇਹ ਟੋਲੇ ਦਿਨ ਭਰ ਆਪਣੇ ਮਿਥੇ ਸ਼ਿਕਾਰਾਂ ਦੇ ਟਿਕਾਣਿਆਂ 'ਤੇ ਝਪਟਦੇ ਰਹੇ। ਇੱਛਤ ਸ਼ਿਕਾਰ ਨਾ ਮਿਲਣ 'ਤੇ ਹਮਲਾਵਰਾਂ ਨੇ ਨੌਜਵਾਨਾਂ ਤੇ ਬਜ਼ੁਰਗਾਂ ਨੂੰ ਵੀ ਨਾ ਬਖਸ਼ਿਆ। ਵਰਦੀਧਾਰੀ ਪੁਲਿਸ ਤਾਂ ਮਾਨੋ ਅੰਡਰਗਰਾਊਂਡ ਹੀ ਚਲੀ ਗਈ ਸੀ। ਚਿੱਟ ਕੱਪੜੀਏ ਪੁਲਿਸ ਮੁਲਾਜ਼ਮ ਜ਼ਰੂਰ ਕਿਧਰੇ-ਕਿਧਰੇ ਨਜ਼ਰ ਆਉਂਦੇ ਰਹੇ ਪਰ ਉਹ ਹਮਲਾਵਰਾਂ ਨੂੰ ਰੋਕਣ ਦੀ ਬਜਾਏ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਕਈ ਥਾਂਈਂ ਕਾਤਲੀ ਟੋਲੇ ਕਤਲ ਕਰਨ ਪਿਛੋਂ ਤਾਂਡਵ ਨਾਚ ਕਰਨ ਲੱਗ ਪੈਂਦੇ। ਇਨ੍ਹਾਂ ਲੋਕਾਂ ਨੇ ਬਿਜਲੀ ਦੇ ਖੰਭੇ ਨਾਲ ਸੂਚੀ ਟੰਗੀ ਹੋਈ ਸੀ ਜਿਸ ਉਪਰ ਹਰ ਕਤਲ ਕੀਤੇ ਜਾਣ ਵਾਲੇ ਨੌਜਵਾਨ ਦਾ ਨਾਂ ਅੰਕਿਤ ਹੋਈ ਜਾਂਦਾ ਸੀ। ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਇਕੋ ਦਿਨ ਵਿਚ 160-62 ਨੌਜਵਾਨਾਂ ਨੂੰ ਸ਼ਰ੍ਹੇਆਮ ਘਰਾਂ 'ਚੋਂ ਚੁੱਕ-ਚੁੱਕ ਕੇ ਮਾਰ ਦਿੱਤਾ ਗਿਆ। ਕਤਲੇਆਮ ਤੋਂ ਅਗਲੇ ਦਿਨ ਬੰਗਾਲ ਬਾਰੇ ਮਾਮਲਿਆਂ ਦੇ ਕੇਂਦਰੀ ਵਜ਼ੀਰ ਸਿਧਾਰਥ ਸ਼ੰਕਰ ਰੇਅ ਨੇ ਏਰੀਏ ਦਾ ਦੌਰਾ ਕੀਤਾ। ਬਾਅਦ ਵਿਚ ਕਤਲੇਆਮ ਲਈ ਜ਼ਿੰਮੇਵਾਰ ਅਨਸਰਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਰੇਅ ਦਾ ਮੀਸਣੇ ਜਿਹੇ ਢੰਗ ਨਾਲ ਕਹਿਣਾ ਸੀ ਕਿ ਕੁਝ ਪਤਾ ਨਹੀਂ ਲੱਗਦਾ, ਕੋਈ ਕਹੀ ਜਾਂਦਾ ਹੈ ਕਿ ਹਮਲਾਵਰ ਕਾਂਗਰਸੀ ਸਨ ਅਤੇ ਕੋਈ ਹੋਰ ਮਾਰਕਸੀ ਪਾਰਟੀ ਦੇ ਵਲੰਟੀਅਰਾਂ ਦਾ ਨਾਂ ਲਾਈ ਜਾਂਦਾ ਹੈ।

ਪ੍ਰਸ਼ਾਸਨ ਨੇ ਮਗਰੋਂ ਕਾਰਵਾਈ ਕੇਵਲ ਇੰਨੀ ਕੀਤੀ ਸੀ ਕਿ ਕੋਸੀਪੋਰ ਤੇ ਬਾਰਾਨਗਰ ਪੁਲਿਸ ਸਟੇਸ਼ਨਾਂ ਦੇ ਮੁੱਖ ਅਧਿਕਾਰੀਆਂ ਨੂੰ ਲਾਪ੍ਰਵਾਹੀ ਵਰਤਣ ਦੇ ਦੋਸ਼ ਹੇਠ ਤਬਦੀਲ ਕਰ ਦਿੱਤਾ ਸੀ।

'ਫਰੰਟੀਅਰ' ਦੇ 18 ਸਤੰਬਰ 1971 ਦੇ ਅੰਕ ਵਿਚ ਛਪੀ ਰਿਪੋਰਟ ਅਨੁਸਾਰ "ਰਜ਼ਾਕਾਰ ਟੋਲਿਆਂ ਦੀ ਨਿਰਦੈਤਾ ਦੀ ਹੱਦ ਇਹ ਸੀ ਕਿ ਉਸ ਦਿਨ ਇਕ ਨੌਜਵਾਨ ਦੇ ਘਰ ਨਾ ਮਿਲਣ 'ਤੇ, ਅਤੇ ਉਸ ਦੇ ਬਜ਼ੁਰਗ ਵਲੋਂ ਉਸ ਦਾ ਅਤਾ-ਪਤਾ ਨਾ ਦੱਸੇ ਜਾਣ 'ਤੇ ਪੈਟਰੋਲ ਸੁੱਟ ਕੇ ਉਸ ਨੂੰ ਜਿਉਂਦਾ ਜਲਾ ਦਿੱਤਾ ਗਿਆ। ਇਸੇ ਤਰ੍ਹਾਂ ਇਕ ਸਕੂਲ ਪੜ੍ਹਦੀ ਲੜਕੀ ਵੱਲੋਂ ਆਪਣੇ ਭਾਈ ਦਾ ਠਿਕਾਣਾ ਨਾ ਦੱਸੇ ਜਾਣ 'ਤੇ ਉਸ ਦੀ ਬਾਂਹ ਉਡਾ ਦਿੱਤੀ ਗਈ।"

ਇਥੇ ਹੀ ਬੱਸ ਨਹੀਂ, ਅਜਿਹੇ ਕਈ ਭਿਆਨਕ ਨਜ਼ਾਰੇ ਬਾਅਦ ਵਿਚ ਵੀ ਦੁਹਰਾਏ ਜਾਂਦੇ ਰਹੇ ਜਦੋਂ ਤਕ ਕਿ ਨਕਸਲੀ ਨੌਜਵਾਨਾਂ ਦਾ ਮੁਕੰਮਲ ਸਫਾਇਆ ਨਾ ਕਰ ਦਿੱਤਾ ਗਿਆ। ਅਖੀਰ 15 ਜੁਲਾਈ 1972 ਨੂੰ ਪੁਲਿਸ ਨੇ ਕਲੱਕਤਾ ਸ਼ਹਿਰ ਵਿਚ ਕਿਸੇ ਛੁਪਣਗਾਹ 'ਤੇ ਕਾਮਰੇਡ ਚਾਰੂ ਨੂੰ ਮਿਲ ਕੇ ਅਤੇ ਉਨ੍ਹਾਂ ਦਾ ਆਪਣੀ ਪਤਨੀ ਲਈ ਲਿਖਿਆ ਸੁਨੇਹਾ ਲਿਜਾ ਰਹੇ ਬੰਦੇ ਨੂੰ ਕਾਬੂ ਕਰ ਲਿਆ। ਤਸ਼ੱਦਦ ਨਾ ਝੱਲਦਿਆਂ ਉਸ ਨੇ ਅਗਲੇ ਦਿਨ ਹੀ ਕਾਮਰੇਡ ਚਾਰੂ ਅਤੇ ਉਨ੍ਹਾਂ ਦੇ ਦੋ ਸਭ ਤੋਂ ਤਿੱਖੇ ਸਾਥੀਆਂ ਕਾਮਰੇਡ ਦੀਪਕ ਬਿਸਵਾਸ ਅਤੇ ਕਾਮਰੇਡ ਦਿਲੀਪ ਬੈਨਰਜੀ ਨੂੰ ਫੜਾ ਦਿੱਤਾ। 28 ਜੁਲਾਈ ਨੂੰ ਕਾਮਰੇਡ ਚਾਰੂ ਦੀ ਪੁਲਿਸ ਹਿਰਾਸਤ ਵਿਚ ਹੀ ਮੌਤ ਹੋ ਗਈ ਅਤੇ ਇਸ ਦੇ ਨਾਲ ਹੀ ਨਕਸਲੀ ਲਹਿਰ ਦੇ ਪਹਿਲੇ ਅਧਿਆਇ ਦਾ ਭੋਗ ਪੈ ਗਿਆ।

ਚਾਰੂ ਮਜ਼ੂਮਦਾਰ ਦਾ ਵਿਸ਼ਵਾਸ ਸੀ ਕਿ 1947 ਵਿਚ ਭਾਰਤ ਦੀ ਅਜ਼ਾਦੀ ਅਸਲੀ ਨਹੀਂ ਸੀ, ਬਲਕਿ ਆਜ਼ਾਦੀ ਦੇ ਨਾਂ ਹੇਠ ਵਿਦੇਸ਼ੀ ਸਾਮਰਾਜ ਦੀ ਦਲਾਲ ਸਰਮਾਏਦਾਰੀ ਦੇ ਨੁਮਾਇੰਦਿਆਂ ਨੇ ਤਾਕਤ ਹਥਿਆ ਲਈ ਸੀ। ਉਸ ਨੇ ਆਜ਼ਾਦੀ ਦੇ ਇਸ ਨਿਸ਼ਾਨੇ ਨੂੰ ਨੇਪਰੇ ਚੜ੍ਹਾਉਣ ਲਈ ਜਮਾਤੀ ਦੁਸ਼ਮਣਾਂ ਦੇ ਵਿਅਕਤੀਗਤ ਸਫਾਏ ਦਾ ਸੱਦਾ ਦੇ ਕੇ ਲਾਲ ਫੌਜ ਬਣਾਉਣ ਦੀ ਵਕਾਲਤ ਕੀਤੀ। ਹੁਣ ਸਵਾਲ ਹੈ ਕਿ ਭਾਰਤੀ ਰਾਜਸੀ ਵਿਵਸਥਾ ਦੀ ਤਾਕਤ ਨੂੰ ਵਿੰਹਦਿਆਂ ਕੀ ਇਹ ਰਸਤਾ ਠੀਕ ਸੀ? ਕੀ ਇਕੱਲੇ ਦੁਕੱਲੇ ਸ਼ਾਹੂਕਾਰਾਂ ਜਾਂ ਜੋਤੇਦਾਰਾਂ ਨੂੰ ਮਾਰ ਕੇ ਭਾਰਤੀ ਸੁਰੱਖਿਆ ਦਲਾਂ ਨੂੰ ਮਾਤ ਦੇਣ ਦੇ ਸਮਰੱਥ ਲਾਲ ਫੌਜ ਦੀ ਉਸਾਰੀ ਕੀਤੀ ਜਾ ਸਕਦੀ ਸੀ? ਅਗਲਾ ਸਵਾਲ ਹੈ ਕਿ ਕੀ ਕਾਮਰੇਡ ਚਾਰੂ ਮਾਰਕਸਵਾਦ ਦੇ ਨਾਂ ਹੇਠ ਜਾਣੇ-ਅਣਜਾਣੇ ਕਿਧਰੇ ਸਿਰੇ ਦੇ ਅਤਿਵਾਦੀ ਨੇਂਹਵਾਦ ਦੇ ਝੰਡਾਬਰਦਾਰ ਤਾਂ ਨਹੀਂ ਬਣ ਗਏ ਸਨ? ਖੁਦ ਮੇਰੀ ਆਪਣੀ, ਮਾਰਕਸਵਾਦੀ ਚਿੰਤਨ ਵਿਚ ਵਿਸ਼ਵਾਸ ਦੇ ਬਾਵਜੂਦ, ਇਹ ਧਾਰਨਾ ਰਹੀ ਹੈ ਕਿ ਮਨੁੱਖੀ ਜ਼ਿੰਦਗੀ ਬੇਹੱਦ ਕੀਮਤੀ ਹੈ ਅਤੇ ਕਿਸੇ ਸੰਭਾਵੀ ਰਾਮਰਾਜ ਜਾਂ ਸਵਰਗ ਨੂੰ ਧਰਤੀ 'ਤੇ ਉਤਾਰਨ ਲਈ ਜੇ ਇਕ ਵੀ ਬੇਗੁਨਾਹ ਮਾਸੂਮ ਆਦਮੀ ਦੀ ਜਾਨ ਲਈ ਜਾਂਦੀ ਹੈ ਤਾਂ ਅਜਿਹਾ ਕੋਈ ਵੀ ਟੀਚਾ ਮੁੱਢੋ ਹੀ ਸੰਦੇਹਜਨਕ ਹੋ ਜਾਵੇਗਾ।

ਫਿਰ ਵੀ ਮਸਲਾ ਇਹ ਬਹਿਸ ਲਈ ਖੁੱਲ੍ਹਾ ਹੈ ਅਤੇ ਜਦੋਂ ਤੱਕ ਸਮਾਜ ਵਿਚ ਬੇਇਨਸਾਫੀ ਹੈ, ਉਦੋਂ ਤੱਕ ਇਹ ਬਹਿਸ ਨਿਸ਼ਚੇ ਹੀ ਜਾਰੀ ਰਹੇਗੀ।

**(ਚਲਦਾ)**

## ਕਾਵਿ-ਜਗਤ

### ਆਰਥਿਕ ਸਮੁੰਦਰ

ਅਮਰੀਕਾ ਦੇ ਆਰਥਿਕ ਸਮੁੰਦਰ 'ਚ
ਤੈਰਦਾ ਹਰ ਮਗਰਮੱਛ
ਆਪਣੇ ਵੱਡੇ ਵੱਡੇ ਜਬਾੜੇ ਖੋਲ੍ਹ
ਵੱਡੀਆਂ ਮੱਛੀਆਂ ਨੂੰ ਨਿਗਲ
ਕਪਟ ਦੇ ਅੱਥਰੂ ਦਿੰਦੈ ਡੋਲ੍ਹ।
ਅਮਰੀਕਾ ਦੇ ਆਰਥਿਕ ਸਮੁੰਦਰ 'ਚ
ਤੈਰਦੀਆਂ ਵੇਲ ਮੱਛੀਆਂ
ਪਰ ਫ਼ੈਲਾ ਝਪਟ-ਝਪਟ ਕੇ
ਛੋਟੀਆਂ ਮੱਛੀਆਂ ਨੂੰ ਨਿਗਲ
ਵਜਾਉਂਦੀਆਂ ਨੇ
ਆਤਮਿਕ ਤ੍ਰਿਪਤੀ ਦਾ ਬਿਗਲ।
ਅਮਰੀਕਾ ਦੇ ਆਰਥਿਕ ਸਮੁੰਦਰ 'ਚ
ਤੈਰਦੇ ਛੋਟੇ ਜੀਵ
ਜਾਨ ਬਚਾਉਣ ਲਈ
ਹੱਥ ਪੈਰ ਮਾਰਦੇ
ਹਾਲਾਤ ਵਿਚ ਘਿਰਦੇ ਅੰਤ ਹਾਰਦੇ।
ਅਮਰੀਕਾ ਦੇ ਆਰਥਿਕ ਸਮੁੰਦਰ 'ਚ
ਉਠਿਆ ਜਵਾਰਭਾਟਾ
ਆਪਣੇ ਪਿੱਛੇ ਛੱਡ ਜਾਏ
ਚਿੰਤਾ ਦੇ ਘੋਗੇ
ਭਲਾ ਮੇਰੀਏ ਜਿੰਦੇ
ਇਹ ਕਿਸ ਕੰਮ ਜੋਗੇ?

*-ਨੀਲਮ ਸੈਣੀ*
*ਫੋਨ: 510-502-0551*

---

### ਨਾਲੋ ਨਾਲ

ਮੁੱਢ ਕਦੀਮੋਂ ਖਹਿੰਦੇ ਆਏ,
ਹੁਸਨ ਜਵਾਨੀ ਨਾਲੋ ਨਾਲ।
ਹੋਰ ਨਾ ਕੋਈ ਕੱਠੇ ਬਹਿੰਦੇ,
ਅੱਗ ਤੇ ਪਾਣੀ ਨਾਲੋ ਨਾਲ।
ਅੱਖ ਇਸ਼ਾਰੇ ਗੱਲਾਂ ਕਰਦੇ,
ਅੰਗ ਹਿਲਾ ਕੇ ਸੁਣ ਲੈਂਦੇ ਨੇ,
ਕੱਠੇ ਭੁੰਜੇ ਬੈਠੇ ਰਹਿੰਦੇ
ਦਾਸ ਤੇ ਰਾਣੀ ਨਾਲੋ ਨਾਲ।
ਵਿਚ ਉਲਾਂਭਿਆਂ ਉਲਝੇ ਰਹਿੰਦੇ
ਰੁੱਸਦੇ ਰਹਿੰਦੇ ਮੰਨਦੇ ਰਹਿੰਦੇ,
ਤੂੰ-ਤੂੰ, ਮੈਂ-ਮੈਂ ਕਰਨ ਤੋਂ ਬਾਅਦ
ਮਿੱਠੀ ਬਾਣੀ ਨਾਲੋ ਨਾਲ।
ਦੂਰੋਂ ਭੇਜਿਆ ਛੋਟਾ ਤੋਹਫ਼ਾ,
ਖੁਸ਼ ਹੋ ਲਾਏ ਮੱਥੇ ਨਾਲ,
ਮਿੱਠੀ ਜਿਹੀ ਮੁਸਕਾਨ ਵੀ ਆਏ,
ਪਿਆਰ ਨਿਸ਼ਾਨੀ ਨਾਲੋ ਨਾਲ।
ਤੇਰੇ ਕੋਲ ਕਿਤਾਬੀ ਅੱਖਰ,
ਮੇਰੇ ਕੋਲ ਮੇਰੇ ਸ਼ਿਅਰ,
ਉਲਝੀ ਰਹਿਣੀ ਤੇਰੀ ਤਾਣੀ
ਮੇਰੀ ਤਾਣੀ ਨਾਲੋ ਨਾਲ।
ਸੱਤ ਸਮੁੰਦਰ ਮੈਂ ਰਹਿੰਦਾ
ਫਿਰ ਵੀ ਤੇਰੇ ਨੇੜੇ-ਨੇੜੇ,
ਜਿੰਦਾਂ ਨੇੜੇ ਤੇਰੀ ਢਾਣੀ
ਮੇਰੀ ਢਾਣੀ ਨਾਲੋ ਨਾਲ।
ਹੋ ਸਕਦਾ ਹੈ ਮੇਰੀਆਂ ਅਸਥੀਆਂ
ਤੇਰੇ ਤੱਕ ਅੱਪੜਨ ਨਾ,
ਫਿਰ ਵੀ ਸਾਂਝੀ ਕਬਰ ਦੇ ਉਤੇ
ਸ਼ਮ੍ਹਾਂ ਜਗਾਣੀ ਨਾਲੋ ਨਾਲ।

*-ਜੁਗਰਾਜ ਗਿੱਲ, ਸ਼ਰਲਟ*
*ਫੋਨ: 704-257-6693*

---

### ਜਨਮੇਜਾ ਸਿੰਘ ਜੌਹਲ ਦੇ ਹਾਇਕੂ

ਇਕੋ ਫਰੇਮ
ਹਰ ਬੰਦਾ ਬੰਨਿਆ
ਛੋਟੀਆਂ ਸੋਚਾਂ।
-
ਹਾਇਕੂ ਫੁੱਲ
ਬੰਦਾ ਅੱਕਲੋਂ ਗੁੱਲ
ਠੋਕਦਾ ਟੁੱਲ।

# ‘ਪੱਗੜੀ ਸੰਭਾਲ ਓ ਜੱਟਾ’ ਲਹਿਰ

‘ਪੰਜਾਬ ਟਾਈਮਜ਼’ ਦੇ 6 ਅਪਰੈਲ 2013 ਵਾਲੇ ਅੰਕ ਵਿਚ ਸ. ਸੁਖਵੰਤ ਸਿੰਘ ਦਾ ਲਿਖਿਆ ਲੇਖ ‘ਪੰਜਾਬ 1907: ਏਕੇ ਦਾ ਇਤਿਹਾਸ’ ਪੜ੍ਹਿਆ। ਇਹ ਲੇਖ ਮੁੱਢ ਤੋਂ ਅੰਤ ਤੱਕ, ਸਮੇਂ ’ਚ ਬੱਝੀਆਂ ਕ੍ਰਮਵਾਰ ਘਟਨਾਵਾਂ ਦੀ ਸਰਲ ਸ਼ਬਦਾਂ ’ਚ ਬਿਆਨ ਕੀਤੀ ਵੱਡਮੁੱਲੀ ਜਾਣਕਾਰੀ ਨਾਲ ਭਰਪੂਰ ਹੈ। ਲੇਖਕ ਦੀ ਸੂਝ-ਬੂਝ, ਲਿਆਕਤ ਅਤੇ ਵਿਸ਼ੇ ‘ਤੇ ਜ਼ਬਰਦਸਤ ਪਕੜ ਹੈਰਾਨੀਜਨਕ ਹੈ। ਮੈਨੂੰ ਵੀ ਇਸ ਵਿਸ਼ੇ ‘ਤੇ ਕੁਝ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਪੰਜਾਬ ਦੇ ਕਿਰਤੀ ਕਿਸਾਨਾਂ ਦੀ 1907 ਦੀ ਇਸ ਲਹਿਰ ਬਾਰੇ ਕੁਝ ਤੱਥ ਅਤੇ ਵੇਰਵੇ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਕਿਸਾਨਾਂ ਦੇ ਇਸ ਅੰਦੋਲਨ ਵਿਚ ਸੂਫ਼ੀ ਅੰਬਾ ਪ੍ਰਸ਼ਾਦ, ਸ੍ਰੀ ਪਿੰਡੀ ਦਾਸ ਅਤੇ ਲਾਲਾ ਬਾਂਕੇ ਦਿਆਲ ਦਾ ਪਾਇਆ ਯੋਗਦਾਨ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸ. ਅਜੀਤ ਸਿੰਘ (ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਚਾਚਾ ਜੀ), ਸ੍ਰੀ ਪਿੰਡੀ ਦਾਸ ਅਤੇ ਸੂਫ਼ੀ ਅੰਬਾ ਪ੍ਰਸ਼ਾਦ ਨੇ ਮਿਲ ਕੇ ‘ਭਾਰਤ ਮਾਤਾ ਸੁਸਾਇਟੀ’ ਨਾਮੀ ਸੰਸਥਾ ਬਣਾਈ ਸੀ। ਲਾਲਾ ਲਾਜਪਤ ਰਾਏ ਨੇ ਇਸ ਸੰਸਥਾ ਦੀ ਤਨਦੇਹੀ ਨਾਲ ਸੇਵਾ ਕੀਤੀ। ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੀਆਂ ਧੜੱਲੇਦਾਰ ਤਕਰੀਰਾਂ, ਸੂਫੀ ਅੰਬਾ ਪ੍ਰਸ਼ਾਦ ਦੇ ਲਿਖੇ ਕ੍ਰਾਂਤੀਕਾਰੀ ਲੇਖਾਂ ਅਤੇ ਲਾਲਾ ਬਾਂਕੇ ਦਿਆਲ ਦੀ ਹਰਮਨ ਪਿਆਰੀ ਕਵਿਤਾ ‘ਪੱਗੜੀ ਸੰਭਾਲ ਓ ਜੱਟਾ, ਪੱਗੜੀ ਸੰਭਾਲ ਓ’ ਨੇ ਇਸ ਸੰਘਰਸ਼ ਦੀ ਆਵਾਜ਼ ਦੇਸ-ਪਰਦੇਸ ਪਹੁੰਚਾ ਦਿੱਤੀ। ਉਸ ਸਮੇਂ ਇਹ ਕਵਿਤਾ ਇੰਨੀ ਮਸ਼ਹੂਰ ਹੋਈ ਕਿ ਇਸ ਅੰਦੋਲਨ ਦਾ ਨਾਂ ਹੀ ‘ਪੱਗੜੀ ਸੰਭਾਲ ਓ ਜੱਟਾ’ ਪੈ ਗਿਆ। ਲਾਲਾ ਬਾਂਕੇ ਦਿਆਲ ‘ਝੰਗ ਸਿਆਲ’ ਅਖ਼ਬਾਰ ਦੇ ਸੰਪਾਦਕ ਸਨ। ਅੰਗਰੇਜ਼ ਹਾਕਮਾਂ ਨੇ ਉਨ੍ਹਾਂ ਉਤੇ ਵਿਦਰੋਹੀ ਲਿਖਤਾਂ ਅਖ਼ਬਾਰ ’ਚ ਛਪਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਦਾ ਅਖ਼ਬਾਰ ਜ਼ਬਤ ਕਰ ਲਿਆ ਅਤੇ ਦੇਸ਼ ਨਿਕਾਲਾ ਦੇ ਦਿੱਤਾ।

ਸੂਫੀ ਅੰਬਾ ਪ੍ਰਸ਼ਾਦ (1858-1919) ਮੁਰਾਦਾਬਾਦ (ਉਤਰ ਪ੍ਰਦੇਸ਼) ‘ਚ ਜਨਮੇ ਸਨ। ‘ਪੇਸ਼ਵਾ‘ ਅਖ਼ਬਾਰ ਦੇ ਸੰਪਾਦਕ ਸਨ। 1907 ‘ਚ ਪੁਲਿਸ ਛਾਪੇ ਸਮੇਂ ਉਨ੍ਹਾਂ ਨੂੰ ਨੇਪਾਲ ਵੱਲ ਭੱਜਣਾ ਪਿਆ। ਪਹਿਲਾਂ ਨੇਪਾਲ ‘ਚ ਪਨਾਹ ਲਈ, ਫਿਰ ਪਰਸ਼ੀਆ (ਇਰਾਨ) ਚਲੇ ਗਏ। ਸਾਰੀ ਉਮਰ ਦੇਸ਼ ਦੀ ਆਜ਼ਾਦੀ ਲਈ ਜੱਦੋਜਹਿਦ ਕਰਦੇ ਰਹੇ। ਅਖ਼ੀਰ 1919 ’ਚ ਅੰਗਰੇਜ਼ ਫੌਜ ਨਾਲ ਲੜਦਿਆਂ ਇਰਾਨ ਦੇ ਸ਼ਹਿਰ ਸ਼ਿਰਾਜ ‘ਚ ਸ਼ਹੀਦ ਹੋ ਗਏ।

17 ਅਪਰੈਲ 1907 ਨੂੰ ਮੁਲਤਾਨ ‘ਚ ਹੋਏ ਰੋਸ ਮੁਜ਼ਾਹਰੇ ਪਿੱਛੋਂ 21 ਅਪਰੈਲ 1907 ਨੂੰ ਗੰਜ ਮੰਡੀ ਰਾਵਲਪਿੰਡੀ ਵਿਚ ਇਕੱਠ ਰੱਖਿਆ ਗਿਆ। ਇਸ ਜਲਸੇ ਵਿਚ ਸ. ਅਜੀਤ ਸਿੰਘ ਨੇ ਜੋਸ਼ੀਲੀ ਅਤੇ ਪ੍ਰਭਾਵਸ਼ਾਲੀ ਤਕਰੀਰ ਕੀਤੀ ਜੋ ਬੜੀ ਗਰਮ ਅਤੇ ਸੁਤੰਤਰਤਾ ਦੇ ਵਲਵਲਿਆਂ ਨਾਲ ਲਬਾਲਬ ਸੀ। ਸ. ਅਜੀਤ ਸਿੰਘ ਦੀ ਇਸ ਤਕਰੀਰ ਦੇ ਕੁਝ ਅੰਸ਼ ਹਾਜ਼ਰ ਹਨ,

“ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਹਿੰਦੂ ਤੇ ਮੁਸਲਮਾਨ ਵੀਰੋ! ਇਕੱਠੇ



ਲਾਲਾ ਬਾਂਕੇ ਦਿਆਲ



ਸੂਫੀ ਅੰਬਾ ਪ੍ਰਸ਼ਾਦ

ਹੋਵੋ, ਹੁਣ ਤੁਹਾਡਾ ਸਮਾਂ ਹੈ। ਅਸੀਂ ਤੀਹ ਕਰੋੜ ਹਾਂ, ਉਹ (ਅੰਗਰੇਜ਼) ਡੇਢ ਲੱਖ। ਹਵਾ ਦਾ ਇਕ ਬੁੱਲਾ (ਹੀ) ਉਨ੍ਹਾਂ ਨੂੰ ਉਡਾ ਸਕਦਾ ਹੈ। ਤੋਪਾਂ ਕਿਸੇ ਕੰਮ ਦੀਆਂ ਨਹੀਂ। ਇਕ ਉਂਗਲ ਨੂੰ ਸੌਖ ਨਾਲ ਤੋੜਿਆ ਜਾ ਸਕਦਾ ਹੈ, ਜਦੋਂ ਪੰਜੇ ਉਂਗਲਾਂ ਇਕੱਠੀਆਂ ਹੋ ਕੇ ਮੁੱਠੀ ਬਣ ਜਾਂਦੀ ਹੈ ਤਾਂ ਕੋਈ ਇਸ ਨੂੰ ਤੋੜ ਨਹੀਂ ਸਕਦਾ। ਉਹ ਸੱਤ ਸਮੁੰਦਰ ਪਾਰੋਂ ਸਾਡੇ ’ਤੇ ਰਾਜ ਕਰਨ ਆਏ ਹਨ।...ਲਾਰਡ ਲਿਟਨ ਦੇ ਸਮੇਂ ਲੱਖਾਂ ਲੋਕ ਅਕਾਲ ਕਾਰਨ ਮਰੇ। ਚੰਗਾ ਹੋਵੇ, ਅਸੀਂ ਉਸ ਨੂੰ ਲਾਰਡ ‘ਲੁੱਟਣ’ ਆਖੀਏ। ਲੋਕ ਮਰ ਗਏ, ਪਰ ਇਸ ਸਭ ਕੁਝ ਤੋਂ ਪ੍ਰਭਾਵਿਤ ਹੋਏ ਬਿਨਾਂ ਲਾਰਡ ਦਿੱਲੀ ਵਿਚ ਐਸ਼ ਕਰਦਾ ਰਿਹਾ। ਕੀ ਸਰਕਾਰ ਚਲਾਉਣ ਵਾਲਿਆਂ ਦੇ ਇਸ ਰਵੈਏ ਨੂੰ ਬਰਦਾਸ਼ਤ ਕੀਤਾ ਜਾ ਸਕਦੈ?”

“...ਪਲੇਗ ਕਾਰਨ ਸਾਡੇ ਹਜ਼ਾਰਾਂ ਭਾਈ ਚੱਲ ਵਸੇ, ਪਰ ਸਰਕਾਰ ਦੇ ਕੰਨੀਂ ਜੂੰ ਨਾ ਸਰਕੀ।...ਮਾਮਲਾ ਨਾ ਦਿਉ, ਜੇਲ੍ਹ ਨੂੰ ਤੀਰਥ ਸਥਾਨ ਸਮਝੋ। ਅਧਿਆਪਕ ਸਾਡੇ ਵੱਲ ਹਨ, ਸਿਪਾਹੀ ਸਾਡੀ ਪਿੱਠ ’ਤੇ ਹਨ, ਬਹਿਰੇ ਤੇ ਖ਼ਾਨਸਾਮੇ ਸਾਡੇ ਨਾਲ ਹਨ, ਇਨ੍ਹਾਂ ਸਾਹਿਬਾਂ (ਅੰਗਰੇਜ਼ਾਂ) ਨੂੰ ਆਪਣੀ ਰੋਟੀ ਆਪ ਪਕਾਉਣ ਦਿਉ।”

“ਇਕ ਵਾਰ ਮੇਰੀ ਗੱਲਬਾਤ ਇਕ ਰੂਸੀ ਨਾਲ ਹੋਈ। ਉਸ ਨੇ ਕਿਹਾ, ‘ਤੁਸੀਂ ਗਿਣਤੀ ਵਿਚ ਇਤਨੇ ਜ਼ਿਆਦਾ ਹੋ ਅਤੇ ਤੁਹਾਡੇ ਸ਼ਾਸਕ ਮੁੱਠੀ ਭਰ ਹਨ।’...ਸ਼ਰਮ ਦੇ ਮਾਰੇ ਮੇਰਾ ਸਿਰ ਝੁਕ ਗਿਆ। ਮੈਂ ਚੁੱਪ ਰਿਹਾ, ਕੋਈ ਉਤਰ ਨਾ ਦੇ ਸਕਿਆ।”

“ਕੀ ਫਰਕ ਪੈਂਦਾ ਹੈ ਜੇ ਅਸੀਂ ਦੇਸ਼ ਦੀ ਖਾਤਰ ਮਰ ਵੀ ਜਾਈਏ, ਕਿਉਂਕਿ ਪਲੇਗ ਕਾਰਨ ਵੀ ਤਾਂ ਮਰ ਸਕਦੇ ਹਾਂ। ਇਸ ਲਈ ਬਿਹਤਰ ਹੈ ਕਿ ਪਲੇਗ ਅਤੇ ਕਾਲ ਦੀ ਥਾਂ ਦੇਸ਼ ਲਈ ਮਰੀਏ।...ਇਸ ਮੌਕੇ ਨੂੰ ਹੱਥੋਂ ਨਹੀਂ ਗਵਾਉਣਾ ਚਾਹੀਦਾ ਅਤੇ ਤਕੜੀ ਸੱਟ ਮਾਰਨੀ ਚਾਹੀਦੀ ਹੈ, ਜਦੋਂ ਕਿ (ਹੁਣ) ਲੋਹਾ ਗਰਮ ਹੈ।”

(ਹਵਾਲਾ: ਸੰਤ ਬਾਬਾ ਵਿਸਾਖਾ ਸਿੰਘ, ਲੇਖਕ: ਬਿਕਰਮ ਸਿੰਘ ਘੁੰਮਣ, ਵਾਰਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ)

ਸ. ਅਜੀਤ ਸਿੰਘ ਦੀ ਤਕਰੀਰ ਦੇ ਅਖੀਰ ‘ਚ ‘ਬੋਲੇ ਸੋ ਨਿਹਾਲ‘ ਅਤੇ ‘ਭਾਰਤ ਮਾਤਾ ਦੀ ਜੈ‘ ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉਠਿਆ।

ਇਸ ਅੰਦੋਲਨ ‘ਚ ਪੰਜਾਬ ਦੇ ਕਿਸਾਨਾਂ ਦੀ ਸਫ਼ਲਤਾ ਤਾਂ ਹੋਈ ਹੀ, ਨਾਲ ਹੀ ਇਸ ਲਹਿਰ ਤੋਂ ਪ੍ਰੇਰਨਾ ਲੈ ਕੇ ਕਈ ਦੇਸ਼ ਭਗਤ ਪੁੰਗਰ ਪਏ। ਮਿਸਾਲ ਵਜੋਂ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਹਰੀ ਸਿੰਘ ਉਸਮਾਨ-ਦੋਵੇਂ ਗ਼ਦਰੀ ਬਾਬੇ ਇਸ ਕਿਸਾਨ ਅੰਦੋਲਨ ਦੀ ਉਪਜ ਸਨ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

# ਨੀ ਦਿੱਲੀਏ ਤੈਨੂੰ ਤਰਸ ਨਾ ਆਇਆ...

ਸੰਨ ਚੁਰਾਸੀ ਦੇ ਉਹ ਭਿਆਨਕ ਅਤੇ ਕਾਲੇ ਡਰਾਉਣੇ ਦਿਨ ਭਲਾ ਸਿੱਖ ਕਿਵੇਂ ਭੁੱਲ ਸਕਦੇ ਹਨ ਜਦ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਤੇ ਬੰਬਾਂ ਨਾਲ ਢਾਹ ਦਿਤਾ ਗਿਆ। ਹਜ਼ਾਰਾਂ ਨਿਰਦੋਸ਼ ਅਤੇ ਨਿਹੱਥੀਆਂ ਸੰਗਤਾਂ ਨੂੰ ਸ਼ਹੀਦੀ ਦੇ ਜਾਮ ਪੀਣੇ ਪਏ। ਇਹ ਕਾਲਾ ਦੌਰ ਅੱਗੇ ਵਧਦਾ ਗਿਆ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਮਗਰੋਂ ਜੋ ਹਾਲ ਸਿੱਖਾਂ ਦਾ ਕੀਤਾ ਗਿਆ, ਉਸ ਨੂੰ ਵੇਖ ਕੇ ਧਰਤੀ ਦਾ ਸੀਨਾ ਫਟ ਗਿਆ। ਵੱਡੇ ਛੋਟੇ ਸ਼ਹਿਰਾਂ ਵਿਚ ਉਨ੍ਹਾਂ ਦੇ ਘਰਾਂ ਦੇ ਅੰਦਰੀਂ ਵੜ-ਵੜ ਕੇ ਬੱਚਿਆਂ ਤੇ ਬਜ਼ੁਰਗਾਂ ਨੂੰ ਵੱਢਿਆ ਗਿਆ। ਬੇਦੋਸ਼ੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਉਨ੍ਹਾਂ ਨੂੰ ਜਿਉਂਦੇ ਸਾੜਿਆ ਗਿਆ। ਔਰਤਾਂ ਦੇ ਸਾਹਮਣੇ ਹੀ ਉਨ੍ਹਾਂ ਦੇ ਸੁਹਾਗ ਉਜਾੜ ਦਿੱਤੇ ਗਏ, ਭੈਣਾਂ ਦੇ ਵੀਰ ਮਾਰ ਦਿੱਤੇ ਗਏ। ਮਾਂਵਾਂ ਪੁੱਤਰਾਂ ਦੇ ਪਿਆਰ ਤੋਂ ਵਾਂਝੀਆਂ ਹੋ ਗਈਆਂ ਅਤੇ ਬੁੱਢੇ ਬਾਪੂਆਂ ਦੀਆਂ ਡੰਗੋਰੀਆਂ ਟੁੱਟ ਗਈਆਂ। ਅਣਗਿਣਤ ਬੱਚੇ ਯਤੀਮ ਹੋ ਗਏ। ਉਜੜੇ ਹੋਏ ਪਰਿਵਾਰਾਂ ਲਈ ਇਕ ਵਾਰ ਫਿਰ ਸੰਨ ਸੰਤਾਲੀ ਦੈਂਤ ਬਣ ਕੇ ਸਾਹਮਣੇ ਆਣ ਖੜ੍ਹਾ ਹੋਇਆ। ਪਰਿਵਾਰਾਂ ਦੇ ਪਰਿਵਾਰ ਸ਼ਹਿਰ-ਸ਼ਹਿਰ ਤੇ ਪਿੰਡ-ਪਿੰਡ ਧੱਕੇ ਖਾਣ ਲੱਗੇ। ਉਹੀ ਲੋਕ ਜੋ ਕਦੀ ਨਵੇਂ ਬਣੇ ਪਾਕਿਸਤਾਨ ਦੇ ਬਾਸ਼ਿੰਦਿਆਂ ਹੱਥੋਂ ਉਜੜ ਕੇ ਆਏ ਸਨ, ਅੱਜ ਆਪਣੇ ਹੀ ਮੁਲਕ ਵਿਚ ਆਪਣਿਆਂ ਹੱਥੋਂ ਉਜੜ ਰਹੇ ਸਨ, ਬੇਘਰੇ ਹੋ ਰਹੇ ਸਨ, ਬਰਬਾਦ ਹੋ ਰਹੇ ਸਨ। ਉਹ ਦਰ ਦਰ ਦੀਆਂ ਠੋਕਰਾਂ ਅਤੇ ਧੱਕੇ ਖਾ ਰਹੇ ਸਨ।

ਸਮਾਂ ਆਪਣੀ ਤੋਰ ਤੁਰਦਾ ਗਿਆ, ਪਰ ਸੱਜਣ ਕੁਮਾਰ ਨਾਂ ਦੇ ਆਦਮੀ ਦਾ ਅਕਸ ਧੁੰਦਲਾ ਨਹੀਂ ਸੀ ਹੋ ਰਿਹਾ ਕਿਉਂਕਿ 2 ਨਵੰਬਰ 1984 ਦੇ ਦਿਨ ਦਿੱਲੀ ਕੈਂਟ ਦੇ ਇਲਾਕੇ ਰਾਜ ਨਗਰ ਵਿਚ ਇਕੋ ਪਰਿਵਾਰ ਦੇ ਪੰਜ ਜੀਆਂ ਨੂੰ ਜਿਉਂਦੇ ਸਾੜਨ ਵਾਲਾ ਮੁੱਖ ਦੋਸ਼ੀ ਸੱਜਣ ਕੁਮਾਰ ਹੀ ਸੀ

## ਦੁਖਦੀ ਰਗ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਜਿਸ ਨੂੰ 29 ਸਾਲਾਂ ਬਾਅਦ 30 ਅਪਰੈਲ 2013 ਨੂੰ ਦਿੱਲੀ ਦੀ ਅਦਾਲਤ ਨੇ ਸਾਰੇ ਦੋਸ਼ਾਂ ਤੋਂ ਬਰੀ ਕਰ ਕੇ ਆਪਣੇ ਮੱਥੇ ਉਤੇ ਨਾਇਨਸਾਫ਼ੀ ਦੇ ਕਲੰਕ ਦਾ ਟਿੱਕਾ ਲਾ ਲਿਆ। ਇਸ ਫੈਸਲੇ ਨਾਲ ਸਿੱਖਾਂ ਦੀ ਪੀੜਾ ਇਕ ਵਾਰੀ ਫਿਰ ਉਜਾਗਰ ਹੋ ਉਠੀ ਹੈ ਅਤੇ ਉਜੜੇ ਪਰਿਵਾਰ ਧਾਹੀਂ ਰੋ ਰਹੇ ਹਨ। ਥਾਂ ਥਾਂ ਇਸ ਨਾਇਨਸਾਫ਼ੀ ਦੇ ਫੈਸਲੇ ਖ਼ਿਲਾਫ਼ ਰੋਸ ਭਰੇ ਮੁਜ਼ਾਹਰੇ ਹੋ ਰਹੇ ਹਨ। ਹੋਣ ਵੀ ਕਿਉਂ ਨਾ; ਜਿਸ ਦਾ ਘਰ ਉਜੜਦਾ ਹੈ, ਉਸੇ ਨੂੰ ਪੀੜ ਹੁੰਦੀ ਹੈ। ਇਹ ਕੋਈ ਅਤਿ ਕਥਨੀ ਨਹੀਂ ਹੈ। ਗੁਰਬਾਣੀ ਦਾ ਫਰਮਾਨ ਹੈ-ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥

ਸਿੱਖਾਂ ਦੀ ਪੀੜਾ ਨੂੰ ਅੱਜ ਭਾਵੇਂ ਦੂਜੇ ਮੁਲਕ ਜਾਂ ਕੌਮਾਂ ਮਹਿਸੂਸ ਨਾ ਕਰਨ, ਪਰ ਸਿੱਖਾਂ ਲਈ ਇਹ ਅਤਿ ਦੁੱਖ ਅਤੇ ਦਰਦ ਭਰਿਆ ਸਮਾਂ ਹੈ। ਇਸ ਲਈ ਜੇ ਰੋਸ ਮੁਜ਼ਾਹਰੇ ਹੋ ਰਹੇ ਹਨ ਤਾਂ ਇਹ ਸੱਚਾਈ ਹੀ ਬਿਆਨ ਕਰ ਰਹੇ ਹਨ। ਇਤਿਹਾਸ ਗਵਾਹ ਹੈ ਕਿ ਆਪਣੇ ਦੇਸ਼ ਦੀ ਰਾਖੀ ਲਈ ਸਿੱਖਾਂ ਨੇ ਹਰ ਮੁਹਾਜ਼ ‘ਤੇ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ। ਸੱਜਣ ਕੁਮਾਰ ਨੂੰ ਅਦਾਲਤ ਸਖ਼ਤ ਸਜ਼ਾ ਸੁਣਾ ਕੇ ਸਿੱਖਾਂ ਦੇ ਡੂੰਘੇ ਤੇ ਰਿਸ ਰਹੇ ਜ਼ਖ਼ਮਾਂ ਉਤੇ ਹਮਦਰਦੀ ਤੇ ਇਨਸਾਫ਼ ਦੀ ਮਰਹਮ ਲਾ ਸਕਦੀ ਸੀ, ਪਰ ਇਸ ਤਰ੍ਹਾਂ ਨਹੀਂ ਹੋਇਆ।

ਕਾਨੂੰਨ ਅੰਨ੍ਹਾ ਹੈ। ਫਿਰ ਭਲਾ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਹਰ ਕੌਮ ਵਿਚ ਹੀ ਬੇਈਮਾਨ ਤੇ ਗੱਦਾਰ ਹੁੰਦੇ ਹਨ; ਸਾਡੇ ਵਿਚ ਵੀ ਹਨ ਜੋ ਦੂਜਿਆਂ ਦੀ ਝੋਲੀ ਚੁੱਕ ਕੇ ਆਪਣੇ ਸਿੰਘਾਸਣ ਅਤੇ ਕੁਰਸੀਆਂ ਉਤੇ ਬਣੀਆਂ ਹੋਈਆਂ ਚੌਧਰਾਂ ਬਰਕਰਾਰ ਰੱਖਣ ਲਈ ਸਭ ਦਾ ਭਵਿੱਖ ਵੀ ਦਾਅ ‘ਤੇ ਲਾ ਦਿੰਦੇ ਹਨ; ਪਰ ਮਰਜੀਵੜਿਆਂ ਵਾਲੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਮੰਜ਼ਿਲਾਂ ਉਨ੍ਹਾਂ ਨੂੰ ਹਰ ਵੇਲੇ ਦਰਦੀਲੇ ਕੰਡਿਆਂ ਭਰੇ ਰਾਹਾਂ ਉਤੇ ਤੁਰਨ ਲਈ ਇਸ਼ਾਰੇ ਵੀ ਕਰਦੀਆਂ ਰਹਿੰਦੀਆਂ ਹਨ ਕਿ ਉਠੋ! ਫਿਰ ਤਿਆਰ ਹੋਵੋ, ਕਮਰ ਕੱਸੋ ਤੇ ਅੱਗੇ ਤੁਰ ਪਵੋ। ਬਿਲਕੁਲ ਉਵੇਂ ਹੀ ਜਿਵੇਂ ਚਮਕੌਰ ਦੀ ਗੜ੍ਹੀ ਵਿਚੋਂ ਅੱਧੀ ਰਾਤ ਦੇ ਘੁੱਪ ਹਨੇਰੇ ਵਿਚ ਪੰਜਾਂ ਸਿੰਘਾਂ ਦੇ ਕਹਿਣ ‘ਤੇ ਦਸਮ ਪਿਤਾ ਤੁਰ ਪਏ ਸਨ ਅਤੇ ਘਨਘੋਰ ਘਟਾਵਾਂ ਵਿਚੋਂ ਜਦ ਬਿਜਲੀ ਦੀ ਚਮਕ ਪਈ ਤਾਂ ਸਾਹਮਣੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹਾਦਤ ਦਾ ਜਾਮ ਪੀ ਕੇ ਲੇਟੇ ਹੋਏ ਦਿਖਾਈ ਦਿੱਤੇ, ਪਰ ਉਸ ਨੂੰ ਵੇਖ ਕੇ ਦਸਮ ਪਿਤਾ ਖਲੋਤੇ ਨਹੀਂ; ਸਗੋਂ ਅੱਗੇ ਵਧਦੇ ਗਏ। ਸੋ, ਅਣਖੀਲੇ ਯੋਧਿਓ ਤੇ ਸੂਰਬੀਰੋ! ਤੁਸੀਂ ਵੀ ਅੱਗੇ ਵਧੋ। ਸਮਾਂ ਵੀ ਅੱਗੇ ਤੁਰਨ ਵਾਲਿਆਂ ਦੇ ਨਾਲ ਤੁਰਦਾ ਹੈ।

# ਪਾਠਕਾਂ ਦੀ ਕਚਹਿਰੀ ‘ਚ ਅਖਬਾਰਾਂ ਦਾ ਮਸਲਾ

**ਸੰਪਾਦਕ ਜੀ,**

27 ਅਪਰੈਲ ਦੇ ਪੰਜਾਬ ਟਾਈਮਜ਼ ਵਿਚ ‘ਧੜੇਬੰਧਕ ਸਿਆਸਤ ਅਤੇ ਪੰਜਾਬੀ ਅਖਬਾਰ’ ਪੜ੍ਹਿਆ ਤਾਂ ਮਨ ਨੂੰ ਬੜਾ ਦੁੱਖ ਹੋਇਆ ਕਿ ਆਮ ਲੋਕਾਂ ਦੀ ਗੱਲ ਤਾਂ ਛੱਡੋ, ਆਪਣੇ ਆਪ ਨੂੰ ਵੱਡੇ ਸੇਵਕ ਅਖਵਾਉਂਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਚੌਧਰੀ ਵੀ ਅਖਬਾਰਾਂ ਦੇ ਪੈਸੇ

## ਸੰਪਾਦਕ ਦੀ ਡਾਕ

ਮਾਰ ਜਾਂਦੇ ਹਨ। ਮਿਆਰੀ ਅਖਬਾਰ ਕੱਢਣਾ ਬਹੁਤ ਮੁਸ਼ਕਿਲ ਹੈ। ਮਾੜੀ ਗੱਲ ਇਹ ਹੈ ਕਿ ਚਲੰਤ ਅਖਬਾਰਾਂ ਵਾਲੇ ਮਿਆਰੀ ਅਖਬਾਰਾਂ ਦਾ ਬਿਜਨਸ ਖੋਹਣ ਲਈ ਪੱਬਾਂ ਭਾਰ ਹੋ ਜਾਂਦੇ ਹਨ। ਹੁਣ ਤਾਂ ਚਲੰਤ ਅਖਬਾਰਾਂ ਹੀ ਐਨੀਆਂ ਹੋ ਗਈਆਂ ਹਨ ਕਿ ਗਿਣਨ ਲੱਗੋ ਤਾਂ ਉਂਗਲਾਂ ਦੇ ਪੋਟੇ ਮੁੱਕ ਜਾਣਗੇ। ਕਿਸੇ ਨੂੰ ਲਿਖਣਾ ਆਵੇ ਭਾਵੇਂ ਨਾ, ਅਖਬਾਰਾਂ ਦੇ ਵੱਡੇ ਸੰਪਾਦਕ ਬਣੇ ਬੈਠੇ ਹਨ। ਅੱਧੇ ਮੁੱਲ ‘ਤੇ ਇਸ਼ਤਿਹਾਰ ਲਾਈ ਜਾਣਗੇ। ਅਜਿਹੇ ਅਖਬਾਰ ਸਮਾਜ ਦਾ ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਕਰਦੇ ਹਨ। ਗੁਰੂ ਘਰਾਂ ਜਾਂ ਭਾਈਚਾਰੇ ਦੇ ਦੋ ਗਰੁਪ ਬਣਾ ਕੇ ਇਕ ਦੂਜੇ ਦੇ ਵਿਰੁਧ ਲਿਖੀ ਜਾਣਗੇ, ਪੈਸੇ ਲੈ ਕੇ।

ਮੈਂ ਕਿਸੇ ਅਖਬਾਰ ਨੂੰ ਆਰਟੀਕਲ ਭੇਜਿਆ ਤਾਂ ਉਹਦਾ ਫੋਨ ਆ ਗਿਆ, “ਜੇ ਛਪਵਾਉਣਾ ਹੈ ਤਾਂ ਪੈਸੇ ਭੇਜੋ, ਅਸੀਂ ਆਪਣੇ ਖਰਚੇ ਵੀ ਤੋਰਨੇ ਆ।” ਮੈਂ ਕਿਹਾ, “ਸੱਚ ਲਿਖਿਆ ਹੈ! ਐਨੀ ਮਿਹਨਤ ਕੀਤੀ ਤੇ ਪੈਸੇ ਕਾਹਦੇ?” “ਸੱਚ ਜਾਂ ਝੂਠ, ਸਾਨੂੰ ਨ੍ਹੀਂ ਪਤਾ, ਪੈਸੇ ਭੇਜੋਗੇ ਠੀਕ ਹੈ ਨਹੀ ਤਾਂ ਨਹੀ ਲੱਗੇਗਾ,” ਕਹਿ ਕੇ ਉਹਨੇ ਫੋਨ ਬੰਦ ਕਰ ਦਿਤਾ।

ਦੋ ਅਖਬਾਰਾਂ ਵਿਚ ਦਿਨ ਦਿਹਾਰ ‘ਤੇ ਮੈਂ ਵਧਾਈ ਲੁਆਈ ਤੇ ਦੋ ਲਫਾਫਿਆਂ ਵਿਚ ਪੈਸੇ ਪਾ ਕੇ ਇਕ ਅਖਬਾਰ ਦੇ ਸੰਪਾਦਕ ਨੂੰ ਦੋਵੇਂ ਲਿਫਾਫੇ ਫੜਾ ਦਿਤੇ ਕਿ ਦੂਜੇ ਨੂੰ ਵੀ ਫੜਾ ਦੇਵੀਂ। ਹੁਣ ਕਈ ਸਾਲ ਹੋ ਗਏ, ਉਹ ਪੈਸੇ ਉਸ ਅਖਬਾਰ ਕੋਲ ਅੱਜ ਤੱਕ ਨਹੀਂ ਪਹੁੰਚੇ।

ਅਮੋਲਕ ਭਾਜੀ, ਤੁਸੀਂ ਬੜੇ ਸਹਿਨਸ਼ੀਲ ਹੋ। ਸਿਹਤ ਦੀਆਂ ਮਜ਼ਬੂਰੀਆਂ ਦੇ ਬਾਵਜੂਦ ਕੋਈ ਪ੍ਰਵਾਹ ਨਹੀਂ ਕਰਦੇ। ਜੇ ਕੋਈ ਹੋਰ ਹੁੰਦਾ ਤਾਂ ਅਗਲੇ ਦਾ ਜਲੂਸ ਕੱਢ ਦਿੰਦਾ। ਕਿਸੇ ਦਾ ਹੱਕ ਖਾਣਾ ਕਈਆਂ ਦਾ ਸੁਭਾਅ ਬਣ ਗਿਆ ਹੁੰਦੈ। ਉਹ ਆਦਤ ਤੋਂ ਮਜ਼ਬੂਰ ਹੁੰਦੇ ਹਨ। ‘ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥’ ਤੁਸੀਂ ਬਾਬੇ ਨਾਨਕ ਦਾ ਇਹ ਫੁਰਮਾਨ ਉਨ੍ਹਾਂ ਨੂੰ ਯਾਦ ਕਰਾ ਕੇ ਠੀਕ ਹੀ ਕੀਤਾ ਹੈ। ਵੇਖਣਾ ਹੈ ਕਿ ਉਨ੍ਹਾਂ ’ਤੇ ਕੋਈ ਅਸਰ ਹੁੰਦਾ ਵੀ ਹੈ ਜਾਂ ਨਹੀਂ।

‘ਪੰਜਾਬ ਟਾਈਮਜ਼’ ਦੀ 13ਵੀਂ ਵਰ੍ਹੇਗੰਢ ‘ਤੇ ਇਸ ਦੇ ਸਟਾਫ, ਸਰਪ੍ਰਸਤਾਂ, ਕਾਲਮਨਵੀਸਾਂ ਅਤੇ ਪਾਠਕਾਂ ਨੂੰ ਵਧਾਈ। ਰਾਜਾ ਸਾਹਿਬ ਸਪੋਰਟਸ ਕਲੱਬ ਦੇ ਮੈਂਬਰਾਂ ਦੀ ਦੁਆ ਹੈ ਕਿ ਪੰਜਾਬ ਟਾਈਮਜ਼ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰੇ।

*-ਇਕਬਾਲ ਜੱਬੋਵਾਲੀਆ*
*ਨਿਊ ਯਾਰਕ।*

---

## ਤੇਰਵੀਂ ਵਰ੍ਹੇਗੰਢ ਮੁਬਾਰਕ

ਸੰਪਾਦਕ ਜੀ,

ਅਮਰੀਕਾ ਵਸਦੇ ਹੀ ਨਹੀਂ, ਕੈਨੇਡਾ ਅਤੇ ਹੋਰਨਾਂ ਮੁਲਕਾਂ ਵਿਚ ਵੀ ਆਪਣੀ ਵੱਖਰੀ ਪਛਾਣ ਬਣਾ ਚੁਕੇ ਪੰਜਾਬ ਟਾਈਮਜ਼ ਨੂੰ ਇਸ ਦੀ ਤੇਰਵੀਂ ਵਰ੍ਹੇਗੰਢ ਉਤੇ ਬਹੁਤ ਬਹੁਤ ਮੁਬਾਰਕ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ਮਿਆਰਾਂ ਕਰਕੇ ਇਹ ਅਖਬਾਰ ਅਮਰੀਕਾ ਵਿਚ ਨੰਬਰ ਇਕ ਪੰਜਾਬੀ ਅਖਬਾਰ ਹੈ। ਸੰਪਾਦਕ ਅਮੋਲਕ ਸਿੰਘ ਜੰਮੂ ਦੀ ਅਗਵਾਈ ਹੇਠ ਇਸ ਦਾ ਸਾਰਾ ਸਟਾਫ ਅਤੇ ਸਥਾਈ ਕਾਲਮਨਵੀਸ ਅਖਬਾਰ ਨੂੰ ਹੋਰ ਚੰਗੇਰਾ ਬਣਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਪਰਮਾਤਮਾ ਕਰੇ ਪੰਜਾਬੀਆਂ ਦਾ ਇਹ ਹਰਮਨ ਪਿਆਰਾ ਅਖਬਾਰ ਹੋਰ ਤਰੱਕੀਆਂ ਕਰੇ।

*-ਰਾਣਾ ਇਕਬਾਲ ਸਿੰਘ*

---

## ਭਾਰਤ ਦੀ ਸਮੂਹਿਕ ਚੇਤਨਾ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 27 ਅਪਰੈਲ ਦੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲੇਖ ‘ਭਾਰਤ ਦੀ ਸਮੂਹਿਕ ਚੇਤਨਾ’ ਪੜ੍ਹਿਆ ਜਿਸ ਵਿਚ ਵੱਖ ਵੱਖ ਰੰਗਾਂ ਦੀਆਂ ਭਾਰਤੀ ਸਰਕਾਰਾਂ ਦਾ ਕਿਰਦਾਰ ਨੰਗਾ ਕੀਤਾ ਗਿਆ ਹੈ। ਭਾਰਤੀ ਸਿਸਟਮ ਸਮੂਹਿਕ ਚੇਤਨਾ ਦੇ ਲਬਾਦੇ ਹੇਠ ਹਮੇਸ਼ਾ ਲੋਕਾਂ, ਖਾਸ ਕਰਕੇ ਘੱਟਗਿਣਤੀਆਂ ਦਾ ਸ਼ੋਸ਼ਣ ਕਰਦਾ ਆਇਆ ਹੈ। ਮਝੈਲ ਸਿੰਘ ਸਰਾਂ ਨੇ ਇਹ ਲੇਖ ਲਿਖ ਕੇ ਭਾਰਤੀ ਸਿਸਟਮ ਅਤੇ ਨਿਆਂ ਪ੍ਰਣਾਲੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਇਸੇ ਅੰਕ ਵਿਚ ਆਪ ਦਾ ਲਿਖਿਆ ‘ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖਬਾਰ’ ਪੜ੍ਹਿਆ। ਪੜ੍ਹ ਕੇ ਸ਼ਰਮ ਆਈ ਕਿ ਸਾਡੇ ਗੁਰੂ ਘਰਾਂ ਦੇ ਪ੍ਰਬੰਧਕ ਜਿਨ੍ਹਾਂ ਨੂੰ ਗੁਰਮਤਿ ਦੇ ਧਾਰਨੀ ਹੋ ਕੇ ਹੋਰਨਾਂ ਲਈ ਮਿਸਾਲ ਬਣਨਾ ਚਾਹੀਦਾ ਹੈ, ਉਹ ਦੂਜਿਆਂ ਦਾ ਹੱਕ ਮਾਰ ਲੈਂਦੇ ਹਨ ਅਤੇ ਇਸ਼ਤਿਹਾਰ ਛਪਵਾ ਕੇ ਇਸ ਦੇ ਪੈਸੇ ਨਹੀਂ ਦਿੰਦੇ। ਅਜਿਹੇ ਲੋਕਾਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਤੁਹਾਡਾ ਇਹ ਕਹਿਣਾ ਵੀ ਸੱਚ ਹੈ ਕਿ ਵਿਗਿਆਪਕਾਂ ਨੂੰ ਵਿਗਾੜਨ ਵਿਚ ਖੁਦ ਪੰਜਾਬੀ ਅਖਬਾਰਾਂ ਦਾ ਵੀ ਵੱਡਾ ਰੋਲ ਹੈ। ਹਰ ਕੋਈ ਅਖਬਾਰ ਖੋਲ੍ਹ ਕੇ ਬੈਠਾ ਹੈ, ਬੇਸ਼ਕ ਉਸ ਨੂੰ ਪੱਤਰਕਾਰੀ ਦਾ ਊੜਾ ਐੜਾ ਵੀ ਨਾ ਆਉਂਦਾ ਹੋਵੇ। ਪਰਮਾਤਮਾ ਕਰੇ ਪੰਜਾਬ ਟਾਈਮਜ਼ ਇਸੇ ਤਰ੍ਹਾਂ ਪੱਤਰਕਾਰੀ ਮਿਆਰਾਂ ਦਾ ਝੰਡਾਬਰਦਾਰ ਬਣਿਆ ਰਹੇ।

*-ਰਾਜ ਧਾਲੀਵਾਲ,*
*ਬੇਕਰਜ਼ਫੀਲਡ।*

## ਸ਼ਾਹੀ ਮਹਿਲਾਂ ਵਾਲੀ ਦੇ ਨਾਂ

ਤੇਰੀਆਂ ਜੁਲਫਾਂ ਦੀ ਤਾਰੀਫ ਕਿਵੇਂ ਕਰਾਂ?
ਮੇਰੀ ਬੇਬੇ ਤੇ ਬਾਪੂ ਦੇ ਵਾਲ ਸਦਾ
ਗਰਨਿਆਂ ‘ਚੋਂ ਕੱਢੀ ਸਣ ਵਾਗੂੰ
ਕਰਜੇ ਵਿਚ ਉਲਝੇ ਰਹੇ...।
ਤੈਨੂੰ ਫੁੱਲਾਂ ਦੇ ‘ਬੁੱਕੇ’ ਕਿੰਜ ਦਿਆਂ?
ਸਾਡੇ ਨਰਮੇ ਦੇ ਫੁੱਲਾਂ ਨੂੰ
ਅਮਰੀਕਨ ਸੁੰਡੀ ਨੇ ਖਾ ਲਿਆ...।
ਤੂੰ ‘ਵਾਲਮਾਰਟ’ ਦੇ ‘ਪੌਪ ਕੌਰਨ’
‘ਕਾਸਕੋ’ ਦਾ ਲੂਣ ਭੁੱਕ ਕੇ ਖਾਂਦੀ ਰਹਿ
ਸਾਡੇ ਪਿੰਡ ਤਾਂ ਪੰਜਾਬੋ ਝਿਉਰੀ ਦੀ ਭੱਠੀ
ਰਾਤੀਂ ਕੋਈ ਢਾਹ ਗਿਆ...।

‘ਕੋਕਾ-ਕੋਲਾ’ ਤੇ ‘ਪੈਪਸੀ’
ਤੈਨੂੰ ਭਾਉਂਦੇ ਨੇ
ਤੇਰੇ ਮੰਤਰੀ ਅੰਕਲ ਦੀ
ਫੈਕਟਰੀ ਦਾ ਪ੍ਰਦੂਸ਼ਤ ਪਾਣੀ
ਸਾਡੇ ਪਿੰਡ ਦਾ ਪਾਣੀ
ਜ਼ਹਿਰ ਬਣਾ ਗਿਆ...।
ਕੌਮੀ ਝੰਡਾ ਲਹਿਰਾਉਣ ਵਾਲੇ
ਮਲਕ ਭਾਗੋ
ਯਾਰ ਨੇ ਤੇਰੇ ਡੈਡੀ ਦੇ
ਭਾਈ ਲਾਲੋ ਮਿੱਤਰ ਹੈਨ
ਮੇਰੇ ਬਾਪੂ ਦੇ...।
ਲਾਲ ਕਿਲਾ ਜਿੰਨਾ ਚਿਰ
ਰਾਵਣਾ ਨੂੰ ਵਜ਼ੀਰ ਬਣਾਉਂਦਾ ਰਹੂ
ਦੇਗ ਵਿਚ ਉਬਾਲਦਾ ਰਹੂ
ਦਿਆਲਿਆਂ ਨੂੰ
ਸਾਡਾ ਰਿਸ਼ਤਾ ਉਦੋਂ ਤੱਕ
ਨਹੀਉਂ ਪੁੱਗਣਾ, ਨਹੀਉਂ ਪੁੱਗਣਾ...।

*-ਗੁਰਮੇਲ ਬੀਰੋਕੇ*
*ਫੋਨ: 604-825-8053*

Visit us on the web:
**punjabtimesusa.com**

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

# ਸਰ ਜੀ ਦੀ ਸ਼ਾਨ

ਭਾਰਤ ਵਿਚ ਪੰਜ ਹਫਤੇ ਗੁਜ਼ਾਰਨ ਪਿਛੋਂ ਵਾਪਿਸ ਅਮਰੀਕਾ ਆਉਂਦੇ ਹੋਏ ਮੈਂ ਇਕ ਦਿਨ ਲਈ ਦਿੱਲੀ ਆਪਣੇ ਰਿਸ਼ਤੇਦਾਰ ਦੇ ਘਰ ਰੁਕਿਆ। ਦੇਸ਼ ਵਿਚ ਸਵੇਰੇ ਸਵੇਰੇ ਮੇਜ਼ 'ਤੇ ਲੱਤਾਂ ਪਸਾਰ ਕੇ ਅਖਬਾਰ ਪੜ੍ਹਨ ਦੀ ਮੌਜ ਤੇ ਲੁਤਫ ਆਪਣਾ ਹੀ ਹੈ। ਸੁਬਹ ਉਠਿਆ ਤਾਂ ਇਹ ਅਯਾਸ਼ੀ ਹਾਜ਼ਿਰ ਸੀ। ਅਖਬਾਰਾਂ ਦੇ ਥੱਬੇ ਵਿਚੋਂ ਹਰ ਇਕ ਵਿਚੋਂ ਇਕ ਪਰਚਾ ਨਿਕਲਿਆ ਜੋ ਇੰਜੀਨੀਅਰਿੰਗ ਵਿਚ ਪ੍ਰਵੇਸ਼ ਦੀ ਤਿਆਰੀ ਲਈ ਕਿਸੇ ਕੋਚ ਕੇਂਦਰ ਦਾ ਇਸ਼ਤਿਹਾਰ ਸੀ। ਇਸ ਵਿਚ ਟਿਊਟਰਾਂ ਦੇ ਨਾਂ ਇਸ ਤਰ੍ਹਾਂ ਦਿੱਤੇ ਹੋਏ ਸਨ, ਡਾ. ਅਨਿਲ ਸਰ ਅਤੇ ਡਾ. ਗੌਤਮ ਸਰ।

ਸਰ ਸ਼ਬਦ ਦੀ ਇਕ ਉਪਨਾਮ ਵਜੋਂ ਵਰਤੋਂ ਦੇਖ ਕੇ ਮੈਂ ਹੈਰਾਨ ਰਹਿ ਗਿਆ। ਗੱਲ ਦੀ ਤਹਿ ਤਕ ਗਿਆ ਤਾਂ ਪਤਾ ਲੱਗਾ ਕਿ ਪਟਨਾ ਵਿਚ ਇਕ 'ਸੁਪਰ ਥਰਟੀ' ਨਾਂ ਦੇ ਟਿਊਸ਼ਨ ਕੇਂਦਰ ਦੇ ਸੰਚਾਲਕ ਅਨੰਦ ਕੁਮਾਰ ਨੂੰ ਆਦਰ ਨਾਲ 'ਅਨੰਦ ਸਰ' ਬੁਲਾਇਆ ਜਾਂਦਾ ਹੈ ਅਤੇ ਉਹ ਇਸੇ ਨਾਂ ਨਾਲ ਦੇਸ਼ ਵਿਚ ਮਸ਼ਹੂਰ ਹੋ ਗਿਆ ਹੈ। ਆਈ.ਆਈ.ਟੀ. ਵਿਚ ਪ੍ਰਵੇਸ਼ ਦੀ ਤਿਆਰੀ ਕਰਾ ਰਹੇ ਅਨੰਦ ਸਰ ਹਰ ਸਾਲ ਤੀਹ ਗਰੀਬ ਵਿਦਿਆਰਥੀਆਂ ਨੂੰ ਮੁਫਤ ਪੜ੍ਹਾਉਂਦੇ ਹਨ। ਮਜ਼ੇ ਦੀ ਗੱਲ ਹੈ ਕਿ ਹਰ ਵਾਰੀ ਉਸ ਦੇ ਵੀਹ ਤੋਂ ਤੀਹ ਵਿਦਿਆਰਥੀ ਚੁਣੇ ਜਾਂਦੇ ਹਨ। ਗਜ਼ਬ ਹੈ ਕਿ ਅਨੰਦ ਕੁਮਾਰ ਨੇ ਤਾਂ ਆਪਣੇ ਪੁਰਸ਼ਾਰਥ ਕਰਕੇ ਸਰ ਦੀ ਖੱਟੀ ਕੀਤੀ ਪਰ ਇਸ ਉਪਨਾਮ ਦੀ ਸ਼ਰਧਾ ਦੇਖ ਕੇ ਦੇਸ਼ ਭਰ ਦੇ ਟਿਊਸ਼ਨਾਂ ਕਰਨ ਵਾਲੇ ਸਾਧਾਰਨ ਅਧਿਆਪਕ ਵੀ ਸਰ ਦੀ ਕਨ੍ਹੇੜੀ ਚੜ੍ਹ ਕੇ ਧੜਾ ਧੜ ਪੈਸੇ ਬਟੋਰਨ ਦਾ ਧੰਦਾ ਚਮਕਾਉਣ ਲੱਗ ਪਏ ਹਨ।

ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਅਸੀਂ ਆਪਣੇ ਅਧਿਆਪਕਾਂ ਨੂੰ ਸਰ ਕਹਿ ਕੇ ਸੰਬੋਧਨ ਕਰਿਆ ਕਰਦੇ ਸਾਂ ਜਦ ਕਿ ਸਕੂਲਾਂ ਵਿਚ ਮਾਸਟਰ ਜਾਂ ਮਾਹਟਰ ਜੀ ਹੀ ਚਲਦਾ ਸੀ। ਉਂਜ ਹਾਜ਼ਰੀ ਲੱਗਣ ਵੇਲੇ ਸਕੂਲਾਂ ਵਿਚ 'ਜੈ ਹਿੰਦ' ਕਹਿ ਕੇ ਆਪਣੀ ਮੌਜੂਦਗੀ ਦਰਸਾਈ ਜਾਂਦੀ ਸੀ। ਇਕ ਵਾਰੀ ਸਾਡੇ ਪ੍ਰਾਇਮਰੀ ਸਕੂਲ ਵਿਚ ਇਕ ਮਹਤਵਾਕਾਂਖੀ 'ਦੇਸ਼ ਭਗਤ' ਅਧਿਆਪਕ ਆ ਗਿਆ। ਉਸ ਨੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਕਿ ਜਦ ਉਹ ਕਲਾਸ ਵਿਚ ਪ੍ਰਵੇਸ਼ ਕਰੇ, ਸਾਰੇ ਬੱਚੇ ਖੜੋ ਕੇ ਸਵਾਗਤ ਵਜੋਂ ਬੋਲਣ, 'ਸ੍ਰੀਮਾਨ ਜੀ, ਜੈ ਹਿੰਦ।' ਦੁਬਕੇ ਹੋਏ ਵਿਦਿਆਰਥੀ ਮਸੀਂ ਏਡਾ ਲੰਮਾ ਫਿਕਰਾ ਬੋਲ ਸਕਦੇ। ਉਰਦੂ ਦੇ ਜ਼ਮਾਨੇ ਵਿਚ ਹਾਜ਼ਰੀ ਵੇਲੇ, 'ਹਾਜਰ ਜਨਾਬ' ਕਹਿਣ ਦਾ ਰਿਵਾਜ ਸੀ। ਪੰਜਾਬੀ ਵਿਚ ਅਰਜ਼ੀ ਲਿਖਣ ਸਮੇਂ 'ਸ੍ਰੀ ਮਾਨ ਜੀ' ਨਾਲ ਫਰਿਆਦ ਸ਼ੁਰੂ ਕੀਤੀ ਜਾਂਦੀ ਹੈ ਜਦ ਕਿ ਅੰਗਰੇਜ਼ੀ ਵਿਚ 'ਸਰ ਜਾਂ ਡੀਅਰ ਸਰ' ਨਾਲ। ਦੇਸ਼ ਵਿਚ ਮੁਲਾਜ਼ਮ ਤੇ ਅਫਸਰਸ਼ਾਹੀ ਵਰਗ ਆਪ ਤੋਂ ਉਪਰਲੇ ਬੌਸ ਨੂੰ ਸਰ, ਬਲਕਿ ਸਰ ਜੀ ਨਾਲ ਹੀ ਸੰਬੋਧਨ ਕਰਦੇ ਹਨ। ਚਮਚੀ ਮਾਰਨ ਦਾ ਇਹ ਇਕ ਸੌਖਾ ਤੇ ਲਾਹੇਵੰਦ ਤਰੀਕਾ ਹੈ,

ਸਰ ਸਰ ਕਰਦੇ ਹਾਂ,
ਕਿਸੇ ਤੋਂ ਨਹੀਂ ਡਰਦੇ ਹਾਂ।

ਸਰ ਦਾ ਪ੍ਰਚਲਨ ਅੰਗਰੇਜ਼ੀ ਰਾਜ ਵੇਲੇ ਤੋਂ ਸ਼ੁਰੂ ਹੋਇਆ। ਬਰਤਾਨੀਆ ਵਿਚ ਨਾਈਟ ਜਾਂ ਬੈਰੋਨਟ ਖਿਤਾਬ ਦੇ ਅਧਿਕਾਰੀ 'ਸਰ' ਨੂੰ ਆਪਣੇ ਨਾਮ ਦੇ ਅਗੇਤਰ ਵਜੋਂ ਵਰਤਦੇ ਸਨ ਜਿਵੇਂ 'ਸਰ ਵਾਲਟਰ ਸਕਾਟ।' 1857 ਦੇ ਗਦਰ ਪਿਛੋਂ ਅੰਗਰੇਜ਼ੀ ਹਕੂਮਤ ਨੂੰ ਆਪਣਾ ਰਾਜ ਪੱਕਾ ਕਰਨ ਲਈ ਰਾਜੇ ਮਹਾਰਾਜਿਆਂ ਅਤੇ ਉਚ ਸਿਵਿਲ ਅਧਿਕਾਰੀਆਂ ਦੀ ਯਕੀਨੀ ਵਫਾਦਾਰੀ ਲੋੜੀਂਦੀ ਸੀ। ਇਸ ਸਿਧੀ ਲਈ ਉਨ੍ਹਾਂ ਨੂੰ ਬਾਂਸ 'ਤੇ ਚੜ੍ਹਾਉਣਾ ਜ਼ਰੂਰੀ ਸੀ ਜਿਸ ਨਾਲ ਇਹ ਲੋਕ ਆਮ ਜਨਤਾ ਤੋਂ ਆਪਣੇ ਆਪ ਨੂੰ ਕਿਤੇ ਉਚੇ ਅਤੇ ਅਲੱਗ ਹੀ ਸਮਝਣ। ਸਰਕਾਰ ਨੇ ਉਨ੍ਹਾਂ ਨੂੰ ਆਰਡਰ ਆਫ ਸਟਾਰ ਆਦਿ ਦੇ ਖਿਤਾਬ ਦੇਣੇ ਸ਼ੁਰੂ ਕਰ ਦਿੱਤੇ। ਅਜਿਹੇ ਪਰਵਾਨੇ ਨਾਲ ਉਹ ਆਪਣੇ ਨਾਂ ਅੱਗੇ 'ਸਰ' ਦਾ ਛੱਜ ਚਿਪਕਾ ਸਕਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਹਉਮੈ ਪੱਠੇ ਚਰਦੀ ਰਹਿੰਦੀ ਸੀ। ਆਜ਼ਾਦੀ ਤੋਂ ਬਾਅਦ ਭਾਵੇਂ ਇਨ੍ਹਾਂ ਖਿਤਾਬਾਂ ਦੀ ਵਰਤੋਂ ਬੰਦ ਕਰ ਦਿੱਤੀ ਗਈ ਪਰ 'ਸਰ ਜੀ, ਸਰ ਜੀ' ਸਾਡੇ ਹੱਡਾਂ 'ਚ ਰਚ ਚੁਕਾ ਹੈ।

ਉਂਜ ਅਜ ਕੱਲ ਅੰਗਰੇਜ਼ੀ ਵਿਚ ਇਹ ਸਨਮਾਨਯੋਗ ਸੰਬੋਧਨ ਕਿਸੇ ਨੂੰ ਮਜ਼ਾਕੀਆ ਲਹਿਜੇ ਵਿਚ ਬੋਲਿਆ ਜਾਂਦਾ ਹੈ ਜਿਵੇਂ sir critic. ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ ਵੀਨਿਸ' ਵਿਚ ਇਕ ਥਾਂ 'ਸਰ ਆਰੇਕਲ' ਉਕਤੀ ਦਾ ਪ੍ਰਯੋਗ ਹੋਇਆ ਹੈ। ਆਰੇਕਲ ਅਸਲ ਵਿਚ ਪ੍ਰਾਚੀਨ ਗਰੀਕ ਵਿਚ ਦੇਵਤਿਆਂ ਦਾ ਸੰਦੇਸ਼ ਲੋਕਾਂ ਤਕ ਪਹੁੰਚਾਉਣ ਵਾਲੇ ਮਾਧਿਅਮ ਨੂੰ ਆਖਿਆ ਜਾਂਦਾ ਸੀ। ਪੰਜਾਬੀ ਵਿਚ ਇਸ ਨੂੰ ਕੁਝ ਲੋਕ ਹਰੜਪੋਪੋ ਜਾਂ ਪੁਛਾਂ ਦੇਣ ਵਾਲਾ ਵੀ ਆਖ ਦਿੰਦੇ ਹਨ। ਇਹ ਹਰੜਪੋਪੋ ਦੇਵਤਿਆਂ ਤੋਂ ਆਈ ਅਕਾਸ਼ਵਾਣੀ ਅੱਗੇ ਤੋਰਨ ਦਾ ਢੌਂਗ ਰਚਦੇ ਸਨ। ਦੇਵਤਿਆਂ ਦਾ ਆਦੇਸ਼ ਅਟੱਲ ਹੁੰਦਾ ਹੈ, ਇਸ ਲਈ ਅੱਜ ਕੱਲ 'ਸਰ ਆਰੇਕਲ' ਉਕਤੀ ਦਾ ਅਰਥ ਬਣਿਆ ਪੱਥਰ ਤੇ ਲਕੀਰ ਵਿਅਕਤੀ, ਜਿਸ ਅੱਗੇ ਕੋਈ ਫਰਿਆਦ ਨਾ ਹੋ ਸਕੇ, ਕੁਲੱਕੜ, ਨਿਠੁਰ। ਸ਼ੇਕਸਪੀਅਰ ਦੇ ਨਾਟਕ ਵਿਚ ਇਸ ਦੀ ਜੋ ਵਰਤੋਂ ਹੋਈ ਉਸ ਦਾ ਅਨੁਵਾਦ ਕੁਝ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ, "ਉਹ ਆਪਣੇ ਆਪ ਨੂੰ ਸਰ ਆਰੇਕਲ ਸਮਝਦਾ ਹੈ, ਜਿਸ ਦੇ ਮੂੰਹ ਖੋਲ੍ਹਣ ਤੇ ਕੋਈ ਕੁੱਤਾ ਭੌਂਕ ਨਹੀਂ ਸਕਦਾ।"

ਇਹ ਹੈ ਸਰ ਦੀ ਝੂਠੀ ਸੱਚੀ ਸ਼ਾਨ ਦਾ ਪਿਛੋਕੜ। ਪਰ ਵਾਸਤਵ ਵਿਚ ਅੰਗਰੇਜ਼ੀ ਸ਼ਬਦ 'ਸਰ' ਦੀਆਂ ਜੜ੍ਹਾਂ ਬਹੁਤ ਦੂਰ ਤੱਕ ਜਾਂਦੀਆਂ ਹਨ। ਇਸ ਦੀ ਇਕ ਸ਼ਾਖਾ ਸੰਸਕ੍ਰਿਤ ਵੱਲ ਵੀ ਹੈ। ਮੁਢੋਂ ਸੁਢੋਂ ਇਹ ਲਾਤੀਨੀ ਅਸਲੇ ਦਾ ਸ਼ਬਦ ਹੈ। ਮਧਯੁਗ ਵਿਚ ਅੰਗਰੇਜ਼ੀ ਵਿਚ ਇਹ ਸ਼ਬਦ ਫਰਾਂਸੀਸੀ sire ਤੋਂ ਰੂਪ ਵਟਾ ਕੇ ਆਇਆ ਜੋ ਅੱਗੋਂ ਪੁਰਾਣੀ ਫਰਾਂਸੀਸੀ Seigneur ਤੋਂ ਬਣਿਆ ਸੀ। ਫਰਾਂਸੀਸੀ ਦੇ ਇਸ ਸ਼ਬਦ ਨੇ ਲਾਤੀਨੀ ਸੀਨੀਅਰ (senior) ਤੋਂ ਭੇਸ ਬਦਲਿਆ ਸੀ। ਜਿਵੇਂ ਤੁਸੀਂ ਅੰਦਾਜ਼ਾ ਲਾ ਲਿਆ ਹੋਵੇਗਾ, ਲਾਤੀਨੀ ਸੀਨੀਅਰ ਦਾ ਅਰਥ ਵਡਿਕਾ, ਸਿਆਣਾ, ਬਜ਼ੁਰਗ ਆਦਿ ਸੀ। ਪਰ ਅੰਗਰੇਜ਼ੀ ਵਿਚ ਸੀਨੀਅਰ ਸ਼ਬਦ ਚੌਧਵੀਂ ਸਦੀ ਵਿਚ ਸਿਧਾ ਲਾਤੀਨੀ ਵਿਚੋਂ ਆਇਆ ਜਿਥੇ ਇਸ ਦਾ ਅਰਥ ਵਡੇਰਾ ਹੁੰਦਾ ਸੀ। ਇਹ ਵਿਸ਼ੇਸ਼ਣ ਦੀ ਦੂਜੀ ਡਿਗਰੀ ਦਾ ਸ਼ਬਦ ਸੀ ਅਤੇ ਪਹਿਲਾਂ ਪਹਿਲਾਂ ਹਮਨਾਮ ਪਿਉ-ਪੁਤ ਦੀ ਸੂਰਤ ਵਿਚ ਪਿਉ ਦਾ ਨਾਂ ਪੁਤਰ ਦੇ ਨਾਂ ਤੋਂ ਵਖਰਾਉਣ ਲਈ ਪਿਉ ਦੇ ਨਾਂ ਅੱਗੇ ਲਾਇਆ ਜਾਂਦਾ ਸੀ। ਅਸੀਂ ਪੰਜਾਬੀ ਵਿਚ ਇਸ ਲਈ ਵਰਿਸ਼ਠ ਸ਼ਬਦ ਵਰਤ ਸਕਦੇ ਹਾਂ। ਸੀਨੀਅਰ ਤੋਂ ਯੂਰਪੀ ਭਾਸ਼ਾਵਾਂ ਫਰਾਂਸੀਸੀ, ਸਪੈਨਿਸ਼, ਇਤਾਲਵੀ ਆਦਿ ਵਿਚ ਕਈ ਸਨਮਾਨਸੂਚਕ ਸ਼ਬਦ ਬਣੇ ਜਿਵੇਂ ਇਤਾਲਵੀ signor. ਫਰਾਂਸੀਸੀ sire ਅੰਗਰੇਜ਼ੀ ਵਿਚ ਪਹਿਲਾਂ ਪਿਉ, ਵਡਿਕਾ, ਬਜ਼ੁਰਗ ਆਦਿ ਦੇ ਅਰਥ ਦੇਣ ਲੱਗਾ ਪਰ ਬਾਅਦ 'ਚ ਇਸ ਦੀ ਕਿਸੇ ਰਾਜੇ ਆਦਿ ਲਈ ਸਨਮਾਨਸੂਚਕ ਸੰਬੋਧਨੀ ਸ਼ਬਦ ਵਜੋਂ ਵਰਤੋਂ ਹੋਣ ਲੱਗੀ। ਇਸ ਦਾ ਅਰਥ ਬਦਲਦਾ ਬਦਲਦਾ ਸਾਂਢ ਵੀ ਹੋ ਗਿਆ ਅਰਥਾਤ ਚੁਪਾਏ ਜਾਨਵਰ ਦਾ ਪਿਉ। ਅੱਜ ਕੱਲ ਤਾਂ ਕਿਰਿਆ ਵਜੋਂ ਇਸ ਦਾ ਅਰਥ ਬੱਚਾ ਪੈਦਾ ਕਰਨਾ ਵੀ ਹੋ ਗਿਆ ਹੈ।



*ਸਰ ਤੇ ਸਨਕਾਦਿ*

ਅੰਗਰੇਜ਼ੀ ਦਾ ਇਕ ਬਹੁਤ ਜਾਣਿਆ-ਪਛਾਣਿਆ ਸ਼ਬਦ ਹੈ senile ਜਿਸ ਦਾ ਆਮ ਅਰਥ ਬੁਢੇ ਵਾਂਗਰ ਸੁਸਤ, ਬੁਢਾ-ਠੇਰਾ, ਬੁਢਣ ਹੈ। ਇਹ ਵੀ ਇਸੇ ਕੜੀ ਵਿਚ ਆਉਂਦਾ ਹੈ। ਇਨ੍ਹਾਂ ਸਾਰੇ ਸ਼ਬਦਾਂ ਦਾ ਭਾਰੋਪੀ ਮੂਲ 'sen' ਹੈ ਜਿਸ ਦਾ ਅਰਥ ਹੈ-ਪੁਰਾਣਾ, ਬੁਢਾ। ਬੇਸ਼ੁਮਾਰ ਪ੍ਰਾਚੀਨ ਅਤੇ ਆਧੁਨਿਕ ਭਾਰੋਪੀ ਭਾਸ਼ਾਵਾਂ ਜਿਵੇਂ ਅਵੇਸਤਨ, ਗੌਥਿਕ, ਆਰਮੀਨੀਅਨ, ਗਰੀਕ, ਲਿਥੂਏਨੀਅਨ, ਗਰੀਕ, ਆਇਰਿਸ਼ ਆਦਿ ਵਿਚ ਇਸ ਮੂਲ ਤੋਂ ਵਿਕਸਿਤ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਇਹ ਬੁਢਾਪਾ, ਸਮੇਂ ਦੇ ਬੀਤਣ ਆਦਿ ਦੇ ਅਰਥ ਦਿੰਦੇ ਹਨ। ਕੁਝ ਸਰੋਤਾਂ ਵਿਚ ਅਵੇਸਤਨ 'ਹਨ' ਅਤੇ ਪੁਰਾਣੀ ਫਾਰਸੀ ਦੇ 'ਹਨਤ' ਸ਼ਬਦ ਦਾ ਜ਼ਿਕਰ ਹੈ ਜਿਨ੍ਹਾਂ ਵਿਚ ਵੀ ਬੁਢਾਪੇ ਦਾ ਭਾਵ ਹੈ ਪਰ ਇਨ੍ਹਾਂ ਤੋਂ ਅਜੋਕੀ ਫਾਰਸੀ ਤੱਕ ਪਹੁੰਚੇ ਸ਼ਬਦ ਮੈਨੂੰ ਨਹੀਂ ਮਿਲ ਸਕੇ।

ਮੋਨੀਅਰ ਵਿਲੀਅਮਜ਼ ਨੇ ਸੰਸਕ੍ਰਿਤ ਸ਼ਬਦ 'ਸਨ' ਦਾ ਹਵਾਲਾ ਦਿੱਤਾ ਹੈ ਜਿਸ ਨੂੰ ਇਸ ਦਾ ਸੁਜਾਤੀ ਦੱਸਿਆ ਗਿਆ ਹੈ। 'ਸਨ' ਸ਼ਬਦ ਦਾ ਅਰਥ ਪ੍ਰਾਚੀਨ ਹੈ। ਪੰਜਾਬੀ ਵਿਚ ਰਚ-ਮਿਚ ਗਿਆ 'ਸਨਾਤਨ' ਸ਼ਬਦ ਇਸੇ ਧਾਤੂ ਤੋਂ ਉਪਜਿਆ ਹੈ। ਇਸ ਦਾ ਅਰਥ ਹੈ-ਸਦੀਵੀ, ਚਿਰਜੀਵੀ, ਪ੍ਰਾਚੀਨ, ਕਦੀਮੀ ਆਦਿ। ਸਨਾਤਨ ਧਰਮ ਅਸਲ ਵਿਚ ਪ੍ਰਾਚੀਨ ਹਿੰਦੂ ਧਰਮ ਨੂੰ ਆਖਿਆ ਜਾਂਦਾ ਹੈ ਜਿਸ ਦੇ ਨਿਯਮ ਕਦੀਮੀ, ਸਦੀਵੀ ਅਤੇ ਪ੍ਰਮਾਣਿਕ ਮੰਨੇ ਗਏ ਹਨ। ਹਿੰਦੂ ਨਾਂ ਦਾ ਸ਼ਬਦ ਕਿਸੇ ਵੇਦ ਸ਼ਾਸਤਰ ਵਿਚ ਨਹੀਂ ਮਿਲਦਾ। ਅਸਲ ਵਿਚ ਤਾਂ ਖੁਦ ਬ੍ਰਹਮਾ ਲਈ ਵੀ ਸਨਾਤਨ ਸ਼ਬਦ ਵਰਤਿਆ ਮਿਲਦਾ ਹੈ। ਬ੍ਰਹਮਾ ਸ੍ਰਿਸ਼ਟੀ ਦਾ ਸਿਰਜਣਹਾਰ ਹੋਣ ਕਾਰਨ ਸਾਰੇ ਪਰਪੰਚ ਤੋਂ ਪੁਰਾਣਾ ਹੈ, ਸਭਨਾਂ ਜੀਵਾਂ ਤੋਂ ਬ੍ਰਿਧ ਹੈ। ਇਸੇ ਲਈ ਸਭ ਦੇਵਤਿਆਂ ਵਿਚੋਂ ਕੇਵਲ ਬ੍ਰਹਮਾ ਨੂੰ ਹੀ ਚਿੱਟੀ ਦਾੜ੍ਹੀ ਵਾਲਾ ਦਿਖਾਇਆ ਜਾਂਦਾ ਹੈ। ਬ੍ਰਹਮਾ ਦੇ ਇਕ ਪੁਤਰ ਦਾ ਨਾਂ ਵੀ ਸਨਾਤਨ ਹੈ।

ਬ੍ਰਹਮਾ ਦੇ ਮੱਥੇ 'ਚੋਂ ਪੈਦਾ ਹੋਣ ਵਾਲੇ ਚਾਰ ਪੁੱਤਰਾਂ ਨੂੰ 'ਸਨ' ਜਾਂ ਸਨਕ ਆਖਿਆ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਚਹੁੰਆਂ ਦੇ ਨਾਂ ਵਿਚ 'ਸਨ' ਅੰਸ਼ ਆਉਂਦਾ ਹੈ। ਉਹ ਨਾਂ ਹਨ-ਸਨਕ, ਸਨੰਦਨ, ਸਨਾਤਨ ਅਤੇ ਸਨਤ। ਇਨ੍ਹਾਂ ਨੂੰ ਕੁਮਾਰ ਜਾਂ ਚਤੁਰਸਨ ਵੀ ਕਿਹਾ ਗਿਆ ਹੈ। ਸਮੂਹਕ ਤੌਰ 'ਤੇ ਇਨ੍ਹਾਂ ਨੂੰ ਸਨਕਾਦਿ/ ਸਨਕਾਦਿਕ (ਸਨਕ+ਆਦਿ) ਕਹਿਣ ਦੀ ਰਵਾਇਤ ਹੈ। ਗੁਰੂ ਅਰਜਨ ਦੇਵ ਨੇ ਇਹ ਸਾਰੇ ਨਾਮ ਇਕੋ ਥਾਂ ਵਰਤੇ ਹਨ, "ਬ੍ਰਹਮਆਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ੍ ਕਉ ਮਹਲ ਦੁਲਭਾਵਉ" ਅਰਥਾਤ ਪਰਮਾਤਮਾ ਦੀ ਪ੍ਰਾਪਤੀ ਤਾਂ ਬ੍ਰਹਮਾ ਤੇ ਉਸ ਦੇ ਸਨਕਆਦਿਕ ਪੁੱਤਰਾਂ-ਸਨਕ, ਸਨੰਦਨ, ਸਨਾਤਨ ਅਤੇ ਸਨਤ ਆਦਿ ਲਈ ਵੀ ਦੁਰਲਭ ਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਵਲੋਂ ਇਹ ਸ਼ਬਦ ਕਈ ਵਾਰ ਵਰਤੇ ਮਿਲਦੇ ਹਨ। ਉਨ੍ਹਾਂ ਦੇ ਬਚਨ ਹਨ, "ਸਨਕ ਸਨੰਦ ਅੰਤੁ ਨਹੀ ਪਾਇਆ" ਅਰਥਾਤ ਬ੍ਰਹਮਾ ਦੇ ਪੁੱਤਰਾਂ-ਸਨਕ ਤੇ ਸਨੰਦ ਨੇ ਵੀ ਪਰਮਾਤਮਾ ਦੀ ਥਾਹ ਨਹੀਂ ਪਾਈ। ਭਗਤ ਰਵਿਦਾਸ ਨੇ ਸਨਕ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ, "ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।" -ਵਿਆਸ ਦੀ ਰਚੀ ਪੁਸਤਕ ਵਿਚ ਲਿਖਿਆ ਮਿਲਦਾ ਹੈ ਅਤੇ ਸਨਕ ਦੇ ਜੀਵਨ ਤੋਂ ਸਪਸ਼ਟ ਹੁੰਦਾ ਹੈ ਕਿ ਨਾਮ ਦੀ ਮਹਿਮਾ ਸਾਰੇ ਸੰਸਾਰ ਵਿਚ ਹੈ। ਗੁਰੂ ਨਾਨਕ ਦੇਵ ਵੀ ਜ਼ਿਕਰ ਕਰਦੇ ਹਨ, "ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ" -ਸਨਕ ਸਨੰਦਨ ਤੇ ਉਨ੍ਹਾਂ ਜਿਹੇ ਹੋਰ ਤਪਸਵੀ ਗੁਰੂ ਦੀ ਕਿਰਪਾ ਨਾਲ ਮੁਕਤੀ ਪ੍ਰਾਪਤ ਕਰ ਸਕਦੇ ਹਨ।

ਬ੍ਰਹਮਾ ਦੀ ਤਰ੍ਹਾਂ ਉਸ ਦੇ 4 ਮਸਤਕ ਪੁੱਤਰ ਵੀ ਪ੍ਰਾਚੀਨਤਾ, ਸਦੈਵਤਾ ਆਦਿ ਗੁਣਾਂ ਦੇ ਸੂਚਕ ਹਨ। ਪੌਰਾਣਿਕ ਮਿਥ ਅਨੁਸਾਰ ਬ੍ਰਹਮਾ ਨੇ ਇਨ੍ਹਾਂ ਨੂੰ ਪਰਜਾਪਤੀ ਬਣਾਉਣ ਦੇ ਮਨੋਰਥ ਨਾਲ ਪੈਦਾ ਕੀਤਾ ਪਰ ਇਹ ਹਮੇਸ਼ਾ ਬ੍ਰਹਮਚਾਰੀ ਰਹੇ। ਚਾਰੇ ਬ੍ਰਹਮਚਾਰੀ ਭਰਾਵਾਂ ਨੂੰ ਈਸ਼ਵਰ ਦੇ ਨਿਰੰਤਰ ਭਗਤ ਵਜੋਂ ਸਮਝਿਆ ਗਿਆ ਹੈ ਤੇ ਗੁਰਬਾਣੀ ਵਿਚ ਇਨ੍ਹਾਂ ਦਾ ਇਸੇ ਰੂਪ ਵਿਚ ਉਲੇਖ ਹੈ।

ਵਿਭਿੰਨ ਭਾਸ਼ਾਈ ਪਰਿਵੇਸ਼ਾਂ ਦੇ ਅੰਤਰਗਤ ਸ਼ਬਦ ਵਿਕਾਸ ਦੀ ਸਿਤਮਜ਼ਰੀਫੀ ਦੇਖੋ ਕਿ ਅੰਗਰੇਜ਼ੀ 'ਸਰ' ਤੇ ਸਾਡਾ 'ਸਨਕਾਦਿ' ਇਕੋ ਸ੍ਰੋਤ ਤੋਂ ਪੈਦਾ ਹੋਏ। ਇਕ ਦੁਨਿਆਵੀ ਮੋਹ ਦਾ ਅਭਿਲਾਸ਼ੀ ਤੇ ਫੋਕੀ ਸ਼ਾਨ ਦਾ ਪ੍ਰਤੀਕ ਹੈ ਤੇ ਦੂਜਾ ਇਸ ਤੋਂ ਉਲਟ ਦੁਨਿਆਵੀ ਮੋਹ ਦੇ ਤਿਆਗ ਤੇ ਈਸ਼ਵਰ ਭਗਤੀ ਦਾ!

---

**ਮੇਰੇ ਦਿਲ ਦੀ ਗੱਲ**



ਨਿੰਮਾ ਡੱਲੇਵਾਲਾ
ਫੋਨ:513-432-9754

# ਨਾ ਸ਼ਗਨ ਅਧੂਰੇ ਰਹਿਣ ਦਿਉ...

ਸਾਡੇ ਸਮਾਜ ਵਿਚ ਦੋ ਤਰ੍ਹਾਂ ਦੇ ਵਿਆਹਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਇਨ੍ਹਾਂ ਵਿਚੋਂ ਮੁੱਖ ਹੈ ਮਾਪਿਆਂ ਜਾਂ ਵਡਿਆਂ ਦੀ ਮਰਜ਼ੀ ਅਤੇ ਸਲਾਹ ਅਨੁਸਾਰ ਮੁੰਡਾ/ਕੁੜੀ ਲੱਭ ਲਿਆ ਜਾਂਦਾ ਹੈ। ਇਸ ਵਿਚ ਦੋਹਾਂ ਪਰਿਵਾਰਾਂ ਦੀ ਖੁਸ਼ੀ ਅਤੇ ਪਸੰਦ ਸ਼ਾਮਿਲ ਹੁੰਦੀ ਹੈ, ਤੇ ਲਗਨਾਂ ਤੇ ਸ਼ਗਨਾਂ ਦੇ ਇਸ ਕਾਰਜ ਵਿਚ ਸਭ ਰਿਸ਼ਤੇਦਾਰਾਂ ਤੇ ਸਾਰੇ ਭਾਈਚਾਰੇ ਦੀ ਸ਼ਮੂਲੀਅਤ ਹੁੰਦੀ ਹੈ। ਸਹਿਮਤੀ ਅਤੇ ਸਲਾਹ ਦੀਆਂ ਡੋਰਾਂ ਵਿਚ ਬੰਨ੍ਹਿਆ ਇਹ ਬੰਧਨ ਰਸਮਾਂ ਦੇ ਤੇਲ ਵਿਚ ਤਲਿਆ ਉਹ ਪਕਵਾਨ ਹੈ ਜਿਸ ਦੀ ਲੱਜਤ ਅਤੇ ਮਿੱਠਤ ਆਖਰੀ ਸਾਹਾਂ ਤੱਕ ਰਹਿੰਦੀ ਹੈ। ਪਰਿਵਾਰ ਦੀ ਰਜ਼ਾਮੰਦੀ ਵਾਲਾ ਇਹ ਬੰਧਨ ਕਦੇ ਕਿਸੇ ਭੁੱਲ ਦਾ ਅਹਿਸਾਸ ਨਹੀਂ ਕਰਵਾਉਂਦਾ, ਕਿਉਂਕਿ ਇਸ ਵਿਚ ਵੱਡਿਆਂ-ਵਡੇਰਿਆਂ ਅਤੇ ਜ਼ਿੰਮੇਵਾਰ ਬਜ਼ੁਰਗਾਂ ਦੀ ਹਾਜ਼ਰੀ ਹੁੰਦੀ ਹੈ। ਇਹ ਬੰਧਨ ਨਿਭਦੇ ਵੀ ਹਨ:

ਉਡੀਕ ਹੁੰਦੀ ਹੈ ਸਭ ਨੂੰ ਹੀ,
ਤੇ ਸਭ ਨੂੰ ਇਸ ਦਾ ਚਾਅ ਹੁੰਦਾ।
ਸੱਧਰਾਂ ਦੇ ਮਹਿਲੀਂ ਜਾਣ ਵਾਲਾ,
ਇਕ ਇਹ ਵੀ ਲੋਕੋ ਰਾਹ ਹੁੰਦਾ।
ਵਿਆਹ ਲੱਡੂ ਹੈ ਇਕ ਸ਼ਗਨਾਂ ਦਾ,
ਜੋ ਨਿੱਤ ਨਿੱਤ ਨਈਉਂ ਖਾ ਹੁੰਦਾ।
ਕਈ ਰੁੱਸ ਜਾਂਦੇ ਕਈ ਟੁੱਟ ਜਾਂਦੇ,
ਇਹੋ ਨਿਭਦਾ ਆਖਰੀ ਸਾਹ ਹੁੰਦਾ।
ਇਹੋ ਨਗਮਾਂ ਉਚ ਮਿਆਰਾਂ ਦਾ,
ਕਿਸੇ ਇਕੋ ਨਾਲ ਗਾ ਹੁੰਦਾ।
ਦੁੱਧ ਵਰਗਾ ਸ਼ਬਦ ਵਿਆਹ ਲੋਕੋ,
ਕਾਹਤੋਂ ਖਬਰੇ ਅੱਜਕੱਲ੍ਹ ਨਾ ਚਾਅ ਹੁੰਦਾ।
ਇਕ ਇਹੋ ਬੰਧਨ ਐਸਾ ਸੀ,
ਜੋ ਫਰ ਨਾ ਛੱਡਦਾ ਬਾਂਹ ਹੁੰਦਾ।
ਇਹ ਖੇਡ ਨਾ ਗੁੱਡੇ ਗੁੱਡੀਆਂ ਦਾ,
ਹਰ ਰੋਜ਼ ਨਾ ਨਿੰਮਿਆ ਵਿਆਹ ਹੁੰਦਾ।

ਹੁਣ ਗੱਲ ਕਰੀਏ ਦੂਜੇ ਤਰੀਕੇ ਨਾਲ ਹੋਣ ਵਾਲੇ ਵਿਆਹ ਦੀ ਜਿਸ ਨੂੰ ਅਸੀਂ 'ਲਵ ਮੈਰਿਜ' ਆਖਦੇ ਹਾਂ, ਜਾਣੀ ਪ੍ਰੇਮ ਵਿਆਹ। ਇਹ ਕਈ ਵਾਰ ਅੱਲੜ ਉਮਰ ਦੀ ਨਾਦਾਨੀ ਅਤੇ ਕਾਹਲ ਦਾ ਸਿੱਟਾ ਵੀ ਬਣ ਜਾਂਦਾ ਹੈ। ਇਸ ਮਾਮਲੇ 'ਚ ਦਿਮਾਗ ਤੋਂ ਕੰਮ ਘੱਟ ਅਤੇ ਦਿਲ ਤੋਂ ਕੰਮ ਜ਼ਿਆਦਾ ਲਿਆ ਜਾਂਦਾ ਹੈ। ਜ਼ਿੰਦਗੀ ਦੇ ਘੱਟ ਤਜਰਬੇ ਕਾਰਨ ਕੀਤੀ ਪਿਆਰ ਰੂਪੀ ਭੁੱਲ ਇਕ ਹੋਰ ਭੁੱਲ ਨੂੰ ਜਨਮ ਦਿੰਦੀ ਹੈ; ਉਹ ਹੈ 'ਲਵ ਮੈਰਿਜ' ਜੋ ਬੰਦੇ ਨੂੰ ਮਾਪਿਆਂ ਦੀ ਮਰਜ਼ੀ ਖਿਲਾਫ਼ ਬਗਾਵਤ ਵਾਲੇ ਰਾਹਾਂ 'ਤੇ ਤੋਰਦੀ ਹੈ।

ਮੰਨਿਆ ਕਿ ਪਿਆਰ ਅਤੇ ਪਿਆਰ ਵਿਆਹ ਕੋਈ ਮਾੜੀ ਗੱਲ ਨਹੀਂ, ਪਰ ਜਦੋਂ ਇਸ ਦੇ ਹੱਥ ਪਿਉ ਦੀ ਚਿੱਟੀ ਪੱਗ ਤੱਕ ਪਹੁੰਚ ਜਾਣ ਤਾਂ ਇਸ ਦੇ ਵਰਗਾ ਕੁੱਝ ਵੀ ਮਾੜਾ ਨਹੀਂ ਹੁੰਦਾ।

ਪਿਆਰ ਤਾਂ ਪਵਿੱਤਰ ਲਫਜ਼ ਹੈ ਜਿਸ ਦੇ ਗਲਤ ਇਸਤੇਮਾਲ ਨੇ ਇਸ ਨੂੰ ਸਿਰਫ਼ ਸਰੀਰਾਂ ਦੀ ਖੇਡ ਬਣਾ ਦਿੱਤਾ ਹੈ। ਇਹ ਵੀ ਮੰਨਿਆ ਕਿ ਹਰ ਇਨਸਾਨ ਨੂੰ ਆਪਣਾ ਸਾਥੀ ਚੁਣਨ ਦਾ ਹੱਕ ਹੈ, ਪਰ ਪਿਉ-ਦਾਦੇ ਦੀਆਂ ਬਣਾਈਆਂ ਇੱਜ਼ਤਾਂ ਦੇ ਮਹਿਲਾਂ ਨੂੰ ਢਾਹ ਕੇ ਨਹੀਂ!

ਅਗਰ ਕੋਈ ਪਿਆਰ ਵਿਆਹ ਕਰਨਾ ਚਾਹੁੰਦਾ ਹੈ ਤਾਂ ਮਾਪਿਆਂ ਦੀ ਸਹਿਮਤੀ ਨਾਲ ਇਸ ਨੂੰ ਸਹੀ ਰੂਪ ਦਿੱਤਾ ਜਾ ਸਕਦਾ ਹੈ। ਕਿਸੇ ਵਕਤ ਇਹ ਪ੍ਰੇਮ ਵਿਆਹ ਟਾਵੇਂ-ਟਾਵੇਂ ਹੁੰਦੇ ਸਨ। ਅੱਜ ਕੱਲ੍ਹ ਇਹ ਆਮ ਹੋ ਗਏ ਹਨ ਅਤੇ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿਚ ਵੀ ਹੋਣ ਲਗ ਪਏ ਹਨ।

ਮੇਰਾ ਕਹਿਣਾ ਪੰਜਾਬ ਦੀਆਂ ਧੀਆਂ ਨੂੰ,
ਰੱਖੋ ਪਿਉ ਦੀ ਪੱਗ ਦੀ ਲਾਜ ਤੁਸੀਂ।
ਤੁਸੀਂ ਧੀਆਂ ਵੀ ਤੁਸੀਂ ਇੱਜ਼ਤਾਂ ਵੀ,
ਹੁੰਦੀਆਂ ਪਿਉ ਦੇ ਸਿਰ ਦਾ ਤਾਜ ਤੁਸੀਂ।
ਦਾਦੇ ਦਾਦੀ ਤੇ ਨਾਨੇ ਨਾਨੀ ਲਈ,
ਹੁੰਦੀਆਂ ਮੂਲ ਦਾ ਵਿਆਜ ਤੁਸੀਂ।
ਥੋਡੇ ਵੀਰ ਤੇ ਬਾਬਲ ਦੁਸ਼ਮਣ ਨਾ,
ਉਹ ਵੀ ਚਾਹੁੰਦੇ ਨੇ ਕਰੋ ਰਾਜ ਤੁਸੀਂ।
ਡੋਲੀ ਚੜ੍ਹ ਵਿਦਾਇਗੀ ਸੋਂਭਦੀ ਏ,
ਨਾ ਕਰੋ ਅਧੂਰੇ ਕਾਜ ਤੁਸੀਂ।
ਲੈ ਜਾਉ ਦੁਆਵਾਂ ਬਾਪ ਦੀਆਂ,
ਹੱਥੀਂ ਬੁਣ ਲਿਜਾਓ ਦਾਜ ਤੁਸੀਂ।
ਨਾ ਰੋਲੋ ਬਣਾਈਆਂ ਇੱਜ਼ਤਾਂ ਨੂੰ,
ਨਾ ਰੱਬ ਨੂੰ ਕਰੋ ਨਰਾਜ਼ ਤੁਸੀਂ।
ਗੱਲ ਪੱਲੇ ਬੰਨ੍ਹ ਕੇ ਨਿੰਮੇ ਦੀ,
ਕਰੋ ਮਾਪਿਆਂ ਦੀ ਕੁਝ ਲਿਹਾਜ਼ ਤੁਸੀਂ।

ਅੱਜ ਸਮਾਜ ਅਤੇ ਮਾਪਿਆਂ ਨੇ ਜੇ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਹੱਕ ਦਾ ਨਾਅਰਾ ਮਾਰਿਆ ਹੈ ਤਾਂ ਕੁੜੀਆਂ ਦੇ ਵੀ ਕੁਝ ਫਰਜ਼ ਹਨ। ਜੇ ਕੁੜੀ, ਮੁੰਡੇ ਦੇ ਬਰਾਬਰ ਕਿਸੇ ਚੰਗੇ ਕੰਮ ਵਿਚ ਅੱਗੇ ਆਉਂਦੀ ਹੈ ਤਾਂ ਮਾਪਿਆਂ ਦੇ ਨਾਲ-ਨਾਲ ਸਮਾਜ ਨੂੰ ਵੀ ਉਸੇ 'ਤੇ ਫ਼ਖਰ ਮਹਿਸੂਸ ਹੁੰਦਾ ਹੈ। ਜੇ ਗਲਤ ਪਾਸੇ ਮੁੰਡਿਆਂ ਦੀ ਬਰਾਬਰੀ ਕੁੜੀ ਕਰੇ ਤਾਂ ਉਸੇ ਸਮਾਜ ਵਿਚ ਉਸ ਦੇ ਮਾਪਿਆਂ ਦਾ ਜਿਉਣਾ ਮੁਸ਼ਕਿਲ ਹੋ ਜਾਂਦਾ ਹੈ। ਮੈਂ ਤਾਂ ਪ੍ਰੇਮ ਵਿਆਹ ਨੂੰ ਕੁਦਰਤ ਦੇ ਬਣਾਏ ਨਿਯਮਾਂ ਦੀ ਉਲੰਘਣਾ ਸਮਝਾਂਗਾ। ਜਿਵੇਂ ਕਾਗਜ਼ ਦੇ ਫੁੱਲ ਕਦੇ ਖੁਸ਼ਬੋ ਨਹੀਂ ਦੇ ਸਕਦੇ, ਇਸੇ ਤਰ੍ਹਾਂ ਕਾਗਜ਼ੀ ਵਿਆਹ ਵੀ ਮਾਪਿਆਂ ਦੀ ਮਰਜ਼ੀ ਨਾਲ ਹੋਏ ਵਿਆਹ ਵਾਲੀ ਮਹਿਕ ਨਹੀਂ ਦੇ ਸਕਦੇ। ਇਨ੍ਹਾਂ ਦੇ ਘੱਟ ਨਿਭਣ ਦਾ ਇਕ ਇਹ ਕਾਰਨ ਵੀ ਮੰਨ ਸਕਦੇ ਹਾਂ ਕਿ ਵਿਆਹ ਤੋਂ ਪਹਿਲਾਂ ਹੀ ਪਿਆਰ ਵਾਲੀ ਕੋਠੀ ਦੇ ਦਾਣੇ ਮੁੱਕ ਜਾਂਦੇ ਹਨ ਤੇ ਵਿਆਹ ਮਗਰੋਂ ਜਲਦੀ ਹੀ ਪਿਆਰ ਖੋਟਾ ਹੋ ਜਾਂਦਾ ਹੈ ਜੋ ਉਸੇ ਜੱਜ ਦੀ ਕਚਿਹਰੀ ਵਿਚ ਤਲਾਕ ਲਈ ਲਿਜਾ ਖੜ੍ਹੇ ਕਰਦਾ ਹੈ।

ਵਿਆਹ ਪਵਿੱਤਰ ਕਾਰਜ ਹੈ। ਨਵੀਂ ਪਨੀਰੀ ਨੂੰ ਇਹੋ ਆਖਾਂਗਾ ਕਿ ਜੇ ਸੱਚਾ ਪਿਆਰ ਨੇਪਰੇ ਚਾੜ੍ਹਨ ਲਈ ਲਵ ਮੈਰਿਜ ਕਰਵਾਉਣਾ ਚਾਹੁੰਦੇ ਹੋ ਤਾਂ ਮਾਪਿਆਂ ਦੀ ਸਹਿਮਤੀ ਹਾਸਲ ਕਰ ਕੇ ਇਸ ਨੂੰ ਚੰਗਾ ਰੂਪ ਦਿਉ ਜਿਸ ਨੂੰ ਪੂਰਾ ਸਮਾਜ ਸਨਮਾਨ ਦੇ ਫੁੱਲ ਭੇਟ ਕਰੇ,

ਹਰ ਕੰਮ ਦਾ ਹਰ ਇਕ ਵਕਤ ਹੁੰਦਾ,
ਆ ਵਕਤ ਨੂੰ ਬੂਹੇ ਬਹਿਣ ਦਿਉ।
ਕੁਝ ਵਰਤੋ ਮਿਲੀਆਂ ਅਕਲਾਂ ਨੂੰ,
ਨਾ ਦਿਲ ਨੂੰ ਕਾਹਲਾ ਪੈਣ ਦਿਉ।
ਨਾ ਕਲਮ ਰੋਕਿਓ ਨਿੰਮੇ ਦੀ,
ਇਕ ਹੋਰ ਸੱਚਾਈ ਕਹਿਣ ਦਿਉ।
ਕਰ ਕੋਰਟਾਂ ਦੇ ਵਿਚ ਵਿਆਹ ਤੁਸੀਂ,
ਨਾ ਸੱਧਰਾਂ ਫਿੱਕੀਆਂ ਪੈਣ ਦਿਉ।
ਵਿਆਹ ਕਾਰਜ ਲਗਨਾਂ ਸ਼ਗਨਾਂ ਦਾ,
ਨਾ ਸ਼ਗਨ ਅਧੂਰੇ ਰਹਿਣ ਦਿਉ।

## ਕਹਾਣੀ

# ਸਭੁ ਦੇਸ ਪਰਾਇਆ

***ਵਕਤ ਦੇ ਉਛਲਦੇ ਸਮੁੰਦਰ ਵਿਚ ਰਿਸ਼ਤਿਆਂ ਦੀ ਕਿਸ਼ਤੀ ਅਤੇ ਕਿਸ਼ਤੀ ਵਿਚ ਸਵਾਰ ਮੁਸਾਫਿਰਾਂ ਨਾਲ ਜੋ ਬੀਤਦੀ ਹੈ, ਉਸ ਦਾ ਬਿਆਨ ਇਸ ਕਹਾਣੀ ਵਿਚ ਹੋਇਆ ਹੈ। ਨਵੇਂ ਹਾਲਾਤ ਅਤੇ ਨਵੇਂ ਰਾਹ, ਪੀੜ੍ਹੀ ਪਾੜੇ ਨੂੰ ਲਗਾਤਾਰ ਜ਼ਰਬ ਦੇਈ ਜਾਂਦੇ ਹਨ। ਵਿਚਲੀਆਂ ਸਭ ਕੜੀਆਂ ਵੀ ਹੌਲੀ-ਹੌਲੀ ਕਰ ਕੇ ਟੁੱਟਦੀਆਂ ਜਾਂਦੀਆਂ ਹਨ। ਇਸ ਟੁੱਟ-ਭੱਜ ਵਿਚ ਇਕੱਲਤਾ ਦਾ ਭਾਰ ਵੀ ਵਧਣਾ ਸ਼ੁਰੂ ਹੋ ਜਾਂਦਾ ਹੈ। ਇਹ ਭਾਰ ਘਟਾਉਣ ਲਈ ਬੰਦਾ ਇਕ ਵਾਰ ਫਿਰ ਤਰਲੋਮੱਛੀ ਹੋਇਆ ਮਹਿਸੂਸ ਕਰਦਾ ਹੈ। ਸਰਘੀ ਨੇ ਇਸੇ ਤਰਾਸਦੀ ਨੂੰ ਆਪਣੀ ਇਸ ਕਹਾਣੀ 'ਸਭੁ ਦੇਸੁ ਪਰਾਇਆ' ਵਿਚ ਪੇਸ਼ ਕੀਤਾ ਹੈ। -ਸੰਪਾਦਕ***

### ਸਰਘੀ

ਅੱਜ ਬਖਤਾਵਰ ਸਿੰਘ ਬਾਜਵਾ ਬਹੁਤ ਉਦਾਸ ਸੀ। ਬਖਤਾਵਰ ਸਿੰਘ ਬਾਜਵਾ ਜਿਸ ਨੇ ਹਮੇਸ਼ਾ ਆਪਣੇ ਹੱਥਾਂ ਨਾਲ ਦੇਣਾ ਹੀ ਸਿੱਖਿਆ ਸੀ, ਲੈਣਾ ਕੁਝ ਨਹੀਂ। ਜਿਸ ਮੋਹ ਵੰਡਦਿਆਂ ਕਦੇ ਕੋਈ ਆਪਣਾ ਬੇਗਾਨਾ ਨਹੀਂ ਸੀ ਵੇਖਿਆ ਤੇ ਅੱਜ ਉਸ ਨੂੰ ਸਭ ਕੁਝ ਹੀ ਬੇਗਾਨਾ ਲੱਗ ਰਿਹਾ ਸੀ। ਆਪਣਾ ਹੀ ਘਰ ਸੀ, ਆਪਣਾ ਹੀ ਪਿੰਡ ਤੇ ਆਪਣਾ ਹੀ ਦੇਸ਼; ਫੇਰ ਵੀ ਲੱਗਦਾ ਸੀ ਜਿਵੇਂ ਕੁਝ ਵੀ ਆਪਣਾ ਨਾ ਹੋਵੇ। ਥੋੜ੍ਹਾ ਦਿਲ ਤਕੜਾ ਕਰ ਕੇ ਆਪਣੇ ਮੋਬਾਇਲ ਦੀ ਉਸ ਨੇ ਫੋਨ ਬੁੱਕ ਖੋਲ੍ਹੀ, ਨਾਂਵਾਂ ਦੀ ਲਿਸਟ ਬੜੀ ਲੰਮੀ ਚੌੜੀ ਸੀ। ਕਾਫਲੇ ਹੀ ਕਾਫਲੇ ਸਨ, ਭੀੜਾਂ ਹੀ ਭੀੜਾਂ ਸਨ ਪਰ ਉਹ ਤਾਂ ਫਿਰ ਇਕੱਲਾ ਸੀ। ਧੁਰ ਅੰਦਰ ਪਸਰੀ ਖਿਝ ਜਿਹੀ 'ਚ ਉਸ ਨੇ ਸਾਰੇ ਨੰਬਰਾਂ ਨੂੰ ਡਿਲੀਟ ਕਰਨਾ ਚਾਹਿਆ। ਪਰ ਇਕ ਨੰਬਰ ਸਕਰੀਨ 'ਤੇ ਆਉਂਦਿਆਂ ਹੀ ਉਸ ਨੂੰ ਤਸੱਲੀ ਜਿਹੀ ਹੋਈ। ਇਹ ਉਹਦੇ ਯਾਰ ਪਰਮ ਦਾ ਨੰਬਰ ਸੀ। ਪਰਮ ਨੂੰ ਫੋਨ ਕਰਨ ਲਈ ਉਹ ਜੱਕੋ-ਤੱਕੀ ਵਿਚ ਹੀ ਸੀ ਕਿ ਉਸ ਦਾ ਫੋਨ ਆ ਗਿਆ। ਇਹ ਪਹਿਲੀ ਵਾਰ ਨਹੀਂ ਸੀ, ਅੱਗੇ ਵੀ ਕਈ ਵਾਰ ਇੰਜ ਹੀ ਹੁੰਦਾ ਆਇਆ ਸੀ। ਬਖਤਾਵਰ ਜਦੋਂ ਵੀ ਕਦੇ ਉਦਾਸ ਹੁੰਦਾ, ਪਰਮ ਸਾਲਮ ਸਬੂਤਾ ਉਹਦੇ ਸਾਹਵੇਂ ਆ ਖਲੋਂਦਾ।

"ਹਾਂ ਪਰਮ", ਬਖਤਾਵਰ ਨੇ ਕਾਲ ਲੈਂਦਿਆਂ ਕਿਹਾ।

"ਯਾਰ! ਮੈਂ ਤੈਨੂੰ ਮਿਲਣ ਆਇਆਂ, ਤੂੰ ਕਿਥੇ?"

"ਪਰਮ! ਇਹ ਤਾਂ ਮੈਨੂੰ ਵੀ ਨਹੀਂ ਪਤਾ ਮੈਂ ਕਿਥੇ ਆਂ", ਇੰਨਾ ਕਹਿ ਕੇ ਬਖਤਾਵਰ ਨੇ ਫੋਨ ਕੱਟ ਦਿੱਤਾ।

ਤੇ ਕੁਝ ਪਲਾਂ ਵਿਚ ਹੀ ਪਰਮ ਬਖਤਾਵਰ ਕੋਲ ਪਹੁੰਚ ਗਿਆ। ਬਖਤਾਵਰ ਦੀਆਂ ਸਵਾਲ ਕਰਦੀਆਂ ਅੱਖਾਂ ਨੂੰ ਤੱਕ ਪਰਮ ਨੇ ਜਵਾਬ ਦਿੱਤਾ, "ਬਖਤਾਵਰ! ਮੈਨੂੰ ਪਤਾ ਤੂੰ ਆਪਣੀ ਇਕੱਲ ਤੋੜਨ ਹਮੇਸ਼ਾ ਆਪਣੀ ਜ਼ਮੀਨ ਵਿਚ ਆਉਂਦੈਂ।"

ਆਪਣੇ ਮਨ 'ਚ ਥੋੜ੍ਹੀ ਜਿਹੀ ਤਸੱਲੀ ਮਹਿਸੂਸ ਕਰਦਿਆਂ ਬਖਤਾਵਰ ਬੋਲਿਆ, "ਹਾਂ ਯਾਰ, ਪੁਰਖਿਆਂ ਦੀ ਇਹ ਜ਼ਮੀਨ ਇਕੱਲ ਤੋਂ ਮੁਕਤ ਕਰ ਦਿੰਦੀ ਹੈ। ਧਰਤ 'ਚੋਂ ਪੁੰਗਰਦੇ ਬੀਅ ਤੇ ਫਿਰ ਹੌਲੀ-ਹੌਲੀ ਜਦ ਫਸਲ ਆਪਣੇ ਪੂਰੇ ਜੋਬਨ 'ਤੇ ਆਉਂਦੀ ਹੈ ਤਾਂ ਕਿੰਨਾ ਸਕੂਨ ਮਿਲਦੈ।"

"ਬਖਤਾਵਰ ਜਿੰਨਾ ਮਨੁੱਖ ਕੁਦਰਤ ਦੇ ਨੇੜੇ ਹੋਵੇਗਾ, ਓਨਾ ਹੀ ਸੁਖੀ ਹੋਵੇਗਾ।" ਪਰਮ ਦੇ ਜਵਾਬ ਨੇ ਬਖਤਾਵਰ ਦੀ ਦੁਖਦੀ ਰਗ ਨੱਪ ਦਿੱਤੀ ਸੀ।

ਬਖਤਾਵਰ ਦੇ ਮੱਥੇ ਦੀ ਨਾੜ ਉਭਰੀ ਤੇ ਥੋੜ੍ਹਾ ਤਲਖ ਹੁੰਦਿਆਂ ਕਹਿਣ ਲੱਗਾ, "ਪਰ ਯਾਰ, ਆਹ ਸਾਲੀ ਔਲਾਦ ਬਾਹਰ ਜਾ ਕੇ ਮਸ਼ੀਨਾਂ ਵੱਸ ਪੈ ਮਸ਼ੀਨ ਹੋ ਗਈ।" ਬਖਤਾਵਰ ਦੇ ਕੌੜੇ ਬੋਲ ਤਸਦੀਕ ਕਰ ਗਏ ਸਨ ਕਿ ਉਹਦੀ ਸਾਰੀ ਖਿਝ ਆਪਣੇ ਬਾਹਰੋਂ ਆਏ ਨੂੰਹ-ਪੁੱਤ ਲਈ ਰਾਖਵੀਂ ਸੀ। "ਪਰਮ! ਮੈਂ ਉਸ ਸਮੇਂ ਕੱਖੋਂ ਹੌਲਾ ਹੋ ਗਿਆ ਜਦ ਮੇਰਾ ਵੱਡਾ ਪੁੱਤ ਰੱਬ ਨੇ ਖੋਹ ਲਿਆ ਸੀ। ਬੰਦਾ ਰੱਬ ਦੇ ਭਾਣੇ ਨੂੰ ਜਰ ਲੈਂਦਾ ਪਰ ਜਿਹੜਾ ਘਾਟਾ ਮੈਨੂੰ ਜੀਂਦਾ ਪੁੱਤ ਪਾ ਰਿਹਾ, ਉਹ ਨਹੀਂ ਜਰ ਹੁੰਦਾ।"

"ਐਵੇਂ ਛੋਟੀਆਂ-ਛੋਟੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ।" ਪਰਮ ਨੇ ਸਿਆਣਾ ਜਿਹਾ ਬਣਦਿਆਂ ਕਿਹਾ। ਆਪਣੀ ਗੱਲ ਮੁਕਾਉਣ ਤੋਂ ਬਾਅਦ ਪਰਮ ਉਸ ਦਿਨ ਵੱਲ ਪਰਤ ਗਿਆ ਸੀ ਜਦ ਉਹਦੇ ਛੋਟੇ ਪੁੱਤ ਨੇ ਆਪਣੇ ਹਾਣ ਦੇ ਅੰਬਰ ਦੀ ਪਰਵਾਜ਼ ਭਰ ਲਈ ਸੀ। "ਸਾਨੂੰ ਕੀਹਦੇ ਆਸਰੇ ਛੱਡ ਕੇ ਚੱਲਿਆਂ ਪੁੱਤਰਾ?" ਮਾਂ ਸਵਾਲ ਕਰਨਾ ਚਾਹੁੰਦੀ ਸੀ ਪਰ ਉਸ ਨੂੰ ਪਤਾ ਸੀ, ਇਹੋ ਜਿਹੇ ਸਵਾਲ ਜਾਣ ਵਾਲੇ ਲਈ ਕੋਈ ਮਾਇਨੇ ਨਹੀਂ ਰੱਖਦੇ। ਏਅਰਪੋਰਟ 'ਤੇ ਬਖਤਾਵਰ ਸਿੰਘ ਬਾਜਵਾ ਨੇ ਅਣਮੰਨੇ ਮਨ ਨਾਲ ਪੁੱਤ ਦੀ ਪਿੱਠ ਥਾਪੜੀ ਸੀ ਤੇ ਘਰ ਆ ਕੇ ਆਪਣੇ ਮਰੇ ਪੁੱਤ ਦੀ ਫੋਟੋ ਸਾਹਮਣੇ ਕਈ ਸਵਾਲ-ਜਵਾਬ ਕੀਤੇ ਸਨ ਤੇ ਭੁੱਬ ਮਾਰਦਿਆਂ ਕਿਹਾ ਸੀ, "ਭਲਾਂ ਮੋਏ ਤੇ ਵਿਛੜੇ ਕੌਣ ਮੇਲੇ" ਤੇ ਉਸ ਤੋਂ ਬਾਅਦ ਪਰਮ ਦੇ ਗਲ ਲੱਗ ਰੋ ਪਿਆ ਸੀ।

ਬਖਤਾਵਰ ਦੀ ਆਵਾਜ਼ ਨਾਲ ਪਰਮ ਉਹਦੀ ਗੱਲ ਵਲ ਬਹੁੜਿਆ, "ਵੇਖ ਬਖਤਾਵਰ! ਇਹ ਜ਼ਿੰਦਗੀ ਹੈ, ਇਹਦੇ ਵਿਚ ਉਹੀ ਕੁਝ ਤਾਂ ਨਹੀਂ ਹੁੰਦਾ, ਜੋ ਆਪਾਂ ਸੋਚੀਏ।"

"ਹਾਂ, ਇਹ ਤਾਂ ਮੈਂ ਵੀ ਸਮਝਦਾਂ। ਫੇਰ ਵੀ ਔਲਾਦ ਦੀ ਬੇਰੁਖੀ ਝੱਲ ਨਹੀਂ ਹੁੰਦੀ।"

"ਬਖਤੌਰੇ! ਰਿਸ਼ਤੇ ਖ਼ੂਹ ਦੀ ਨਹੀਂ, ਮਨ ਦੀ ਆਵਾਜ਼ ਹੁੰਦੇ ਹਨ। ਜਦ ਰਿਸ਼ਤਿਆਂ ਕੋਲ ਅਸੀਂ ਸ਼ੰਕਿਆਂ ਦੀ ਚੁੱਪ ਲਈ ਜਾਂਦੇ ਹਾਂ ਤਾਂ ਬਹੁਤ ਕੁਝ ਗਲਤ ਮਲਤ ਹੋ ਜਾਂਦੈ।"

"ਹਾਂ ਪਰਮ ਸ਼ਾਇਦ ਤੂੰ ਠੀਕ ਕਹਿ ਰਿਹਾ ਹੋਵੇਂ।" ਮਨ 'ਚ ਕਈ ਸ਼ੰਕੇ ਲਈ ਬੈਠੇ ਬਖਤਾਵਰ ਨੇ ਹੁੰਗਾਰਾ ਦਿੱਤਾ।

ਤੇ ਇਸ ਤੋਂ ਬਾਅਦ ਪਰਮ ਆਪਣੇ ਘਰ ਵੱਲ ਹੋ ਤੁਰਿਆ ਸੀ। ਬਖਤਾਵਰ ਆਪਣੇ ਘਰ ਦੇ ਪੈਂਡੇ ਪੈ ਕਈ ਕੁਝ ਸੋਚ ਰਿਹਾ ਸੀ, "ਹੋ ਸਕਦੈ ਮੈਂ ਹੀ ਗ਼ਲਤ ਹੋਵਾਂ। ਹਮੇਸ਼ਾ ਆਪਣੀ ਹੀ ਨਜ਼ਰ ਤੋਂ ਸਭ ਕਾਸੇ ਨੂੰ ਵੇਖਣਾ, ਇਹ ਵੀ ਤਾਂ ਠੀਕ ਨਹੀਂ।" ਅਜਿਹੇ ਵੇਲੇ ਉਹਨੂੰ ਆਪਣੇ ਪੁੱਤਰ ਨਾਲ ਪਿਆਰ ਆ ਜਾਂਦਾ ਪਰ ਜਦੋਂ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਉਹਦੀਆਂ ਅੱਖਾਂ ਅੱਗੇ ਆਉਂਦੀ ਤਾਂ ਉਸ ਨੂੰ ਆਪਣਾ ਪੁੱਤ ਸਾਰੀ ਬਰਾਦਰੀ ਦਾ ਗੁਨਾਹਗਾਹ ਲੱਗਣ ਲੱਗ ਪੈਂਦਾ। ਮਨ 'ਚ ਕਈ ਸਵਾਲ-ਜਵਾਬ ਕਰਦਿਆਂ ਹੀ ਉਹ ਘਰ ਪਹੁੰਚ ਗਿਆ। ਉਹ ਮਨ 'ਚ ਪਏ ਸ਼ੰਕਿਆਂ ਨੂੰ ਹੂੰਝ ਦੇਣਾ ਚਾਹੁੰਦਾ ਸੀ ਪਰ ਘਰ ਵੜਦਿਆਂ ਹੀ ਨੂੰਹ ਦੇ ਸਰੀਰ 'ਤੇ ਪਏ ਗਿੱਠ ਕੁ ਕੱਪੜਿਆਂ ਨੇ ਉਹਨੂੰ ਸ਼ਰਮਸ਼ਾਰ ਕਰ ਦਿੱਤਾ। ਫਿਰ ਵੀ ਵਿਹੜੇ ਵਿਚ ਖੇਡਦੇ ਪੋਤੇ ਵਲ ਵੇਖ ਉਹਨੂੰ ਤਸੱਲੀ ਜਿਹੀ ਹੋਈ।

ਆਪਣੇ ਘਰ ਦੇ ਧੁਰ ਕੋਠੇ ਜਾ ਉਸ ਨੇ ਪਿੰਡ ਵਲ ਵੇਖਿਆ, ਬੜੀ ਤਰੱਕੀ ਹੋ ਗਈ ਸੀ। ਵੱਡੇ-ਵੱਡੇ ਘਰ ਪੈ ਗਏ ਸਨ। ਕਦੇ ਵੇਲਾ ਸੀ, ਘਰ ਛੋਟੇ ਸਨ ਤੇ ਰਹਿਣ ਵਾਲੇ ਜ਼ਿਆਦਾ; ਪਰ ਹੁਣ ਘਰਾਂ ਦੇ ਜੰਗਲ ਉਗ ਖਲੋਤੇ ਸਨ। ਇਨ੍ਹਾਂ ਘਰਾਂ 'ਚ ਰਹਿਣ ਵਾਲੇ ਡਾਲਰਾਂ ਪੌਂਡਾਂ ਦੇ ਵੱਸ ਪੈ ਗਏ ਸਨ ਤੇ ਪਿੱਛੇ ਰਹਿ ਗਏ ਹਰ ਮਾਂ-ਪਿਉ ਦੀ ਕਹਾਣੀ ਬਖਤਾਵਰ ਸਿੰਘ ਬਾਜਵਾ ਵਰਗੀ ਸੀ। ਉਸ ਨੇ ਮਨ ਹੀ ਮਨ ਸੋਚਿਆ। ਇਹ ਕਿਹੋ ਜਿਹੀ ਤਰੱਕੀ ਸੀ। ਜਿਸ ਨੇ ਦਿੱਤਾ ਤਾਂ ਬਹੁਤ ਕੁਝ ਸੀ, ਫੇਰ ਵੀ ਇੰਜ ਲੱਗਦਾ ਸੀ ਜਿਵੇਂ ਕੁਝ ਵੀ ਕੋਲ ਨਾ ਰਿਹਾ ਹੋਵੇ। ਅਸਮਾਨੀਂ ਉਡਦੇ ਹਵਾਈ ਜਹਾਜ਼ ਦੀ ਆਵਾਜ਼ ਨਾਲ ਉਹਦੇ ਖਿਆਲਾਂ ਦੀ ਤੰਦ ਟੁੱਟੀ ਤੇ ਉਹ ਹੇਠਾਂ ਉਤਰ ਆਇਆ।

ਥੱਲੇ ਆਉਂਦਿਆਂ ਹੀ ਉਸ ਨੂੰ ਆਪਣੇ ਨੂੰਹ ਪੁੱਤ ਅੰਗਰੇਜ਼ੀ ਅੰਦਾਜ਼ ਵਿਚ ਗੁੱਥਮ-ਗੁੱਥਾ ਹੋਏ ਨਜ਼ਰ ਆਏ। ਉਹ ਖੰਘੂਰਾ ਮਾਰਨਾ ਚਾਹੁੰਦਾ ਸੀ ਪਰ ਅਗਲੇ ਹੀ ਪਲ ਉਸ ਸੋਚਿਆ ਕਿ ਜਦ ਸਾਲਮ ਸਬੂਤਾ ਬਖਤਾਵਰ ਸਿੰਘ ਬਾਜਵਾ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ ਤਾਂ ਫਿਰ ਇਸ ਖੰਘੂਰੇ ਦੇ ਕੀ ਅਰਥ? ਉਹ ਸਿੱਧਾ ਆਪਣੇ ਕਮਰੇ ਵਿਚ ਚਲਾ ਗਿਆ। ਬਾਹਰ ਵੱਜ ਰਿਹਾ ਵਲੈਤੀ ਮਿਊਜ਼ਿਕ ਉਹਦਾ ਮੂੰਹ ਚਿੜਾਉਣ ਲੱਗਾ। ਥੋੜ੍ਹਾ ਤਲਖ ਹੋ ਉਸ ਆਪਣੀ ਤ੍ਰੀਮਤ ਨੂੰ ਕਿਹਾ, "ਆਪਣੇ ਪੁੱਤ ਨੂੰ ਕਹਿ, ਇਹ ਕੰਜਰਖਾਨਾ ਮੇਰੇ ਘਰ ਨਾ ਲਾਇਆ ਕਰੇ।"

ਅੱਗਿਓਂ ਉਸ ਕੋਈ ਜਵਾਬ ਨਾ ਦਿੱਤਾ। ਬਖਤਾਵਰ ਸਿੰਘ ਬਾਜਵਾ ਦੀ ਬੀਵੀ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ। ਉਸ ਨੂੰ ਕਿਸੇ 'ਤੇ ਵੀ ਕੋਈ ਗਿਲਾ ਸ਼ਿਕਵਾ ਨਹੀਂ ਸੀ। ਉਹਨੇ ਨੂੰਹ-ਪੁੱਤਰ ਦੀ ਬੇਰੁਖੀ ਵੀ ਸਿਰ ਮੱਥੇ ਜਰ ਲਈ ਸੀ ਤੇ ਆਪਣੇ ਖਾਵੰਦ ਦੇ ਨਿਹੋਰੇ ਵੀ ਜਰ ਲਏ ਸਨ। ਪੋਤੇ ਦੀ ਕਿਲਕਾਰੀ 'ਚ ਉਹ ਹੱਸ ਛੱਡਦੀ ਤੇ ਨੂੰਹ ਵੱਲੋਂ ਦਿੱਤੀਆਂ ਨਸੀਹਤਾਂ ਮੁਤਾਬਕ ਆਪਣੇ ਪੋਤੇ ਦੇ ਨਿੱਕੇ-ਨਿੱਕੇ ਕੰਮ ਕਰਦੀ ਰਹਿੰਦੀ।

***

ਇਕ ਚੁੱਪ ਸੀ ਜੋ ਇਸ ਘਰ 'ਚ ਰਹਿਣ ਵਾਲਿਆਂ ਦੇ ਦਿਲਾਂ ਵਿਚ ਪਸਰ ਗਈ ਸੀ। ਹਰ ਰਿਸ਼ਤਾ ਬਾਹਰੋਂ ਵੇਖਣ ਨੂੰ ਸਹਿਜ ਤੇ ਅੰਦਰੋਂ ਵਿੱਥ 'ਤੇ ਖਲੋਤਾ ਹੋਇਆ ਸੀ ਤੇ ਇਕ ਦਿਨ ਇਸ ਚੁੱਪ ਨੂੰ ਬਖਤਾਵਰ ਸਿੰਘ ਬਾਜਵਾ ਨੇ ਆਵਾਜ਼ ਦੇ ਦਿੱਤੀ ਸੀ ਜਿਸ ਨੇ ਬਖਤਾਵਰ ਸਿੰਘ ਬਾਜਵਾ ਦੇ ਰਹਿੰਦੇ-ਖੂੰਹਦੇ ਭਰਮ ਵੀ ਤੋੜ ਦਿੱਤੇ ਸਨ। ਡਾਢੇ ਦੁੱਖ ਨਾਲ ਉਸ ਆਪਣੇ ਪੁੱਤ ਨੂੰ ਕਿਹਾ, "ਅੰਮ੍ਰਿਤ, ਤੂੰ ਆਪਣਾ ਰਾਹ ਖੁਦ ਚੁਣਿਆ, ਠੀਕ ਹੈ ਪਰ ਮੈਨੂੰ ਲੱਗਦਾ ਹੈ ਇਸ ਰਾਹ ਨੇ ਜਿਵੇਂ ਰਾਹੀ ਨੂੰ ਹੀ ਨਿਗਲ ਲਿਆ ਹੋਵੇ।"

"ਡੋਂਟ ਬੀ ਸੋ ਇਮੋਸ਼ਨਲ ਡੈਡ।" ਉਹ ਥੋੜ੍ਹੀ ਟਿੱਚਰ ਜਿਹੀ 'ਚ ਬੋਲਿਆ, "ਜੇ ਰਾਹ ਨੇ ਰਾਹੀ ਨਿਗਲ ਲਿਆ ਹੁੰਦਾ ਤਾਂ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ।"

"ਤੂੰ ਮੇਰੀ ਗੱਲ ਨਹੀਂ ਸਮਝਿਆ।" ਰੋਣਹਾਕੇ ਹੋਏ ਬਾਜਵਾ ਨੇ ਕਿਹਾ।

"ਦੇਖੋ! ਮੈਂ ਇਹ ਫਲਸਫਾ ਸਮਝਣਾ ਵੀ ਨਹੀਂ ਚਾਹੁੰਦਾ, ਇਟਜ਼ ਮਾਈ ਲਾਈਫ਼ ਐਂਡ ਆਈ ਹੈਂਡਲ ਮਾਈ ਲਾਈਫ ਵਿਦ ਮਾਈ ਓਨ ਸਟਾਈਲ।"

ਉਹਦੀ ਗੱਲ ਬੋਚਦਿਆਂ ਬਖਤਾਵਰ ਨੇ ਕਿਹਾ, "ਗੱਲ ਸੁਣ, ਪੰਝੀ ਸਾਲ ਤੈਨੂੰ ਪਾਲਿਆ, ਪੜ੍ਹਾਇਆ, ਲਿਖਾਇਆ। ਅੱਜ ਤੇਰੇ ਕੋਲ ਚਾਰ ਪੈਸੇ ਕੀ ਆ ਗਏ, ਹਰ ਗੱਲ 'ਤੇ ਮੋਢੇ ਚੜ੍ਹਾ ਕੇ ਦੱਸਣ ਬਹਿ ਜਾਂਦੈ, ਇਟਜ਼ ਮਾਈ ਲਾਈਫ।"

"ਯੈੱਸ ਮਿਸਟਰ ਸਿੰਘ, ਇਟਜ਼ ਮਾਈ ਲਾਈਫ ਤੇ ਮੈਂ ਇਹ ਮੰਨਦਾ ਹਾਂ ਕਿ ਜ਼ਿੰਦਗੀ ਜੀਣ ਲਈ ਸੁਰੱਖਿਆ ਚਾਹੀਦੀ ਹੈ ਤੇ ਪੈਸਾ ਸਾਨੂੰ ਸੁਰੱਖਿਆ ਦਿੰਦਾ ਹੈ।"

"ਪਰ ਪੁੱਤਰਾ, ਜ਼ਿੰਦਗੀ ਜਮ੍ਹਾਂ ਜ਼ਰਬ ਦੇ ਫਾਰਮੂਲੇ ਨਾਲ ਨਹੀਂ ਸਮਝੀ ਜਾ ਸਕਦੀ। ਇਹਦੇ 'ਚ ਬਹੁਤ ਬੇਤਰਤੀਬੀ ਹੈ। ਬੰਦਾ ਜ਼ਿੰਦਗੀ ਕੋਲੋਂ ਜਿੰਨੀ ਸੁਰੱਖਿਆ ਚਾਹੁੰਦਾ ਹੈ, ਇਹ ਓਨੀ ਹੀ ਡਰਾਉਣੀ ਲੱਗਦੀ ਹੈ।"

"ਸਿੰਘ ਸਾਹਿਬ! ਇਹ ਤੁਹਾਡਾ ਫਲਸਫਾ ਹੋ ਸਕਦਾ ਹੈ, ਮੇਰਾ ਨਹੀਂ। ਜੇ ਮੈਂ ਇਹੋ ਜਿਹੇ ਫਲਸਫੇ ਨਾਲ ਜੁੜਿਆ ਰਹਿੰਦਾ ਤਾਂ ਤਰੱਕੀ ਨਾ ਕਰ ਪਾਉਂਦਾ। ਇਹ ਮੇਰੀ ਹੁਸ਼ਿਆਰੀ ਹੈ ਕਿ ਦੋ ਸਾਲਾਂ 'ਚ ਵਧੀਆ ਘਰ ਤੇ ਸਟੋਰ ਦਾ ਮਾਲਿਕ ਹਾਂ।"



"ਏਥੇ ਤੂੰ ਗਲਤ ਹੈਂ, ਤੂੰ ਆਪਣੀ ਚਲਾਕੀ ਨੂੰ ਆਪਣੀ ਹੁਸ਼ਿਆਰੀ ਸਮਝ ਰਿਹਾ ਹੈਂ ਤੇ ਨਾਲੇ ਦੱਸ, ਉਹ ਘਰ ਤੇਰਾ ਕਿਵੇਂ ਹੋਇਆ ਜਿਸ ਘਰ ਦੀ ਨੇਮ ਪਲੇਟ ਉਤੇ 'ਬਾਜਵਾ ਵਿਲਾ' ਨਹੀਂ 'ਮਿਗਲਾਨੀ ਵਿਲਾ' ਲਿਖਿਆ ਹੋਇਐ।"

ਅੰਮ੍ਰਿਤ ਨੂੰ ਲੱਗਾ ਜਿਵੇਂ ਦਿਨ ਦਿਹਾੜੇ ਉਹਦੇ ਪਿਉ ਨੇ ਉਹਦੀ ਚੋਰੀ ਫੜ ਲਈ ਹੋਵੇ। ਫੇਰ ਵੀ ਥੋੜ੍ਹਾ ਜਿਹਾ ਛਿੱਥਾ ਪੈ ਕੇ ਕਹਿਣ ਲੱਗਾ, "ਪੂਰੇ ਚਾਰ ਲੱਖ ਪੌਂਡ ਦਿੱਤੇ ਮੇਰੇ ਸਹੁਰਿਆਂ ਨੇ। ਜੇ 'ਮਿਗਲਾਨੀ ਵਿਲਾ' ਲਿਖ ਦਿੱਤਾ ਤਾਂ ਕੀ ਆਖਰ ਆ ਗਈ।"

"ਉਇ ਤਾਂ ਫਿਰ ਇੰਜ ਕਹਿ ਨਾ, ਚਾਰ ਲੱਖ ਪੌਂਡ ਦਾ ਪਟਾ ਪਾਇਆ ਐ ਤੇਰੇ ਗਲ ਸਹੁਰਿਆਂ, ਤੇ ਤੂੰ ਉਨ੍ਹਾਂ ਦਾ ਪਾਲਤੂ ਜਵਾਈ ਬਣ ਗਿਆਂ।" ਥੋੜ੍ਹਾ ਤਲਖ਼ ਹੁੰਦਿਆਂ ਬਖਤਾਵਰ ਨੇ ਕਿਹਾ।

"ਤੁਸੀਂ ਜੋ ਸਮਝਣਾ ਸਮਝੋ, ਆਈ ਐਮ ਹੈਪੀ ਵਿਦ ਮਾਈ ਫੈਮਿਲੀ।" ਪੁੱਤ ਨੇ ਵਲੈਤੋਂ ਸਿੱਖੇ ਅੰਗਰੇਜ਼ੀ ਦੇ ਸ਼ਬਦ ਪਿਉ ਸਾਹਮਣੇ ਗਲੱਛ ਦਿੱਤੇ।

"ਮੈਨੂੰ ਦੱਸ ਦੇ ਪੁੱਤਰ, ਤੇਰੀ ਫੈਮਿਲੀ 'ਚ ਅਸੀਂ ਵੀ ਹੈਗੇ ਆਂ ਜਾਂ ਨਹੀਂ।" ਥੋੜ੍ਹੀ ਸ਼ੰਕਾ ਜਿਹੀ 'ਚ ਬਾਜਵਾ ਬੋਲਿਆ। ਪੁੱਤ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹਦੀਆਂ ਝੁਕੀਆਂ ਅੱਖਾਂ ਸਭ ਕੁਝ ਕਹਿ ਗਈਆਂ।

"ਨਿਰਮੋਹੀ ਧਰਤ ਦੇ ਵੱਸ ਪੈ, ਤੂੰ ਨਿਰਮੋਹਾ ਹੋ ਗਿਆਂ ਪੁੱਤਰਾ।" ਪਿਉ ਨੇ ਵਲੈਤੀ ਪੁੱਤ ਨੂੰ ਨਿਹੋਰਾ ਮਾਰਿਆ।

"ਤੇ ਤੁਹਾਡੀ ਇਹ ਧਰਤੀ ਬੜੀ ਮੋਹਵੰਤੀ ਹੈ, ਇਥੇ ਲੋਕ ਗਰਜਾਂ ਕਰ ਕੇ ਇਕ ਦੂਜੇ ਦਾ ਆਸਰਾ ਬਣਦੇ ਹਨ ਤੇ ਤੁਸੀਂ ਇਸ ਨੂੰ ਮੋਹ ਸਮਝਣ ਲੱਗ ਪੈਂਦੇ ਹੋ।" ਵਲੈਤੀ ਕਲਚਰ ਪੁੱਤ ਦੇ ਸਿਰ ਚੜ੍ਹ ਬੋਲਿਆ।

"ਪਰ ਅੰਮ੍ਰਿਤ 'ਕੱਲਾ ਤਾਂ ਕੋਈ ਵੀ ਵੱਡਾ ਨਹੀਂ ਹੁੰਦਾ। ਬੰਦੇ ਨੂੰ ਕੋਈ ਤਾਂ ਅਜਿਹਾ ਮੋਢਾ ਚਾਹੀਦਾ ਹੈ ਜਿਹਦੇ 'ਤੇ ਸਿਰ ਰੱਖ ਉਹ ਰੋ ਸਕੇ, ਹੱਸ ਸਕੇ।"

"ਮਿਸਟਰ ਸਿੰਘ, ਜੀਹਦੇ ਕੋਲ ਪੈਸਾ ਹੋਵੇ, ਉਹਨੂੰ ਝੂਠੇ ਮੋਢਿਆਂ ਦੀ ਲੋੜ ਨਹੀਂ ਹੁੰਦੀ।" ਲੈਪਟੌਪ 'ਤੇ ਸੈਲਰੀ ਸਟੇਟਮੈਂਟ ਚੈੱਕ ਕਰਦਿਆਂ ਪੁੱਤ ਬੋਲਿਆ।

"ਫਿਰ ਤਾਂ ਪੁੱਤਰਾ ਤੈਨੂੰ ਸਾਡੀ ਵੀ ਲੋੜ ਨਹੀਂ ਹੋਣੀ। ਕਦੇ ਮਾਂ-ਬਾਪ ਬਾਰੇ ਸੋਚਿਆ? ਉਹ 'ਕੱਲੇ ਏਡੇ ਵੱਡੇ ਘਰ 'ਚ ਕਿਵੇਂ ਦਿਨ ਕਟੀ ਕਰਦੇ ਆ।" ਨਿਆਸਰਾ ਜਿਹਾ ਬਣ ਬਾਜਵਾ ਨੇ ਸਵਾਲ ਕੀਤਾ।

"ਤੁਸੀਂ ਅਜੇ ਚੰਗੇ ਭਲੇ ਹੋ। ਜਦ ਲੋੜ ਹੋਈ ਤੁਹਾਨੂੰ ਏਥੇ ਸਰਵੈਂਟ ਅਰੇਂਜ ਕਰ ਕੇ ਦੇਣਾ ਵਧੇਰੇ ਇਕਨਾਮਕ ਹੈ।" ਇਕਨਾਮਿਕਸ ਪੜ੍ਹਿਆ ਪੁੱਤ, ਹਰ ਰਿਸ਼ਤੇ ਵਿਚੋਂ ਆਪਣੇ ਮਤਲਬ ਦੀ ਇਕਾਨਮੀ ਲੱਭਣ ਲੱਗ ਪਿਆ ਸੀ।

ਬਖਤਾਵਰ ਸਿੰਘ ਬਾਜਵਾ ਦੇ ਅੰਦਰੋਂ ਕੁਝ ਕੜੱਕ ਕਰ ਕੇ ਟੁੱਟਾ। ਫਿਰ ਵੀ ਉਹ ਹਿਸਾਬੀ-ਕਿਤਾਬੀ ਹੋਏ ਪੁੱਤ ਦੀ ਹੱਦ ਵੇਖਣੀ ਚਾਹੁੰਦਾ ਸੀ। ਢੀਠ ਜਿਹਾ ਬਣਦਿਆਂ ਉਸ ਕਿਹਾ, "ਨਾ ਮੈਨੂੰ ਦੱਸ ਤੇਰਾ 'ਮਿਗਲਾਨੀ ਵਿਲਾ' ਸਾਨੂੰ ਬੁੱਢੇ-ਬੁੱਢੀ ਨੂੰ ਇਕ ਕਮਰਾ ਨਹੀਂ ਦੇ ਸਕਦਾ।"

"ਇਟਜ਼ ਇਮਪੋਸੀਬਲ। ਤੁਹਾਡੀ ਵਲੈਤਣ ਨੂੰਹ ਨੂੰ ਇਹ ਗੱਲ ਪਸੰਦ ਨਹੀਂ ਕਿ ਕੋਈ ਤੀਜਾ ਬੰਦਾ ਉਨ੍ਹਾਂ ਦੀ ਫੈਮਿਲੀ ਲਾਈਫ 'ਚ ਦਖਲਅੰਦਾਜ਼ੀ ਕਰੇ।" ਗੱਲ ਕਹਿਣ ਤੋਂ ਬਾਅਦ ਅੰਮ੍ਰਿਤ ਚੁੱਪ ਹੋ ਗਿਆ ਸੀ।

ਤੇ ਸ਼ਾਇਦ ਬਖਤਾਵਰ ਲਈ ਕਹਿਣ-ਸੁਣਨ ਨੂੰ ਹੁਣ ਕੁਝ ਨਹੀਂ ਰਹਿ ਗਿਆ ਸੀ। ਪੁੱਤ ਦੀਆਂ ਕਹੀਆਂ ਸੁਣੀਆਂ ਨੇ ਉਹਨੂੰ ਹਰ ਭਰਮ ਤੋਂ ਮੁਕਤ ਕਰ ਦਿੱਤਾ। ਉਹ ਸਿੱਧਾ ਆਪਣੇ ਕਮਰੇ ਵਿਚ ਗਿਆ, ਆਪਣੀ ਤ੍ਰੀਮਤ ਲਾਗੇ ਬੈਠ ਉਹ ਆਪਣਾ ਮਨ ਹੌਲਾ ਕਰਨਾ ਚਾਹੁੰਦਾ ਸੀ। ਡੂੰਘਾ ਸਾਹ ਲੈ ਕੇ ਉਸ ਕਿਹਾ, "ਭਾਗਵਾਨੇ! ਮੇਰੀ ਬੇਬੇ ਇਕ ਗੀਤ ਗਾਉਂਦੀ ਹੁੰਦੀ ਸੀ, ਅੱਜ ਤੂੰ ਮੈਨੂੰ ਉਹ ਗੀਤ ਗਾ ਕੇ ਸੁਣਾ। ਉਸ ਦੀ ਬੀਵੀ ਨੂੰ ਪਤਾ ਸੀ, ਹੁਣ ਇਹ ਗੀਤ ਬੇਮਾਇਨੇ ਸੀ; ਫੇਰ ਵੀ ਮਨ ਦੀ ਤਸੱਲੀ ਲਈ ਉਸ ਗੀਤ ਛੋਹ ਲਿਆ,

"ਵੇ ਵਧਾਇਆ ਸੱਜਣਾ,
ਵੇ ਸੁਹਾਇਆ ਸੱਜਣਾ
ਇਹ ਘਰ ਕਿੰਨੀ ਗੁਣੀ ਬਣਦੇ,
ਜੰਮਣ ਪੁੱਤ ਸਪੁੱਤਰੇ
ਆਵਣ ਨੂੰਹਾਂ ਸੁਲੱਖਣੀਆਂ,
ਇਹ ਘਰ ਏਨੀ ਗੁਣੀਂ ਬਣਦੇ।"

ਆਖਰੀ ਸਤਰ ਬੋਲਦਿਆਂ ਉਹਦਾ ਗਚ ਭਰ ਆਇਆ। ਰੋਣਹਾਕੀ ਹੋਈ ਕਹਿਣ ਲੱਗੀ, "ਇਸ ਗੀਤ ਨੂੰ ਤਾਂ ਕਦੋਂ ਦੀ ਕਾਂਗਿਆਰੀ ਪੈ ਗਈ ਸਰਦਾਰਾ। ਤੂੰ ਜੀਅ ਛੋਟਾ ਨਾ ਕਰ। ਆਪਣੇ ਕੋਲ ਪੋਤਾ ਹੈਗਾ ਬਾਜਵਾ ਖਾਨਦਾਨ ਦਾ ਅਗਲਾ ਵਾਰਸ।" ਪਰ ਇਹ ਧਰਵਾਸਾ ਵੀ ਥੋੜ੍ਹ-ਚਿਰਾ ਸੀ। ਪਲੰਘ 'ਤੇ ਪਿਆ ਪਾਸਪੋਰਟ ਇਕ ਦਿਨ ਇਹ ਚੁਗਲੀ ਕਰ ਗਿਆ ਸੀ ਕਿ ਪੋਤਰੇ ਦੇ ਨਾਂ ਪਿਛੇ ਵੀ 'ਬਾਜਵਾ' ਨਹੀਂ, 'ਮਿਗਲਾਨੀ' ਲੱਗਦਾ ਸੀ।

ਇਸ ਤੋਂ ਬਾਅਦ ਉਹ ਗੁੰਮ-ਸੁੰਮ ਰਹਿਣ ਲੱਗ ਪਿਆ ਸੀ। ਉਹਨੂੰ ਲੱਗਾ ਜਿਵੇਂ ਉਹਦਾ ਆਪਣੇ ਭੋਇੰ-ਭਾਂਡੇ ਤੋਂ ਵੀ ਨਾਂ ਖਤਮ ਹੋਣ ਲੱਗਾ ਹੋਵੇ। ਬੇਵਸੀ ਦੇ ਇਸ ਆਲਮ ਵਿਚ ਉਹ ਪਰਮ ਕੋਲ ਜਾਣਾ ਚਾਹੁੰਦਾ ਸੀ। ਫਿਰ ਸੋਚਦਾ ਉਹਨੂੰ ਜਾ ਕੇ ਕੀ ਦੱਸਾਂ। ਆਪਣਾ ਚਿੱਤ ਰਾਜ਼ੀ ਕਰਨ ਲਈ ਉਹ 'ਵਿਹੜੇ' ਚਲਾ ਜਾਂਦਾ। ਜਦ ਕੋਈ ਵਿਹੜੇ ਵਾਲਿਆਂ ਦੀ ਨੂੰਹ-ਧੀ ਉਸ ਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਗਦਗਦ ਹੋ ਉਠਦਾ ਤੇ ਇਕ ਦਿਨ ਉਹ ਸੁਰਖਰੂ ਹੋਣ ਲਈ 'ਕੇਹਰੂ ਸਾਂਸੀ' ਕੋਲ ਬੰਸਾਵਲੀ ਸੁਣਨ ਬਹਿ ਗਿਆ ਸੀ।

ਅਰਮਾਨ ਬਾਜਵਾ ਪੁੱਤਰ ਅੰਮ੍ਰਿਤ ਸਿੰਘ ਬਾਜਵਾ ਸਿੰਘਾਣੀਆਂ

ਅੰਮ੍ਰਿਤ ਬਾਜਵਾ ਪੁੱਤਰ ਬਖਤਾਵਰ ਸਿੰਘ ਬਾਜਵਾ ਸਿੰਘਾਣੀਆਂ

ਬਖਤਾਵਰ ਬਾਜਵਾ ਪੁੱਤਰ ਗੁਰਦਿੱਤ ਸਿੰਘ ਬਾਜਵਾ ਸਿੰਘਾਣੀਆਂ

ਆਪਣੇ ਪੁੱਤ ਤੇ ਪੋਤਰੇ ਦੇ ਪਿੱਛੇ ਬਾਜਵਾ ਲੱਗਾ ਵੇਖ ਉਹਨੂੰ ਤਸੱਲੀ ਹੁੰਦੀ ਤੇ ਫਿਰ ਕੇਹਰੂ ਕੋਲ ਜਾਣਾ ਉਹਦਾ ਨਿਤਨੇਮ ਬਣ ਗਿਆ ਸੀ। ਵਾਰ-ਵਾਰ ਬੰਸਾਵਲੀ ਸੁਣ ਉਹਨੂੰ ਸੁਆਦ ਆਉਂਦਾ। ਉਹਨੂੰ ਲਗਦਾ ਪਿੰਡ ਦੇ ਵਹੀਖਾਤੇ 'ਚ ਉਹਦਾ ਅਜੇ ਵੀ ਅੱਗਾ ਪਿੱਛਾ ਕਾਇਮ ਸੀ। ਅਜਿਹੇ ਵੇਲੇ ਉਹ ਆਪਣੀ ਮੁੱਛ ਨੂੰ ਮਰੋੜਾ ਦੇ ਕੇ ਕਹਿੰਦਾ, "ਨਹੀਂ ਪ੍ਰਵਾਹ ਕਿਸੇ ਦੀ ਜੱਟ ਨੂੰ।" ਪਰ ਕੁਝ ਦਿਨਾਂ ਬਾਅਦ ਹੀ ਉਹ ਇਸ ਸਭ ਕਾਸੇ ਤੋਂ ਉਕਤਾ ਗਿਆ। ਜਦ ਉਸ ਦੀਆਂ ਅੱਖਾਂ ਸਾਹਮਣੇ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ ਪੋਤੇ ਦਾ ਪਾਸਪੋਰਟ ਘੁੰਮਣ ਲੱਗਦਾ ਤਾਂ ਉਹ ਬੌਂਦਲ ਜਾਂਦਾ। ਅਜਿਹੇ ਵੇਲੇ ਉਸ ਦੀ ਉਦਾਸੀ ਝੱਲੀ ਨਾ ਜਾਂਦੀ। ਫਿਰ ਉਹਨੂੰ ਕੇਹਰੂ ਦੀ ਰਲਦ ਗਲਦ ਹੋਈ 'ਬੰਸਾਵਲੀ' 'ਵਲੈਤੀ ਪਾਸਪੋਰਟ' ਦੇ ਮੁਕਾਬਲੇ ਹੀਣੀ ਜਾਪਦੀ।

***

ਉਹ ਕਈ ਦਿਨ ਆਪਣੇ ਆਪ ਨਾਲ ਘੁਲਦਾ ਰਿਹਾ ਸੀ। ਉਹ ਆਪੇ ਤੋਂ ਹੀ ਹਾਰ ਗਿਆ ਸੀ। ਤੇ ਫਿਰ ਇਕ ਦਿਨ ਆਪਣੇ ਮਨ ਦੀ ਟੁੱਟ-ਭੱਜ ਸਮੇਤ ਪਰਮ ਕੋਲ ਜਾ ਪਹੁੰਚਿਆ। ਘਰ ਦੇ ਬਰਾਂਡੇ 'ਚ ਬੈਠੇ ਪਰਮ ਨੇ ਸਰਸਰੀ ਜਿਹਾ ਪੁੱਛਿਆ, "ਕੀ ਹਾਲ ਆ ਮਿੱਤਰਾ।"

"ਬਸ ਦਿਲ ਹੀ ਉਦਾਸ ਆ।" ਹਿਰਖੇ ਜਿਹੇ ਮਨ ਨਾਲ ਬਖਤਾਵਰ ਨੇ ਜਵਾਬ ਦਿੱਤਾ।

ਪਰਮ ਨੇ ਆਪਣੇ ਯਾਰ ਦੇ ਚਿਹਰੇ 'ਤੇ ਪਏ ਉਦਾਸੀ ਦੇ ਨਕਸ਼ ਪਛਾਣ ਲਏ ਸਨ। "ਦਿਲ ਉਦਾਸ ਹੈ ਤਾਂ ਖੁਸ਼ ਕਰ ਦਿੰਦੇ ਆਂ।" ਥੋੜ੍ਹਾ ਛੇੜਨ ਦੇ ਲਹਿਜ਼ੇ 'ਚ ਪਰਮ ਬੋਲਿਆ। ਉਹ ਬਖਤਾਵਰ ਨੂੰ ਪਿਛਲੇ ਕਮਰੇ ਵਿਚ ਲੈ ਗਿਆ। ਪੈੱਗ ਬਣਾਉਂਦਿਆਂ ਪਰਮ ਨੇ ਕਿਹਾ, "ਖੱਬੀ ਖਾਨ ਜੱਟ ਬਖਤਾਵਰ ਸਿੰਘ ਬਾਜਵਾ ਤਾਂ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ, ਹੁਣ ਕੀ ਹੋ ਗਿਆ।"

*(ਬਾਕੀ ਅਗਲੇ ਸਫੇ 'ਤੇ)*

# ਮਾਲਵੇ ਦੇ ਗਮੰਤਰੀ ਤੇ ਵਜੰਤਰੀ


**ਸੁਰਤ ਤੇ ਸੰਗੀਤ**



**ਗੁਰਬਚਨ ਸਿੰਘ ਭੁੱਲਰ**

ਫੋਨ:91-11-65736868


ਤਵਿਆਂ ਅਤੇ ਰੇਡੀਓ ਦਾ ਇਨਕਲਾਬ ਮਾਲਵੇ ਦੇ ਪਿੰਡਾਂ ਤੱਕ ਪੁੱਜਣ ਤੋਂ ਪਹਿਲਾਂ ਕਵੀਸ਼ਰੀ ਜਥਿਆਂ ਬਾਰੇ ਤਾਂ ਜੇ ਇਹ ਕਹਿ ਲਈਏ ਕਿ ਉਹ ਪਿੰਡ ਪਿੰਡ ਹੁੰਦੇ ਸਨ, ਕੋਈ ਝੂਠ ਨਹੀਂ ਹੋਵੇਗਾ। ਗਿਣਤੀ ਦੇ ਪੱਖੋਂ ਦੂਜੇ ਥਾਂ ਢੱਡ-ਸਾਰੰਗੀ ਵਾਲੇ ਆਉਂਦੇ ਸਨ। ਮੇਰੀ ਚੜ੍ਹਦੀ ਉਮਰੇ ਇਹ ਕਲਾ ਆਪਣੇ ਪੂਰੇ ਜਲੌਅ ਵਿਚ ਸੀ। ਸ਼ਬਦ ਦੀ ਸੁਗੰਧ ਵੀ ਖਿਲਾਰਦੀ ਤੇ ਸੰਗੀਤ ਦਾ ਰਸ ਵੀ ਘੋਲਦੀ। ਦਿਲਚਸਪ ਗੱਲ ਹੈ ਕਿ ਸਾਡੇ ਇਲਾਕੇ ਵਿਚ ਇਨ੍ਹਾਂ ਨੂੰ ਢਾਡੀ ਨਹੀਂ ਸੀ ਕਿਹਾ ਜਾਂਦਾ, ਗਮੰਤਰੀ ਕਿਹਾ ਜਾਂਦਾ ਸੀ। ਕਿਵੇਂ, ਤੀਵੀਂ, ਕਿੰਨਵਾਂ ਜਿਹੇ ਅਨੇਕ ਸ਼ਬਦਾਂ ਵਿਚ 'ਵ' ਨੂੰ 'ਮ' ਉਚਾਰਨ ਦੀ ਮਾਲਵੇ ਦੀ ਆਦਤ ਅਨੁਸਾਰ ਇਹ ਗਮੰਤਰੀ ਸ਼ਬਦ ਗਵੰਤਰੀ, ਭਾਵ ਗਾਉਣ ਵਾਲੇ ਦੀ ਥਾਂ ਬੋਲਿਆ ਜਾਂਦਾ ਸੀ। ਉਨ੍ਹਾਂ ਦੇ ਅਖਾੜੇ ਨੂੰ ਵੀ ਗੌਣ ਕਿਹਾ ਜਾਂਦਾ ਸੀ। "ਚਲੋ ਅਮਕੇ ਪਿੰਡ ਵਾਲੇ ਗਮੰਤਰੀਆਂ ਦਾ ਗੌਣ ਸੁਣਨ ਚੱਲੀਏ।" ਇਹ ਗਮੰਤਰੀ ਕਿਉਂਕਿ ਗਾਉਣ ਦੇ ਨਾਲ ਨਾਲ ਸਾਜ਼, ਖਾਸ ਕਰਕੇ ਢੱਡ ਤੇ ਸਾਰੰਗੀ ਵੀ ਵਜਾਉਂਦੇ ਸਨ, ਉਸ ਕਰਕੇ ਇਨ੍ਹਾਂ ਨੂੰ ਵਜੰਤਰੀ ਵੀ ਕਿਹਾ ਜਾਂਦਾ। "ਫ਼ਲਾਣਾ ਗਮੰਤਰੀ ਸਾਰੰਗੀ ਦਾ ਵਜੰਤਰੀ ਵੀ ਕਮਾਲ ਦਾ ਐ!" ਕਈ ਗਮੰਤਰੀ ਨਾਲ ਹੀ ਕਵੀਸ਼ਰ ਵੀ ਹੁੰਦੇ, ਕਿਉਂਕਿ ਉਹ ਆਪ ਹੀ ਲਿਖਦੇ ਤੇ ਆਪ ਹੀ ਢੱਡ-ਸਾਰੰਗੀ ਨਾਲ ਗਾਉਂਦੇ।

ਢਾਡੀ ਸਾਡੇ ਇਲਾਕੇ 'ਚ ਲੋਕ ਧਾਰਮਿਕ ਪ੍ਰਸੰਗ ਗਾਉਣ ਵਾਲਿਆਂ ਨੂੰ ਆਖਦੇ ਸਨ। ਕਥਨ 'ਢਾਡੀ ਜਥਾ' ਤੇ 'ਢਾਡੀ ਸਿੰਘ' ਇਸੇ ਸੋਚ ਦਾ ਪ੍ਰਗਟਾਵਾ ਹਨ। 'ਗਮੰਤਰੀ ਜਥਾ' ਜਾਂ 'ਗਮੰਤਰੀ ਸਿੰਘ' ਕੋਈ ਨਹੀਂ ਆਖਦਾ। ਮਿਸਾਲ ਵਜੋਂ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਸੀ ਅਤੇ ਦੀਦਾਰ ਸਿੰਘ ਰਟੈਂਡਾ ਤੇ ਅਮਰ ਸਿੰਘ ਸ਼ੌਂਕੀ ਜਿਹੇ, ਵਿਚ ਵਿਚ ਲੋੜ ਅਨੁਸਾਰ ਧਾਰਮਿਕ ਪ੍ਰਸੰਗ ਗਾ ਲੈਂਦੇ ਹੋਣ ਦੇ ਬਾਵਜੂਦ, ਆਮ ਕਰਕੇ ਪ੍ਰੇਮ ਪ੍ਰਸੰਗਾਂ ਦੇ ਗਾਇਕ ਹੋਣ ਸਦਕਾ ਗਮੰਤਰੀ ਸਨ। ਢੱਡ-ਸਾਰੰਗੀ ਨਿਰੋਲ ਪੰਜਾਬੀ ਵਰਤਾਰਾ ਸੀ, ਜਿਸ ਵਿਚ ਅੱਗੇ ਮਾਲਵਾ ਮੋਹਰੀ ਸੀ। ਦਿਲਚਸਪ ਗੱਲ ਹੈ ਕਿ ਮਾਝੇ ਤੇ ਦੁਆਬੇ ਦੇ ਢਾਡੀਆਂ ਤੇ ਗਮੰਤਰੀਆਂ ਨੂੰ ਵੀ ਰਸੀਏ ਸਰੋਤੇ ਬਹੁਤੇ ਮਾਲਵੇ ਵਿਚ ਹੀ ਮਿਲਦੇ ਜਿਸ ਕਰਕੇ ਉਹ ਇਧਰ ਦਾ ਗੇੜਾ ਬੰਨ੍ਹੀ ਰਖਦੇ। ਮਾਲਵੇ ਵਿਚ ਉਨ੍ਹਾਂ ਦੀ ਹਰਮਨਪਿਆਰਤਾ ਆਪਣੇ ਇਲਾਕੇ ਨਾਲੋਂ ਕਿਵੇਂ ਵੀ ਘੱਟ ਨਹੀਂ ਸੀ। ਮਾਲਵੇ ਦੇ ਲੋਕ-ਸਾਹਿਤ ਤੇ ਲੋਕ-ਸਭਿਆਚਾਰ ਦੇ ਫ਼ੱਕਰ ਗਿਆਤਾ ਪ੍ਰੋ. ਕਰਮ ਸਿੰਘ ਆਖਿਆ ਕਰਦੇ ਸਨ, "ਢੱਡ ਸਾਰੰਗੀ ਬਜਦੀ ਮਾਲਵੇ, ਜੋੜੀ ਬਜਦੀ ਅੰਬਰਸਰ!" ਸਾਰੀ ਉਮਰ ਕਾਲਜ ਵਿਚ ਪੜ੍ਹਾਉਣ ਤੇ ਭਲਵਾਨੀ ਦਾ ਸ਼ੌਕ ਪਾਲਣ ਤੋਂ ਇਲਾਵਾ ਉਹ ਸਾਰੰਗੀ ਦੇ ਵੀ ਵਧੀਆ ਵਜੰਤਰੀ ਸਨ।

ਢੱਡ-ਸਾਰੰਗੀ ਦੀ ਹਰਮਨਪਿਆਰਤਾ ਕਾਰਨ ਇਹ ਸਾਜ਼ ਬਣਾਉਣ ਦੇ ਗੁਣੀ ਕਾਰੀਗਰ ਵੀ ਪੀੜ੍ਹੀਓ-ਪੀੜ੍ਹੀ ਮਾਲਵੇ ਵਿਚ ਹੀ ਨਿਪੁੰਨ ਹੋ ਗਏ ਸਨ। ਪਿੰਡਾਂ ਵਿਚੋਂ ਹੁਣ ਲਗਭਗ ਗੁਆਚ ਚੁੱਕੀ ਇਹ ਕਲਾ ਕਿਸੇ ਸਮੇਂ ਹੰਡਿਆਇਆ, ਸੰਘੇੜੇ, ਜੋਗਾ, ਆਦਿ ਕਈ ਪਿੰਡਾਂ ਵਿਚ ਬੜੀ ਪ੍ਰਫੁਲਿਤ ਸੀ। ਤੂਣ ਜਾਂ ਰਹੂੜੇ ਦੀ ਲੱਕੜ ਦੀ ਅੰਦਰਲੀ ਲਾਲੀ ਵਿਚੋਂ ਢੱਡ ਤੇ ਸਾਰੰਗੀ ਦੇ ਬਣਾਵੇ ਦੂਰ ਦੂਰ ਤੱਕ ਜਾਣੇ ਜਾਂਦੇ ਸਨ। ਇਕ ਤਾਂ ਇਹ ਲੱਕੜ ਬਹੁਤ ਮਜ਼ਬੂਤ ਹੋਣ ਦੇ ਨਾਲ ਨਾਲ ਹੌਲੀ ਵੀ ਹੁੰਦੀ ਸੀ, ਦੂਜੇ ਇਸ ਵਿਚੋਂ ਆਵਾਜ਼ ਵੀ ਸੁਹਣੀ ਮੁਲਾਇਮ ਨਿਕਲਦੀ ਮੰਨੀ ਜਾਂਦੀ ਸੀ।

ਪ੍ਰਸੰਗ ਧਾਰਮਿਕ ਹੋਵੇ ਜਾਂ ਸੰਸਾਰੀ, ਢੱਡ-ਸਾਰੰਗੀ ਵਾਲਿਆਂ ਦਾ ਮਨੋਰਥ ਆਪਣੀ ਕਥਾ ਦੇ ਨਾਇਕ ਦੀ ਉਸਤਤ ਗਾਉਣਾ ਸੀ। ਢਾਡੀ ਦਾ ਇਕ ਪ੍ਰਮਾਣਿਕ ਅਰਥ ਹੈ ਵੀ ਇਹੋ। ਬਾਣੀਕਾਰਾਂ ਨੇ ਵਾਰ ਵਾਰ ਆਪਣੇ ਆਪ ਨੂੰ ਪ੍ਰਭੂ ਦੇ ਢਾਡੀ ਕਿਹਾ ਹੈ। ਬਾਬਾ ਨਾਨਕ ਕਹਿੰਦੇ ਹਨ, "ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ।" ਗੁਰੂ ਰਾਮ ਦਾਸ ਆਖਦੇ ਹਨ, "ਹਉ ਢਾਢੀ ਹਰਿ ਪ੍ਰਭ ਖਸਮ ਕਾ।" ਤੇ ਗੁਰੂ ਅਰਜਨ ਦੇਵ ਦਾ ਕਥਨ ਹੈ, "ਹਉ ਢਾਢੀ ਦਰਿ ਗੁਣ ਗਾਵਦਾ।" ਪੰਜਵੇਂ ਗੁਰੂ ਜੀ ਦੀ ਸ਼ਹੀਦੀ ਤੋਂ ਮਗਰੋਂ ਬਦਲੇ ਹੋਏ ਹਾਲਾਤ ਅਨੁਸਾਰ ਛੇਵੇਂ ਗੁਰੂ ਸਾਹਿਬ ਨੇ ਤਾਂ ਬੀਰ-ਰਸ ਦੇ ਸੰਚਾਰ ਲਈ ਢਾਡੀ ਗਾਇਕੀ ਨੂੰ ਵੱਡਾ ਉਤਸਾਹ ਦਿੱਤਾ ਜੋ ਫਿਰ ਗੁਰੂ ਦਰਬਾਰ ਦੀ ਪਰੰਪਰਾ ਹੀ ਬਣ ਗਈ। ਇਸ ਪੱਖ ਤੋਂ ਮਰਾਸੀ ਭਾਈਚਾਰੇ ਦੀ ਪੀੜ੍ਹੀ-ਦਰ-ਪੀੜ੍ਹੀ ਦੇਣ ਬਹੁਤ ਵੱਡੀ ਤੇ ਅਭੁੱਲ ਹੈ। ਭਾਈ ਮਰਦਾਨੇ ਦੀ ਨਾਨਕ ਬਾਣੀ ਗਾਉਣ ਤੇ ਰਬਾਬ ਵਜਾਉਣ ਦੀ ਕਲਾ ਦੇ ਵਾਰਿਸ ਹੋਣ ਸਦਕਾ ਹੀ ਉਹ ਮਰਦਾਨੇ ਕੇ ਕਹਾ ਕੇ ਅਤੇ



ਲੋਕ ਉਨ੍ਹਾਂ ਨੂੰ ਮਰਦਾਨੇ ਕੇ ਕਹਿ ਕੇ ਮਾਣ ਮਹਿਸੂਸ ਕਰਦੇ ਸਨ।

ਗਮੰਤਰੀ ਆਪਣੀ ਕਲਾ ਦੀ ਮਾਨਤਾ ਸਦਕਾ ਆਪਣੇ ਆਪ ਨੂੰ ਸਵੈਮਾਣ ਦੀ ਨਜ਼ਰ ਨਾਲ ਦੇਖਦੇ ਸਨ। ਇਕ ਕਾਰਨ ਇਹ ਵੀ ਰਿਹਾ ਕਿ ਉਹ ਇਹਦਾ ਮੁੱਢ ਸ਼ਿਵਜੀ ਤੇ ਸ਼ਕਤੀ ਨਾਲ ਜਾ ਜੋੜਦੇ ਸਨ। ਕਹਿੰਦੇ ਹਨ, ਅਨੰਦ ਮੁਦਰਾ ਵਿਚ ਆਪਣੀ ਬਾਂਹ ਛਾਤੀਆਂ ਉਤੇ ਰੱਖ ਕੇ ਪਈ ਨਿਰਵਸਤਰ ਸ਼ਕਤੀ ਨੂੰ ਨਿਹਾਰਦਿਆਂ ਸ਼ਿਵਜੀ ਮਹਾਰਾਜ ਨੇ ਵੀਨਾ ਦੀ ਕਲਪਨਾ ਕੀਤੀ, ਜਿਸ ਦੇ ਬਦਲਵੇਂ ਰੂਪਾਂ ਵਿਚੋਂ ਇਕ ਸਾਰੰਗੀ ਹੈ। ਇਸ ਨੂੰ ਸੰਗੀਤ ਦੇ ਸਾਰੇ ਅੰਗਾਂ, ਭਾਵ ਰੂਪਾਂ ਦਾ ਸਾਰ ਪੇਸ਼ ਕਰ ਸਕਣ ਦੀ ਸਮਰੱਥਾ ਰੱਖਣ ਵਾਲੀ ਹੋਣ ਸਦਕਾ ਸਾਰੰਗੀ ਨਾਂ ਮਿਲਿਆ। ਸਮਾਂ ਪਾ ਕੇ ਸੰਸਾਰ ਭਰ ਵਿਚ ਸਾਰੰਗੀ ਨਾਲ ਮਿਲਦੇ-ਜੁਲਦੇ ਅਨੇਕ ਸਾਜ਼ ਵਿਕਸਿਤ ਹੋ ਗਏ। ਸਾਰੰਗੀ ਮਨੁੱਖੀ ਆਵਾਜ਼ ਦੇ ਸਭ ਤੋਂ ਨੇੜੇ ਦਾ ਸਾਜ਼ ਗਿਣਿਆ ਜਾਂਦਾ ਹੈ। ਤੇ ਢੱਡ ਤਾਂ ਹੈ ਹੀ ਸਿੱਧੀ ਸ਼ਿਵਜੀ ਦੇ ਡਮਰੂ ਦੀ ਸਕੀ ਭੈਣ। ਫ਼ਰਕ ਸਿਰਫ਼ ਏਨਾ ਹੈ ਕਿ ਡਮਰੂ ਦੀ ਸੂਰਤ ਵਿਚ ਪਰਹਾਰ ਤਣਾਵਾਂ ਦੇ ਸਿਰਿਆਂ ਉਤੇ ਲੱਗੇ ਮਣਕੇ ਕਰਦੇ ਹਨ, ਢੱਡ ਵਜਾਉਂਦਿਆਂ ਵਜਾਵੇ ਦੀਆਂ ਉਂਗਲਾਂ ਪਰਹਾਰ ਕਰਦੀਆਂ ਹਨ। ਢੱਡ ਜਦੋਂ ਆਪਣੀ ਆਈ ਉਤੇ ਆ ਜਾਂਦੀ ਹੈ, ਸਰੋਤਿਆਂ ਨੂੰ ਵਹਾ ਕੇ ਲੈ ਜਾਂਦੀ ਹੈ। ਇਸੇ ਕਰਕੇ ਗੌਣ 'ਚ ਇਨ੍ਹਾਂ ਦੋਵਾਂ ਸਾਜ਼ਾਂ ਦੀ ਸਰਦਾਰੀ ਰਹੀ ਹੈ।

ਰਸ ਦੇ ਪੱਖੋਂ ਗਮੰਤਰੀਆਂ ਦਾ ਗੌਣ ਤਿੰਨ ਭਾਂਤ ਦਾ ਹੁੰਦਾ, ਭਗਤੀ ਰਸ ਵਾਲਾ, ਬੀਰ-ਰਸ ਵਾਲਾ ਤੇ ਪ੍ਰੇਮ ਰਸ ਵਾਲਾ। ਪੂਰਨ, ਗੋਪੀ ਚੰਦ ਆਦਿ ਦੇ ਕਿੱਸੇ ਤੇ ਸਾਧੂ ਦਯਾ ਸਿੰਘ ਦੇ ਚਿੱਠੇ ਭਗਤੀ ਰਸ ਦੀ ਕੋਟੀ ਵਿਚ ਆ ਜਾਂਦੇ। ਦੁੱਲਾ ਭੱਟੀ, ਜੈਮਲ ਫੱਤਾ, ਸੁੱਚਾ ਸੂਰਮਾ ਆਦਿ ਬੀਰ-ਰਸ ਦੇ ਰੰਗ ਵਿਚ ਰੰਗੇ ਹੋਏ ਪ੍ਰਸੰਗ ਸਨ। ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸੱਸੀ-ਪੁਨੂੰ, ਮਿਰਜ਼ਾ-ਸਾਹਿਬਾਂ ਜਿਹੀਆਂ ਕਹਾਣੀਆਂ ਪ੍ਰੇਮ ਰਸ ਦਾ ਉਤਮ ਨਮੂਨਾ ਸਨ। ਇਹ ਤਾਂ ਹੋਏ ਪ੍ਰਸਿੱਧ ਪ੍ਰਸੰਗ ਤੇ ਕਿੱਸੇ, ਅਨੇਕ ਸਥਾਨਕ ਘਟਨਾਵਾਂ ਅਜਿਹੀਆਂ ਅਲੋਕਾਰ ਵਾਪਰਦੀਆਂ ਜਾਂ ਬੰਦੇ ਅਜਿਹੇ ਅਨੋਖੇ ਕਾਰਨਾਮੇ ਕਰ ਦਿਖਾਉਂਦੇ ਕਿ ਉਨ੍ਹਾਂ ਦੇ ਕਿੱਸੇ ਬਣ ਕੇ ਇਨ੍ਹਾਂ ਤਿੰਨਾਂ ਕੋਟੀਆਂ ਵਿਚੋਂ ਕਿਸੇ ਨਾ ਕਿਸੇ ਵਿਚ ਸ਼ਾਮਲ ਹੋ ਜਾਂਦੇ।

ਦੁਨਿਆਵੀ ਪ੍ਰੇਮ ਕਹਾਣੀਆਂ ਗਾਉਣ ਸਮੇਂ ਵੀ ਗਮੰਤਰੀ ਇਸ਼ਕ ਮਜਾਜੀ ਦੀ ਥਾਂ ਇਸ਼ਕ ਹਕੀਕੀ ਗਾਉਂਦੇ ਮਹਿਸੂਸ ਕਰਦੇ। ਇਹ ਗੱਲ ਵੀ ਧਿਆਨਯੋਗ ਹੈ ਕਿ ਉਨ੍ਹਾਂ ਦੇ ਨਾਇਕ-ਨਾਇਕਾਵਾਂ ਨੂੰ ਆਮ ਲੋਕ ਵੀ ਸਮਾਜ ਦੇ ਅਵਗਿਆਕਾਰ ਸਮਝਣ ਦੀ ਥਾਂ ਉਚਾ, ਕਈ ਵਾਰ ਤਾਂ ਦਰਵੇਸ਼ੀ, ਰੂਹਾਨੀ ਦਰਜਾ ਦਿੰਦੇ ਸਨ। ਗੁਰੂਆਂ-ਪੀਰਾਂ ਤੱਕ ਨੇ ਆਪਣੀਆਂ ਇਲਾਹੀ ਰਚਨਾਵਾਂ ਵਿਚ ਇਨ੍ਹਾਂ ਦੇ ਹਵਾਲੇ ਦਿੱਤੇ ਹਨ। ਇਸੇ ਕਰਕੇ ਹੀ ਲੋਕ ਮਨ ਹੀਰ ਨੂੰ 'ਮਾਈ ਹੀਰ' ਜਾਂ 'ਬੀਬੀ ਹੀਰ' ਆਖ ਕੇ ਸਤਿਕਾਰਦਾ ਹੈ। ਇਹ ਰੀਤ ਤਾਂ ਵਾਰਿਸ ਸ਼ਾਹ ਦੀਆਂ ਇਨ੍ਹਾਂ ਸਤਰਾਂ ਨੇ ਹੀ ਤੋਰ ਦਿੱਤੀ ਸੀ, "ਹੀਰ ਰੂਹ ਤੇ ਚਾਕ ਕਲਬੂਤ ਜਾਣੋਂ, ਬਾਲਨਾਥ ਇਹ ਪੀਰ ਬਣਾਇਆ ਈ।...ਵਾਰਿਸ ਸ਼ਾਹ ਮੀਆਂ ਬੇੜੀ ਪਾਰ ਤੇਰੀ, ਕਲਮਾ ਪਾਕ ਜ਼ਬਾਨ ਤੋਂ ਆਇਆ ਈ।"

ਹੀਰ-ਰਾਂਝੇ ਦੇ ਇਸ਼ਕ ਮਜਾਜੀ ਦੀ ਕੰਨੀ ਇਸ਼ਕ ਹਕੀਕੀ ਨਾਲ ਜਾ ਮੇਲਣ ਦੇ ਕਿੱਸਾਕਾਰਾਂ ਤੇ ਕਵੀਸ਼ਰਾਂ ਦੇ ਰੰਗ ਨੂੰ ਗਮੰਤਰੀਆਂ ਨੇ ਹੋਰ ਪੱਕਾ ਕੀਤਾ। ਗੰਗਾ ਸਿੰਘ ਭੂੰਦੜ ਇਕ ਕਲੀ ਵਿਚ ਕਹਿੰਦਾ ਹੈ, "ਮੱਥੇ ਤਿਲਕ ਲਗਾ ਕੇ ਸ਼ਿਵਜੀ ਰਾਂਝਾ ਬਣ ਗਿਆ ਹੈ, ਪਾਰਬਤੀ ਹੀਰ ਛਾਂਵੇਂ ਬਹਾ'ਤੀ।" ਉਹਦੀ ਇਕ ਹੋਰ ਕਲੀ ਅਨੁਸਾਰ ਪਾਤਾਲ ਦੇ ਰਾਜਾ ਬਲ ਕੋਲ ਬੈਠੇ ਬਾਬਾ ਨਾਨਕ ਨੇ ਇਕ ਫ਼ਰਿਆਦੀ ਨੂੰ ਦੇਖ ਕੇ ਕਿਹਾ, "ਮਾਤਲੋਕ ਦਾ ਆਦਮੀ ਧੀਦੋ ਇਸਕਾ ਨਾਮ" ਤੇ ਪੁੱਛਿਆ, ਕਹਾਂ ਤੁਮਾਰੀ ਬਾਮ? ਰਾਂਝੇ ਦੀ ਧਾਹ ਨਿਕਲ ਗਈ ਤੇ ਬੋਲਿਆ, ਪੀਰਾਂ ਦੀ ਬਖ਼ਸ਼ੀ ਹੀਰ ਨੂੰ ਤੁਲ੍ਹੇ ਉਤੇ ਬਿਠਾ ਕੇ ਮੈਂ ਮੱਕੇ ਵੱਲ ਨੂੰ ਠਿੱਲ੍ਹਿਆ ਤਾਂ ਪੰਜਨਦ ਦੀ ਘੁੰਮਣਘਾਣੀ ਵਿਚ ਨਾਗਰ ਮੱਛ ਉਹਨੂੰ ਖੋਹ ਕੇ ਇਥੇ ਪਾਤਾਲ ਵਿਚ ਲੈ ਆਇਆ। ਰਾਜੇ ਬਲ ਦੀ ਅਦਾਲਤ ਵਿਚੋਂ ਰਾਂਝੇ ਨੂੰ ਹੀਰ ਬਾਬਾ ਨਾਨਕ ਦੀ ਸਿਫ਼ਾਰਸ਼ ਨਾਲ ਮਿਲੀ, "ਕਈਆਂ ਜਨਮਾਂ ਦੀ ਤਾਂ ਹੀਰ ਰਾਂਝੇ ਚਾਕ ਦੀ, ਏਸ ਗੱਲ ਦਾ ਬਾਬਾ ਨਾਨਕ ਹੈ ਗਵਾਹੀ।" ਇਕ ਕਲੀ 'ਚ ਤਾਂ ਹੀਰ ਜਦੋਂ ਅਦਲੀ ਨੂੰ ਆਪਣੇ ਅਗਲੇ-ਪਿਛਲੇ ਜਨਮਾਂ ਦਾ ਵੇਰਵਾ ਦਿੰਦੀ ਹੈ, ਰਚਨਾਕਾਰ ਨੇ ਇਸ ਵਿਚਾਰ ਨੂੰ ਸਿਰੇ ਹੀ ਲਾ ਦਿੱਤਾ ਹੈ,

ਰਾਂਝਾ ਮੇਰਾ ਰਾਮ ਅਵਿਤਾਰੀ ਬਣ ਗਿਆ,
ਪਹਿਲੇ ਜਨਮ ਮੈਂ ਬਣ ਗਈ ਸੀਤਾ ਮਾਈ।
ਰਾਂਝਾ ਮੇਰਾ ਕਾਨ੍ਹ ਅਵਤਾਰੀ ਬਣ ਗਿਆ,
ਮੈਂ ਬਣ ਕੇ ਅਦਲੀਆ ਉਹਦੀ ਰਾਧਿਕਾ ਆਈ।
ਰਾਂਝਾ ਮੇਰਾ ਤਖ਼ਤ ਹਜ਼ਾਰੇ ਜਨਮਿਆ,
ਮੈਂ ਘਰ ਵੇ ਅਦਲੀਆ ਸਿਆਲਾਂ ਦੇ ਜਾਈ।
ਤਿੰਨ ਤਾਂ ਜਨਮਾਂ ਦੀ ਖ਼ਬਰ ਮੈਨੂੰ ਹੀਰ ਨੂੰ,
ਚੌਥੇ ਜਨਮ ਦੀ ਖ਼ਬਰ ਅਜੇ ਨਾ ਕਾਈ।
ਚੰਗੀ ਚਾਹੁਣੈਂ ਮੈਨੂੰ ਦੇ ਦੇ ਵੇ ਮੇਰੇ ਚਾਕ ਨੂੰ,
ਵੱਜ ਜਾਣ ਡੰਕੇ ਪ੍ਰਭੂ ਦੇ ਦਰਗਾਹੀ!

# ਸਭੁ ਦੇਸ ਪਰਾਇਆ

*(ਪਿਛਲੇ ਸਫੇ ਤੋਂ ਜਾਰੀ)*

ਪਰਮ ਕੋਲੋਂ ਪੈੱਗ ਫੜਦਿਆਂ ਥੋੜ੍ਹਾ ਸਹਿਜ ਹੁੰਦਾ ਬਖਤਾਵਰ ਬੋਲਿਆ, "ਘਰਾਂ ਦੀ ਬਰਕਤ ਤਾਂ ਘਰਾਂ ਦੇ ਵਾਰਸਾਂ ਨਾਲ ਹੁੰਦੀ ਆ। ਪਰ ਇਨ੍ਹਾਂ ਦੇ ਆਉਣ ਨਾਲ ਘਰ ਦੀ ਹਵਾ ਏਨੀ ਕੁਰੱਖਤ ਹੋ ਜਾਂਦੀ ਆ ਕਿ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ ਐ।"

ਥੋੜ੍ਹੀ ਉਤਸੁਕਤਾ ਜਿਹੀ 'ਚ ਪਰਮ ਨੇ ਬਖਤਾਵਰ ਨੂੰ ਪੁੱਛਿਆ, "ਫੇਰ ਕੋਈ ਗੱਲ ਹੋਈ ਆ ਅੰਮ੍ਰਿਤ ਨਾਲ।"

"ਬਸ ਯਾਰ! ਸਮਝ ਲਾ ਜਿਹੜੇ ਥੋੜ੍ਹੇ ਬਹੁਤ ਭਰਮ ਲੈ ਕੇ ਜੀਅ ਰਿਹਾ ਸੀ, ਉਹ ਵੀ ਮੁੱਕ ਗਏ। ਸਭ ਖਤਮ ਹੋ ਗਿਆ।"

ਬਖਤਾਵਰ ਦਾ ਹੱਥ ਪਲੋਸਦਿਆਂ ਪਰਮ ਕਹਿਣ ਲੱਗਾ, "ਹਰ ਭਰਮ ਤੋਂ ਮੁਕਤ ਹੋਇਆ ਬੰਦਾ ਸੁਰਖਰੂ ਹੋ ਜਾਂਦੈ।"

"ਨਹੀਂ ਪਰਮ, ਰਿਸ਼ਤਿਆਂ ਦੇ ਨਾਲ ਨਿਭਣ ਲਈ ਥੋੜ੍ਹੇ ਬਹੁਤ ਭਰਮ ਬਣੇ ਰਹਿਣੇ ਚਾਹੀਦੇ ਆ।"

"ਵੇਖ ਬਾਜਵਾ, ਐਵੇਂ ਉਦਾਸ ਨਾ ਹੋਇਆ ਕਰ। ਜੋ ਹੈ, ਉਸੇ ਵਿਚੋਂ ਆਪਣੀ ਖੁਸ਼ੀ ਲੱਭ।"

"ਓ ਨਹੀਂ ਭਾਊ, ਇਹ ਚੰਦਰਾ ਦਿਲ ਨਹੀਂ ਮੰਨਦਾ। ਅਜੇ ਵੀ ਦਿਲ ਕਰਦਾ ਜਦੋਂ ਘਰ ਜਾਵਾਂ, ਨੂੰਹ ਸਿਰ 'ਤੇ ਲੀੜਾ ਲਵੇ। ਪੋਤਾ ਮੇਰੀਆਂ ਲੱਤਾਂ ਨੂੰ ਚੰਬੜੇ। ਪੁੱਤ ਹੰਮੇ ਦਾਅਵੇ ਨਾਲ ਕੁਝ ਮੈਨੂੰ ਪੁੱਛੇ ਤੇ ਕੁਝ ਆਪਣੀ ਦੱਸੇ।" ਆਪਣੀ ਗੱਲ ਮੁਕਾਉਣ ਤੋਂ ਬਾਅਦ ਬਖਤਾਵਰ ਨੇ ਮੇਜ਼ 'ਤੇ ਪਏ ਪੈੱਗ ਨੂੰ ਇਕੋ ਡੀਕ ਨਾਲ ਆਪਣੇ ਅੰਦਰ ਲੁੱਦ ਲਿਆ।

ਪਰਮ ਚੁੱਪ ਰਿਹਾ ਤੇ ਮਨ ਹੀ ਮਨ ਸੋਚਣ ਲੱਗਾ, ਬੰਦੇ ਨੂੰ ਸਾਹ ਲੈਣ ਲਈ ਆਕਸੀਜਨ ਦੀ ਹੀ ਨਹੀਂ, ਹੋਰ ਵੀ ਬਹੁਤ ਕਾਸੇ ਦੀ ਲੋੜ ਹੁੰਦੀ ਆ।

"ਪਰਮ! ਬੰਦਾ ਆਪਣੀ ਜ਼ਿੰਦਗੀ ਰਾਹੀਂ ਆਪਣੇ ਪੁਰਖੇ ਵੀ ਜਿਉਂਦਾ ਹੈ ਪਰ ਮੇਰੇ ਪੁੱਤ ਨੇ ਮੈਨੂੰ ਜੀਉਂਦੇ ਜੀਅ ਮਰਿਆਂ ਬਰਾਬਰ ਕਰ'ਤਾ।"

"ਓ ਯਾਰ! ਕੁਝ ਦੱਸ ਵੀ ਸਹੀ। ਸਿਆਣੇ ਕਹਿੰਦੇ ਆ ਪੁੱਤ ਕਪੁੱਤ ਹੋ ਜਾਂਦੇ ਆ ਪਰ ਮਾਪੇ ਕੁਮਾਪੇ ਨਹੀਂ ਹੁੰਦੇ।"

"ਪਰਮ! ਪੁੱਤ ਕਪੁੱਤ ਹੋਏ ਵੀ ਸਹਿ ਲਈਦੇ ਐ ਪਰ ਪੁੱਤ ਜਾਤੋਂ ਕੁਜਾਤ ਹੋ ਜਾਵੇ, ਇਹ ਝੱਲ ਨਹੀਂ ਹੁੰਦਾ।"

"ਇਹ ਤੂੰ ਕੀ ਕਹਿ ਰਿਹਾਂ ਬਖਤੌਰੇ।"

"ਵੇਖ ਯਾਰ! ਪੁੱਤ ਨੇ ਜਦ ਜਾਤੋਂ ਬਾਹਰਾ ਵਿਆਹ ਕਰਵਾਇਆ ਸੀ ਤਾਂ ਸੋਚਿਆ ਸੀ-ਕੋਈ ਨਾ, ਜੱਟ ਦੇ ਘਰ ਜਿਹੜੀ ਆਊ, ਉਹਨੇ ਜੱਟੀ ਬਣ ਜਾਣਾ ਪਰ ਇਹ ਤਾਂ ਸਾਲੀ ਕਹਾਣੀ ਈ ਹੋਰ ਦੀ ਹੋਰ ਹੋ ਗਈ। ਬੰਦਾ ਬੁੱਢੀ ਬਣ ਗਿਆ।" ਆਪਣੇ ਮਨ ਦੀ ਭੜਾਸ ਕੱਢਦਿਆਂ ਬਖਤਾਵਰ ਬੋਲਿਆ।

ਥੋੜ੍ਹੀ ਜਿਹੀ ਖਿਝ 'ਚ ਪਰਮ ਨੇ ਕਿਹਾ, "ਕੋਈ ਗੱਲ ਤਾਂ ਦੱਸ। ਐਵੇਂ ਜ਼ਨਾਨੀਆਂ ਵਾਂਗੂੰ ਨਿੱਕੀ-ਨਿੱਕੀ ਗੱਲ 'ਤੇ ਰੋਣ ਬਹਿ ਜਾਨਾਂ।"

"ਓਇ ਮੇਰੇ ਯਾਰਾ ਕੀ ਦੱਸਾਂ ਤੇ ਕੀ ਨਾ ਦੱਸਾਂ।"

"ਜੋ ਤੇਰੇ ਦਿਲ 'ਚ ਹੈ, ਮੈਨੂੰ ਸਭ ਦੱਸ।" ਪਰਮ ਨੇ ਮੋੜਵਾਂ ਜਵਾਬ ਦਿੱਤਾ।

"ਪਰਮ! ਤੂੰ ਕੁਝ ਨਹੀਂ ਜਾਣਦਾ। ਤੂੰ ਕੁਝ ਨਹੀਂ ਸਮਝਦਾ।" ਮੇਜ਼ 'ਤੇ ਪਈ ਬੋਤਲ ਨੂੰ ਥੱਲੇ ਰੱਖਦਿਆਂ ਬਖਤਾਵਰ ਨੇ ਕਿਹਾ।

"ਚੱਲ ਨਹੀਂ ਕੁਝ ਦੱਸਣਾ ਤੇ ਨਾ ਦੱਸ।" ਥੋੜ੍ਹੀ ਬੇਰੁਖੀ 'ਚ ਪਰਮ ਬੋਲਿਆ।

"ਓ ਮੇਰੇ ਯਾਰਾ! ਐਵੇਂ ਮੇਰੇ ਨਾਲ ਤੱਤਾ ਠੰਢਾ ਨਾ ਹੋ। ਤੇਰੇ ਬਾਝੋਂ ਮੇਰਾ ਏਥੇ ਕੌਣ ਆ।" ਉਦਾਸੀ 'ਚ ਗੋਤੇ ਲਾਉਂਦਿਆਂ ਬਖਤਾਵਰ ਨੇ ਕਿਹਾ।

ਪਰਮ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹ ਧੁਰ ਤਕ ਤਿੜਕੇ ਯਾਰ ਨੂੰ ਸੰਭਾਲ ਲੈਣਾ ਚਾਹੁੰਦਾ ਸੀ। ਬਖਤਾਵਰ ਦੇ ਮਨ 'ਚ ਨੱਪੀ ਪੀੜ ਨੂੰ ਜ਼ੀਰ ਲੈਣਾ ਚਾਹੁੰਦਾ ਸੀ ਤੇ ਇਸ ਲਈ ਉਹ ਬੜੇ ਠਰ੍ਹੰਮੇ ਨਾਲ ਬਖਤਾਵਰ ਦੇ ਲਾਗੇ ਹੋ ਕੇ ਬੈਠ ਗਿਆ। ਬਖਤਾਵਰ ਆਪਣਾ ਸਿਰ ਪਰਮ ਦੇ ਮੋਢਿਆਂ 'ਤੇ ਰੱਖਦਿਆਂ ਬੋਲਿਆ, "ਚੰਗਾ ਸੁਣ, ਮੇਰੇ ਪੋਤੇ ਦੇ ਨਾਂ ਪਿੱਛੇ 'ਬਾਜਵਾ' ਨਹੀਂ, ਮਿਗਲਾਨੀ ਲੱਗਦਾ ਹੈ।"

ਬਖਤਾਵਰ ਦੀ ਗੱਲ ਸੁਣ ਕੇ ਪਰਮ ਹੱਕਾ-ਬੱਕਾ ਰਹਿ ਗਿਆ। ਹੁਣ ਉਹਦੇ ਕੋਲ ਕੋਈ ਅਜਿਹੇ ਸ਼ਬਦ ਨਹੀਂ ਸਨ ਜੋ ਬਖਤਾਵਰ ਨੂੰ ਧਰਵਾਸਾ ਦੇ ਸਕਣ। ਫੇਰ ਵੀ ਬਖਤਾਵਰ ਨੂੰ ਤਸੱਲੀ ਦੇਣ ਲਈ ਕਹਿਣ ਲੱਗਾ, "ਚੱਲ ਕੋਈ ਨਾ ਬਖਤੌਰੇ, ਸਭ ਮਿੱਟੀ ਹੋ ਜਾਣਾ।"

"ਪਰ ਪਰਮ! ਮਿੱਟੀ ਵੀ ਆਪਣੀ ਜਾਤ ਤੋਂ ਮੁਨਕਰ ਨਹੀਂ ਹੁੰਦੀ।" ਪਰਮ ਕੋਲੋਂ ਬਖਤਾਵਰ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ਦੇ ਹੋਇਆ। ਆਖਰੀ ਹਾੜਾ ਚੁੱਕਦਿਆਂ ਬਖਤਾਵਰ ਆਪਾ ਖੋ ਬੈਠਾ ਸੀ, "ਓ ਲੋਕੋ, ਮੈਂ ਬਖਤਾਵਰ ਸਿੰਘ ਬਾਜਵਾ, ਮੇਰਾ ਕੋਈ ਨਹੀਂ। ਅਖੇ 'ਪੁੱਤੀ ਗੰਢੁ ਪਵੈ ਸੰਸਾਰ' ਪਰ ਇਹ ਕੇਹੀ ਗੰਢ ਸੀ ਜੀਹਨੇ ਸਾਲਮ ਸਬੂਤੇ ਬਖਤਾਵਰ ਸਿੰਘ ਬਾਜਵਾ ਨੂੰ ਗੰਢ ਬਣਾ ਕੇ ਰੱਖ ਦਿੱਤਾ ਸੀ।"

"ਚੱਲ ਯਾਰ ਸਬਰ ਕਰ ਸਭ ਠੀਕ ਹੋ ਜਾਣਾ।" ਪਰਮ ਨੇ ਝੂਠਾ ਜਿਹਾ ਧਰਵਾਸਾ ਦਿੰਦਿਆਂ ਕਿਹਾ।

"ਨਹੀਂ ਪਰਮ! ਅੱਜ ਮੈਂ ਜਈ ਦੀ ਤਈ ਕਰ ਦੇਣੀ ਆ, ਉਸ ਵਲੈਤੀ ਪੁੱਤ ਨਾਲ ਜਿਉਂਦੇ ਜੀਅ ਤੋੜ ਵਿਛੋੜਾ ਕਰ ਕੇ ਦਿਖਾਊਂ। ਸਿਰ ਤੋਂ ਪੈਰਾਂ ਤੀਕ ਗੁੱਸੇ 'ਚ ਗੜੁੱਚ ਉਹ ਆਪਣੇ ਘਰ ਪਹੁੰਚ ਗਿਆ। ਬਾਹਰ ਬੈਠੀ ਉਸ ਦੀ ਤੀਵੀਂ ਉਹਨੂੰ ਗੁੱਸੇ 'ਚ ਵੇਖ ਕੇ ਡਰ ਗਈ। ਉਹਨੂੰ ਪਤਾ ਸੀ, ਉਹ ਜੋ ਪਿਉ-ਪੁੱਤ ਵਿਚਾਲੇ ਪੁਲ ਬਣ ਕੇ ਖਲੋਤੀ ਸੀ, ਅੱਜ ਉਹਦੇ ਹੱਥੋਂ ਕਹਾਣੀ ਖਿਸਕ ਜਾਣੀ ਸੀ; ਫਿਰ ਵੀ ਉਹ ਹੌਂਸਲੇ ਨਾਲ ਅਗੇ ਵਧੀ ਤੇ ਹੱਥ ਜੋੜ ਕੇ ਕਹਿਣ ਲੱਗੀ, "ਸਰਦਾਰਾ! ਆਂਦਰਾਂ ਨਾ ਕਲਪਾਈਂ ਮੇਰੀਆਂ, ਕੱਲ੍ਹ ਦੀ ਛੁੱਟੀ ਰਹਿ ਗਈ ਪਰਦੇਸੀ ਪੁੱਤ ਦੀ। ਇਹ ਜੱਗ ਜਿਉਂਦਿਆਂ ਦੇ ਮੇਲੇ। ਫੇਰ ਕੀ ਪਤਾ ਉਸ ਕਦ ਆਉਣਾ।" ਬਖਤਾਵਰ ਨੂੰ ਅੱਜ ਆਪਣੀ ਔਰਤ 'ਤੇ ਪਿਆਰ ਜਿਹਾ ਆਇਆ। ਹਮੇਸ਼ਾ ਡਰੂੰ-ਡਰੂੰ ਕਰਦੇ ਰਹਿਣ ਵਾਲੀ ਘਰੇਲੂ ਜਿਹੀ ਉਸ ਦੀ ਤੀਵੀਂ ਅੱਜ ਬਖਤਾਵਰ ਨੂੰ ਆਪਣੇ ਤੋਂ ਵਧੇਰੇ ਬਲਵਾਨ ਲੱਗੀ।

ਕੁਝ ਰੁਕ ਕੇ ਬਖਤਾਵਰ ਨੂੰ ਧਰਵਾਸਾ ਦਿੰਦਿਆਂ ਕਹਿਣ ਲੱਗੀ, "ਐਵੇਂ ਦਿਲ ਹੌਲਾ ਨਹੀਂ ਕਰੀਦਾ। ਬਾਕੀ ਰਹੀ ਗੱਲ ਨੂੰਹ-ਪੁੱਤ ਦੀ, ਉਨ੍ਹਾਂ 'ਤੇ ਕਾਹਦੇ ਹੰਮੇ-ਦਾਅਵੇ ਜਿਹੜੇ ਹੋ ਈ ਪਰਦੇਸੀ ਗਏ।" ਤੇ ਇਸ ਤੋਂ ਬਾਅਦ ਪਤਾ ਨਹੀਂ ਉਸ ਨੇ ਕਿਹੜੀ ਤੱਕਣੀ ਨਾਲ ਬਖਤਾਵਰ ਸਿੰਘ ਬਾਜਵਾ ਵੱਲ ਵੇਖਿਆ ਕਿ ਦੋਵਾਂ ਦੀ ਖੜ੍ਹਿਆਂ-ਖਲੋਤਿਆਂ ਭੁੱਬ ਨਿਕਲ ਗਈ ਸੀ।

ਬਖਤਾਵਰ ਪਰਮ ਦਾ ਹੱਥ ਫੜ ਡਰਾਇੰਗ ਰੂਮ 'ਚ ਚਲਾ ਗਿਆ। ਯਾਰਾਂ ਦੋਸਤਾਂ ਦੀ ਢਾਣੀ 'ਚ ਬੈਠਾ ਅੰਮ੍ਰਿਤ ਆਪਣੀ ਤਰੱਕੀ ਬਾਰੇ ਦੱਸ ਰਿਹਾ ਸੀ। ਉਨ੍ਹਾਂ ਤੋਂ ਵਿਹਲਾ ਹੋ ਅੰਮ੍ਰਿਤ ਆਪਣੇ ਪਿਉ ਲਾਗੇ ਬੈਠ ਗਿਆ। ਬੜੀ ਹਲੀਮੀ ਨਾਲ ਬਖਤਾਵਰ ਨੂੰ ਲੱਗਾ ਜਿਵੇਂ ਉਹਦੀ ਤੀਵੀਂ ਨੇ ਲੀਰੋ ਲੀਰ ਹੋਏ ਰਿਸ਼ਤੇ ਦੀ ਤਰਪਾਈ ਕਰ ਦਿਤੀ ਹੋਵੇ।

"ਛੱਡ ਅੰਮ੍ਰਿਤ ਮੈਨੂੰ ਕੁਝ ਨਾ ਕਹਿ। ਹਾਂ, ਇਕ ਗੱਲ ਯਾਦ ਰੱਖੀਂ, ਤੂੰ ਜੁਗਾੜ ਜਿੰਨੇ ਮਰਜ਼ੀ ਫਿੱਟ ਕਰ ਪਰ ਝੋਲੇ 'ਚ ਨੰਬਰ ਸੱਠ ਹੀ ਰਹਿੰਦੇ ਆ।"

"ਡੈਡ! ਮੈਂ ਵੀ ਸਮਝਦਾਂ ਜ਼ਿੰਦਗੀ 'ਚ ਸੌ ਬਟਾ ਸੌ ਕਿਸੇ ਨੂੰ ਨਹੀਂ ਮਿਲਦੇ। ਫਿਰ ਵੀ ਮੈਂ ਬੇਗਾਨੀ ਧਰਤ 'ਤੇ ਜਾ ਕੇ ਸਭ ਕੁਝ ਹਾਸਲ ਕੀਤਾ; ਪਰ ਤੁਹਾਡੇ ਭਾਰਤ ਮਹਾਨ 'ਚ ਨਾ ਜਿੱਤ ਆਪਣੀ, ਨਾ ਹਾਰ ਆਪਣੀ।"

ਅੱਜ ਪਹਿਲੀ ਵਾਰ ਬਖਤਾਵਰ ਨੂੰ ਲੱਗਾ ਜਿਵੇਂ ਅੰਮ੍ਰਿਤ ਸੱਚ ਕਹਿ ਰਿਹਾ ਸੀ। ਪਰ ਅਗਲੇ ਹੀ ਪਲ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ 'ਪੋਤੇ ਦਾ ਪਾਸਪੋਰਟ' ਉਹਦਾ ਮੂੰਹ ਚਿੜਾਉਣ ਲੱਗੇ। ਉਹ ਕਹਿਣਾ ਚਾਹੁੰਦਾ ਸੀ, "ਘਰ ਤੇ ਸਟੋਰ ਦੀ ਮਾਲਕੀ ਹਾਸਿਲ ਕਰਨ ਲਈ ਉਸ ਬਹੁਤ ਵੱਡੀ ਰਕਮ ਤਾਰੀ ਸੀ।" ਪਰ ਉਸ ਦੜ ਵੱਟ ਲਈ ਸੀ।

ਅੰਮ੍ਰਿਤ ਦੀ ਆਵਾਜ਼ ਨੇ ਉਹਨੂੰ ਹਲੂਣਿਆ, "ਡੈਡ! ਰੀਲੈਕਸ ਹੋਵੋ, ਇਹ ਜ਼ਿੰਦਗੀ ਹੈ। ਇਕ ਥਾਂ ਖਲੋਤੇ ਪਾਣੀ ਗੰਧਲਾਅ ਜਾਂਦੇ ਨੇ, ਇਹਨੂੰ ਵਗਦੇ ਪਾਣੀ ਵਾਂਗ ਨਿੱਤ ਨਵੀਂ ਹੋਣਾ ਚਾਹੀਦਾ ਹੈ।"

"ਪਰ ਪੁੱਤਰਾ! ਤਬਦੀਲੀ ਵੀ ਜੇ ਸ਼ਾਂਤ ਵਗਦੇ ਪਾਣੀਆਂ ਵਾਂਗ ਆਵੇ ਤਾਂ ਸਹਿ ਲਈਦੀ ਹੈ ਪਰ ਜੇ ਤਬਦੀਲੀ ਸੁਨਾਮੀ ਦੀ ਛੱਲ ਵਰਗੀ ਹੋਵੇ ਤਾਂ ਬੜਾ ਕੁਝ ਤਹਿਸ-ਨਹਿਸ ਕਰਦੀ ਆ।" ਪੁੱਤ ਚੁੱਪ ਰਿਹਾ ਤੇ ਬਖਤਾਵਰ ਸਿੰਘ ਬਾਜਵਾ ਆਪਣੇ ਘਰ ਦੀ ਸੁਨਾਮੀ ਤੋਂ ਬਚਣ ਲਈ ਪਰਮ ਨਾਲ ਬਾਹਰ ਨੂੰ ਹੋ ਤੁਰਿਆ। ਮਾਈਕਲ ਜੈਕਸਨ ਦੇ ਗਾਣੇ ਦੀ ਧੁਨ ਪੂਰੇ ਘਰ 'ਤੇ ਕਾਬਜ਼ ਹੋ ਗਈ ਸੀ। ਦਿਲ ਤਕੜਾ ਕਰ ਉਸ ਆਪਣੇ ਘਰ ਨੂੰ ਵੇਖਿਆ। ਆਪਣਾ ਹੀ ਘਰ ਉਸ ਨੂੰ ਓਪਰਾ ਜਿਹਾ ਲੱਗਾ। ਇਕ ਪਲ ਉਸ ਨੂੰ ਲੱਗਾ, ਉਹਦੇ ਪੁੱਤ ਨੇ ਬੇਗਾਨੇ ਦੇਸ਼ ਵਿਚ ਆਪਣੀ ਜੜ੍ਹ ਮਜ਼ਬੂਤ ਕਰ ਲਈ ਹੋਵੇ ਤੇ ਉਹ ਆਪਣੇ ਹੀ ਦੇਸ਼ ਅੰਦਰ ਜੜ੍ਹਹੀਣ ਹੋ ਗਿਆ ਹੋਵੇ।

ਬਖਤਾਵਰ ਪਰਮ ਦਾ ਮੋਢਾ ਫੜ ਨਿਆਸਰਾ ਜਿਹਾ ਬਣ ਕਹਿਣ ਲੱਗਾ, "ਪਰਮ ਮੈਨੂੰ ਆਪਣੇ ਘਰ ਲੈ ਚੱਲ।" ਉਸ ਤੋਂ ਬਾਅਦ ਉਹ ਦੋਵੇਂ ਪਰਮ ਦੇ ਘਰ ਵੱਲ ਹੋ ਤੁਰੇ ਸਨ। ਪਰ ਪਰਮ ਦੇ ਘਰ ਦੀਆਂ ਬਰੂਹਾਂ ਟੱਪਦੇ ਬਖਤਾਵਰ ਦੇ ਪੈਰ ਮੁੜ ਪਿਛਾਂਹ ਹੋ ਗਏ। ਪਰਮ ਵਲ ਤਰਲੇ ਜਿਹੇ ਨਾਲ ਵੇਖਦਿਆਂ ਬਖਤਾਵਰ ਬੋਲਿਆ, "ਤੇਰੇ ਘਰ ਜਾ ਕੇ ਵੀ ਕੀ ਕਰਨਾ।"

ਉਸ ਪਲ ਬਖਤਾਵਰ ਦੀਆਂ ਅੱਖਾਂ ਵਿਚ ਨਮੀ ਤੈਰ ਆਈ ਸੀ ਤੇ ਪਰਮ ਨੇ ਉਸ ਨਮੀ ਨੂੰ ਆਪਣੀਆਂ ਅੱਖਾਂ ਰਾਹੀਂ ਪੂੰਝ ਲਿਆ ਸੀ।

ਦੂਰ ਕਿਤਿਓਂ ਆਵਾਜ਼ ਆ ਰਹੀ ਸੀ-'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥'...ਤੇ ਬਖਤਾਵਰ ਭਰੇ ਮਨ ਨਾਲ ਹੀ ਉਸ ਆਵਾਜ਼ ਵੱਲ ਹੋ ਤੁਰਿਆ।

#

# ਦਿਓਲ ਪਿਉ-ਪੁੱਤ ਫਿਰ ਰੰਗ ਲਾਉਣਗੇ

'ਯਮਲਾ ਪਗਲਾ ਦੀਵਾਨਾ-2' ਵਿਚ ਧਰਮਿੰਦਰ, ਸਨੀ ਦਿਓਲ ਅਤੇ ਬੌਬੀ ਦਿਓਲ ਇਕ ਵਾਰ ਫਿਰ ਇਕੱਠੇ ਆ ਰਹੇ ਹਨ। ਇਹ ਫਿਲਮ 7 ਜੂਨ ਨੂੰ ਰਿਲੀਜ਼ ਹੋ ਰਹੀ ਹੈ। ਇਸ ਤੋਂ ਪਹਿਲਾਂ ਯਮਲਾ ਪਗਲਾ ਦੀਵਾਨਾ ਵਾਹਵਾ ਹਿੱਟ ਰਹੀ ਸੀ ਅਤੇ ਹੁਣ ਇਸ ਦਾ ਦੂਜਾ ਭਾਗ ਹਾਜ਼ਰ ਹੈ। ਇਸ ਫਿਲਮ ਦੀ ਕਹਾਣੀ ਲਿੰਡਾ ਦਿਓਲ ਨੇ ਲਿਖੀ ਹੈ। ਲਿੰਡਾ ਸੰਨੀ ਦਿਓਲ ਦੀ ਪਤਨੀ ਹੈ। ਲੋਕ ਮਿੰਡਾ ਨੂੰ ਪੂਜਾ ਦਿਓਲ ਦੇ ਨਾਂ ਨਾਲ ਜਾਣਦੇ ਹਨ, ਪਰ ਉਸ ਦੇ ਪਾਸਪੋਰਟ ਵਿਚ ਉਸ ਦਾ ਨਾਂ ਲਿੰਡਾ ਹੈ। ਫਿਲਮ ਦੀ ਸੂਚੀ ਵਿਚ ਉਸ ਦਾ ਨਾਂ ਲਿੰਡਾ ਦਿਓਲ ਲਿਖਿਆ ਗਿਆ ਹੈ। ਲਿੰਡਾ ਨੇ ਕਾਫੀ ਸਮਾਂ ਲੰਡਨ ਵਿਚ ਬਿਤਾਇਆ ਹੈ। ਉਹ ਉਥੋਂ ਦੀ ਮੰਦੀ ਦੇ ਦੌਰ ਤੋਂ ਵੀ ਜਾਣੂ ਹੈ। ਮੰਦੀ ਬਾਰੇ ਹੀ ਉਸ ਨੂੰ ਇਕ ਕਹਾਣੀ ਸੁਝੀ ਅਤੇ ਹੁਣ ਉਸ ਕਹਾਣੀ ਨੇ 'ਯਮਲਾ ਪਗਲਾ ਦੀਵਾਨਾ-2' ਦਾ ਰੂਪ ਲੈ ਲਿਆ ਹੈ। ਦੇਖਿਆ ਜਾਵੇ ਤਾਂ ਇਸ ਨਵੀਂ ਫਿਲਮ ਦਾ ਪੁਰਾਣੀ 'ਯਮਲਾ ਪਗਲਾ ਦੀਵਾਨਾ' ਦੀ ਕਹਾਣੀ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਦੋਹਾਂ ਫਿਲਮਾਂ ਦੀਆਂ ਕਹਾਣੀਆਂ ਵੱਖਰੀਆਂ ਹਨ। ਬਸ, ਉਸ ਫਿਲਮ



ਦੇ ਤਿੰਨ ਕਿਰਦਾਰ ਇਸ ਫਿਲਮ ਵਿਚ ਵੀ ਹਨ ਅਤੇ ਇਹ ਕਿਰਦਾਰ ਹਨ ਪਰਮਵੀਰ (ਸਨੀ ਦਿਓਲ), ਗਜੋਧਰ (ਬੌਬੀ ਦਿਓਲ) ਅਤੇ ਧਰਮ (ਧਰਮਿੰਦਰ)। 'ਯਮਲਾ ਪਗਲਾ ਦੀਵਾਨਾ' ਸਮੀਰ ਕਾਰਨਿਕ ਨੇ ਨਿਰਦੇਸ਼ਿਤ ਕੀਤੀ ਸੀ। ਨਵੀਂ ਫਿਲਮ ਦਾ ਸੰਗੀਤ ਸਿਵਾਨ ਨੇ ਨਿਰਦੇਸ਼ਿਤ ਕੀਤੀ ਹੈ। ਸੰਗੀਤ ਸਿਵਾਨ ਨੇ 'ਜ਼ੋਰ' ਵਿਚ ਵੀ ਸਨੀ ਨੂੰ ਨਿਰਦੇਸ਼ਿਤ ਕੀਤਾ ਸੀ ਅਤੇ 'ਏਕ-ਦਿ ਪਾਵਰ ਆਫ ਵਨ' ਵਿਚ ਬੌਬੀ ਨੂੰ। ਇਸ ਫਿਲਮ ਰਾਹੀਂ ਉਨ੍ਹਾਂ ਨੂੰ ਧਰਮਿੰਦਰ ਨੂੰ ਵੀ ਨਿਰਦੇਸ਼ਿਤ ਕਰਨ ਦਾ ਮੌਕਾ ਮਿਲਿਆ ਹੈ। ਸੰਗੀਤ ਸਿਵਾਨ ਨੇ ਆਪਣੀ ਇਸ ਫਿਲਮ ਵਿਚ ਕਾਫੀ ਮਸਾਲੇ ਪਾਏ ਹਨ।

# ਰਿੰਪੀ ਕੌਰ ਗਿੱਲ ਉਰਫ ਮਾਹੀ ਗਿੱਲ



ਪੰਜਾਬਣ ਮਾਹੀ ਗਿੱਲ ਪ੍ਰਪੱਕ ਅਭਿਨੈ 'ਚ ਕਦੇ-ਕਦੇ ਮੀਨਾ ਕੁਮਾਰੀ ਅਤੇ ਕਦੇ-ਕਦੇ ਸ਼ਬਾਨਾ/ਸਮਿਤਾ ਦੀ ਝਲਕ ਦਿਖਾ ਜਾਂਦੀ ਹੈ ? ਸਿੱਖਾਂ ਦੀ ਇਹ ਧੀ, ਰਿੰਪੀ ਕੌਰ ਗਿੱਲ ਤੋਂ ਮਾਹੀ ਗਿੱਲ ਬਣ ਕੇ ਦੱਖਣ ਤੇ ਉੱਤਰ ਦੇ ਨਾਲ-ਨਾਲ ਮੁੰਬਈ ਤੇ ਪੰਜਾਬ ਦੀ ਧੜਕਣ ਬਣ ਗਈ ਹੈ। ਅਨੁਰਾਗ ਕਸ਼ਯਪ ਦੀ ਇਹ ਪਾਰੋ ਹਰ ਫ਼ਿਲਮ 'ਚ ਨੰਬਰ ਲੈ ਜਾਂਦੀ ਹੈ। ਮਾਹੀ ਨੇ 'ਸਾਹਿਬ, ਬੀਵੀ ਔਰ ਗੈਂਗਸਟਰ' ਫਿਲਮ ਕਰ ਕੇ 'ਨਾਟ ਏ ਲਵ ਸਟੋਰੀ' ਨੂੰ ਵੀ ਪਿੱਛੇ ਛੱਡ ਦਿੱਤਾ। ਉਹ ਪਤਲੀ ਐਨੀ ਹੈ ਕਿ ਹਵਾ ਨਾਲ ਉੱਡ ਜਾਵੇ, ਪਰ ਅਦਾਕਾਰੀ ਅਜਿਹੀ ਕਿ ਦਮਦਾਰ ਸ਼ਬਦ ਵੀ ਫਿੱਕਾ ਪਵੇ। ਮਾਹੀ ਦੀ ਇਹ ਖਾਸੀਅਤ ਹੀ ਉਸ ਦੀ ਸਫ਼ਲਤਾ ਹੈ। ਉਸ ਦੀਆਂ ਅੱਖਾਂ ਹੀ ਆਪਣੇ-ਆਪ 'ਚ ਸੰਵਾਦ ਰਚਾਉਂਦੀਆਂ ਹਨ। ਕੁਦਰਤ ਨੇ ਕਲਾਕਾਰੀ ਉਸ ਨੂੰ ਤੋਹਫ਼ੇ 'ਚ ਦਿੱਤੀ ਹੈ। ਉਹਦੇ ਲਈ ਨੰਗ-ਧੜੰਗੇ ਦ੍ਰਿਸ਼ ਸਫ਼ਲਤਾ ਦਾ ਸਾਧਨ ਨਹੀਂ। ਰੰਗਮੰਚ 'ਚ ਡਿਗਰੀ ਲੈਣ ਸਮੇਂ ਹੀ ਇਹ ਗੱਲ ਪੱਕੀ ਹੋ ਗਈ ਸੀ ਕਿ ਉਸ ਦਾ ਰਾਹ ਸਿੱਧਾ ਫ਼ਿਲਮੀ ਦੁਨੀਆਂ ਨੂੰ ਜਾਂਦਾ ਹੈ। ਉਸ ਦੇ ਘਰਵਾਲੇ ਚਾਹੁੰਦੇ ਸਨ ਕਿ ਉਹ ਲੈਕਚਰਾਰ ਬਣੇ ਅਤੇ ਬੱਚਿਆਂ ਨੂੰ ਪੜ੍ਹਾਵੇ, ਪਰ ਛੋਟੇ ਪਰਦੇ ਨੇ ਵੱਡੇ ਪਰਦੇ ਦਾ ਰਾਹ ਦਿਖਾ ਕੇ ਮਾਹੀ ਗਿੱਲ ਨੂੰ ਉਸ ਦੀ ਅਸਲੀ ਮੰਜ਼ਿਲ ਦਿਖਾ ਦਿੱਤੀ। ਅੱਜਕੱਲ੍ਹ ਉਸ ਦੀ ਗੁੱਡੀ ਵਾਹਵਾ ਚੜ੍ਹੀ ਹੋਈ ਹੈ।



# ਜ਼ਰੀਨ ਖਾਨ ਦਾ ਜਲਵਾ

ਫ਼ਿਲਮ ਇੰਡਸਟਰੀ 'ਚ ਬਹੁਤੇ ਕਲਾਕਾਰ, ਖਾਸ ਕਰ ਕੇ ਅਭਿਨੇਤਰੀਆਂ ਅਜਿਹੀਆਂ ਹਨ ਜੋ ਆਕਰਸ਼ਕ ਨਜ਼ਰ ਆਉਣ ਲਈ ਆਪਣਾ ਭਾਰ ਵਧਣ ਨਹੀਂ ਦਿੰਦੀਆਂ। ਜੇ ਥੋੜ੍ਹੇ ਜਿਹੇ ਅਵੇਸਲੇਪਨ ਨਾਲ ਕੁਝ ਵਜ਼ਨ ਵਧਦਾ ਵੀ ਹੈ ਤਾਂ ਝੱਟ ਉਸ ਨੂੰ ਘੱਟ ਕਰਨ ਲਈ ਉਚੇਚੇ ਸਾਧਨਾਂ ਦੀ ਵਰਤੋਂ ਕਰਨ 'ਚ ਜੁੱਟ ਜਾਂਦੀਆਂ ਹਨ। ਫਿਲਮ 'ਵੀਰ' ਦੀ ਅਦਾਕਾਰਾ ਜ਼ਰੀਨ ਖਾਨ ਵੀ ਆਪਣੀ ਪ੍ਰਭਾਵਸ਼ਾਲੀ ਦਿੱਖ ਬਣਾਉਣ ਦੇ ਮਕਸਦ ਨਾਲ ਭਾਰ ਘੱਟ ਕਰਨ ਦੇ ਚੱਕਰ 'ਚ ਪਈ ਰਹੀ ਹੈ। ਦਰਅਸਲ ਇਸ ਗੱਲ ਦੀ ਸਮਝ ਉਸ ਨੂੰ ਸਲਮਾਨ ਖਾਨ ਨਾਲ ਫ਼ਿਲਮ 'ਰੈਡੀ' ਵਿਚ ਆਈਟਮ ਗੀਤ ਕਰ ਕੇ ਆਈ ਜਿਸ ਦੀ ਸ਼ੂਟਿੰਗ ਤੋਂ ਪਹਿਲਾਂ ਉਸ ਨੂੰ ਕਈ ਕਿਲੋ ਭਾਰ ਘਟਾਉਣਾ ਪਿਆ। ਉਸ ਮੁਤਾਬਿਕ ਇਸ ਗੀਤ ਦੀ ਲੋਕਪ੍ਰਿਅਤਾ ਤੋਂ ਉਸ ਨੂੰ ਇਹ ਸਬਕ ਮਿਲਿਆ ਕਿ ਬਾਲੀਵੁੱਡ 'ਚ ਪੈਰ ਜਮਾਉਣੇ ਹਨ ਤਾਂ ਉਸ ਲਈ ਮਨ ਨੂੰ ਮੋਹ ਲੈਣ ਵਾਲੀ ਦਿੱਖ ਦਾ ਹੋਣਾ ਲਾਜ਼ਮੀ ਹੈ। ਫ਼ਿਲਮ 'ਹਾਊਸਫੁਲ' ਸਮੇਤ ਕਈ ਹੋਰ ਫ਼ਿਲਮਾਂ 'ਚ ਵੀ ਕੰਮ ਕਰ ਚੁੱਕੀ ਜ਼ਰੀਨ ਖਾਨ ਦਾ ਮੰਨਣਾ ਹੈ ਕਿ ਫ਼ਿਲਮਕਾਰ ਜ਼ਿਆਦਾਤਰ ਉਨ੍ਹਾਂ ਅਭਿਨੇਤਰੀਆਂ ਨੂੰ ਤਰਜੀਹ ਦਿੰਦੇ ਹਨ ਜੋ ਚੁਲਬੁਲੀਆਂ ਹੁੰਦੀਆਂ ਹਨ। 'ਵੀਰ' ਤੇ 'ਹਾਊਸਫੁਲ-2' ਆਦਿ ਫ਼ਿਲਮਾਂ ਭਾਵੇਂ ਉਸ ਨੂੰ ਸਲਮਾਨ ਖਾਨ ਦੀ ਬਦੌਲਤ ਮਿਲੀਆਂ ਪਰ ਅੱਜ ਦੀ ਤਰੀਕ 'ਚ ਉਹ ਇਹ ਗੱਲ ਭਲੀਭਾਂਤ ਜਾਣ ਗਈ ਹੈ ਕਿ ਲੰਬੀ ਪਾਰੀ ਖੇਡਣ ਲਈ ਆਪਣੀ ਹਿੰਮਤ ਦਾ ਆਸਰਾ ਹੋਣਾ ਚਾਹੀਦਾ ਹੈ। ਇਸ ਤੱਥ ਨੂੰ ਸਾਹਮਣੇ ਰੱਖ ਕੇ ਉਸ ਨੇ ਹੋਰ ਵਧੇਰੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਹੈ। ਜ਼ਰੀਨ ਦਾ ਕਹਿਣਾ ਹੈ ਕਿ ਅਭਿਨੈ ਉਸ ਦੀ ਜਾਨ ਹੈ। ਉਹ ਚਾਹੁੰਦੀ ਹੈ ਕਿ ਉਹ ਇੰਡਸਟਰੀ 'ਚ ਚੰਗੀ ਅਦਾਕਾਰਾ ਵਜੋਂ ਸਥਾਪਤ ਹੋਵੇ।

# ਸਾਹਿਤ ਅਤੇ ਸਿਨੇਮਾ ਦਾ ਸੁਮੇਲ

ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਸਾਹਿਤਕ ਰਚਨਾਵਾਂ 'ਤੇ ਫ਼ਿਲਮਾਂ ਬਣਾਉਣ ਦਾ ਰੁਝਾਨ ਸ਼ੁਰੂ ਤੋਂ ਹੀ ਰਿਹਾ ਹੈ। ਭਾਵੇਂ ਸ਼ਰਤ ਚੰਦਰ ਚਟੋਪਾਧਿਆਏ ਦੇ ਨਾਵਲ 'ਤੇ ਆਧਾਰਤ 'ਦੇਵਦਾਸ' ਦੇ ਵੱਖ-ਵੱਖ ਅਡੀਸ਼ਨ ਹੋਣ ਜਾਂ ਵਿਸ਼ਵ ਪ੍ਰਸਿੱਧ ਰੂਸੀ ਨਾਵਲਕਾਰ ਦੀ ਇਤਿਹਾਸਕ ਰਚਨਾ 'ਕ੍ਰਾਈਮ ਐਂਡ ਪਨਿਸ਼ਮੈਂਟ' 'ਤੇ ਆਧਾਰਿਤ ਰਮੇਸ਼ ਸਹਿਗਲ ਦੀ 'ਫਿਰ ਸੁਬਹ ਹੋਗੀ' ਹੋਵੇ ਜਾਂ ਭਾਵੇਂ 1975 ਵਿਚ ਬਣੀ ਕੇਐਸ ਸੇਤੁਮਾਧਵਨ ਵੱਲੋਂ ਨਿਰਦੇਸ਼ਤ 'ਜੂਲੀ' ਹੋਵੇ ਜਾਂ ਫਿਰ 1976 ਵਿਚ ਬਿਮਲ ਕਾਰ ਦੇ ਬੰਗਾਲੀ ਨਾਵਲ 'ਤੇ ਬਣੀ 'ਬਾਲਿਕਾ ਵਧੂ' ਜਾਂ ਸਤਿਅਜੀਤ ਰੇਅ ਦੀ ਗੁਰੂਦੇਵ ਰਬਿੰਦਰਨਾਥ ਟੈਗੋਰ ਦੇ ਨਾਵਲ 'ਤੇ ਆਧਾਰਤ 'ਚਾਰੂ ਲਤਾ' ਜਾਂ ਫਿਰ ਆਰਕੇ ਨਾਰਾਇਣ ਦੇ ਨਾਵਲ 'ਤੇ ਆਧਾਰਤ ਨਵਕੇਤਨ ਫ਼ਿਲਮ ਦੀ 'ਗਾਈਡ'।

ਇਨ੍ਹਾਂ ਸਭ ਫ਼ਿਲਮਾਂ ਨੇ ਇਕ ਗੱਲ ਤਾਂ ਸਿੱਧ ਕੀਤੀ ਕਿ ਸਾਹਿਤਕ ਰਚਨਾਵਾਂ 'ਤੇ ਆਧਾਰਤ ਫ਼ਿਲਮਾਂ ਜਿਥੇ ਇਕ ਪਾਸੇ ਕਲਾਸਿਕ ਦਾ ਦਰਜਾ ਪ੍ਰਾਪਤ ਕਰਨ ਦੀ ਸਮਰੱਥਾ ਰੱਖਦੀਆਂ ਹਨ, ਉਥੇ ਹੀ ਦੂਜੇ ਪਾਸੇ ਬਾਕਸ ਆਫਿਸ 'ਤੇ ਵੀ ਚੰਗਾ-ਖਾਸਾ ਬਿਜ਼ਨੈੱਸ ਕਰਦੀਆਂ ਹਨ। ਸਮੀਖਿਅਕਾਂ-ਆਲੋਚਕਾਂ ਦੀ ਪ੍ਰਸ਼ੰਸਾ ਵੀ ਮਿਲਦੀ ਹੈ। ਇਸ ਪਿੱਛੇ ਮੁੱਖ ਕਾਰਨ ਸ਼ਾਇਦ ਇਹੀ ਰਹਿੰਦਾ ਹੈ ਕਿ ਪੂਰੀ ਟੀਮ ਸਾਹਿਤਕ ਰਚਨਾ ਦੇ ਨਾਲ ਪੂਰਾ ਨਿਆਂ ਕਰਨ ਲਈ ਆਪਣਾ ਜੀ-ਜਾਨ ਦਾਅ 'ਤੇ ਲਾ ਦਿੰਦੀ ਹੈ। ਅੱਜ ਦੀਆਂ ਸਾਹਿਤਕ ਰਚਨਾਵਾਂ 'ਤੇ ਬਣੀਆਂ ਸਫਲ ਫ਼ਿਲਮਾਂ ਦੀ ਸੂਚੀ ਵਿਚ 'ਥ੍ਰੀ ਇਡੀਅਟਸ' ਦਾ ਨਾਂ ਸਭ ਤੋਂ ਪਹਿਲਾਂ ਆਉਂਦਾ



*ਫ਼ਿਲਮ 'ਕਾਈ ਪੋ ਚੇ' ਦਾ ਇਕ ਦ੍ਰਿਸ਼।*



*'ਥ੍ਰੀ ਇਡੀਅਟਸ' ਵਿਚ ਕਰੀਨਾ ਕਪੂਰ।*

ਹੈ ਜੋ ਚੇਤਨ ਭਗਤ ਦੇ ਨਾਵਲ 'ਫਾਈਵ ਪੁਆਇੰਟ' ਸਮਵਨ-ਵ੍ਹਾਈਟ ਨੌਟ ਟੂ ਫੇਟ ਆਈ.ਆਈ.ਟੀ.' ਤੋਂ ਪ੍ਰੇਰਿਤ ਸੀ। ਇਸੇ ਲੜੀ ਦੀ ਅਗਲੀ ਕਿਸ਼ਤ ਵਿਚ ਅਭਿਸ਼ੇਕ ਕਪੂਰ ਵੱਲੋਂ ਨਿਰਦੇਸ਼ਤ 'ਕਾਈ ਪੋ ਚੇ' ਦਾ ਨਾਂ ਆਉਂਦਾ ਹੈ। ਇਸ ਫ਼ਿਲਮ ਦੀ ਖਾਸੀਅਤ ਇਹ ਹੈ ਕਿ ਕਿਸੇ ਵੀ ਵੱਡੇ ਬਾਲੀਵੁੱਡ ਸਟਾਰ ਨੇ ਇਸ ਵਿਚ ਕੰਮ ਕਰਨ ਦੀ ਹਾਮੀ ਨਹੀਂ ਭਰੀ ਜਦਕਿ ਚੇਤਨ ਭਗਤ ਦੇ ਨਾਵਲ ਤਾਂ ਸਿੱਧੀ ਸਫਲਤਾ ਦੀ ਗਾਰੰਟੀ ਹਨ। ਫਿਰ ਵੀ ਅਭਿਸ਼ੇਕ ਕਪੂਰ ਨੇ ਟੀਵੀ ਦੇ ਜਾਂ ਦਰਸ਼ਕਾਂ ਲਈ ਨਵੇਂ ਜਿਹੇ ਲੱਗਣ ਵਾਲੇ ਚਿਹਰਿਆਂ ਨੂੰ ਲੈ ਕੇ ਇਹ ਫ਼ਿਲਮ ਬਣਾਈ ਹੈ।

'ਕਾਈ ਪੋ ਚੇ' ਦੀ ਕਹਾਣੀ ਘੁੰਮਦੀ ਹੈ ਤਿੰਨ ਦੋਸਤਾਂ ਇਸ਼ਾਨ, (ਸੁਸ਼ਾਂਤ ਸਿੰਘ ਰਾਜਪੂਤ), ਓਂਕਾਰ ਸ਼ਾਸਤਰੀ (ਅਮਿਤ ਸਾਧ) ਤੇ ਗੋਵਿੰਦ ਪਟੇਲ (ਰਾਜ ਕੁਮਾਰ ਯਾਦਵ) ਦੇ ਆਲੇ-ਦੁਆਲੇ।ਤਿੰਨੇ ਪੱਕੇ ਮਿੱਤਰ ਹਨ ਤੇ ਦੋਸਤੀ ਦੇ ਹਰ ਯਾਦਗਾਰ ਪਲ ਦਾ ਮਜ਼ਾ ਲੈਂਦੇ ਹਨ। ਭਾਵੇਂ ਕੋਈ ਤਿਉਹਾਰ ਮਨਾਉਣਾ ਹੋਵੇ, ਸ਼ਰਾਬ ਪੀ ਕੇ ਨੱਚਣਾ ਹੋਵੇ, ਇਕੱਠਿਆਂ ਬੈਠ ਕੇ ਕ੍ਰਿਕਟ ਮੈਚ ਦੇਖਣਾ ਜਾਂ ਫਿਰ ਗੁਆਂਢ ਦੀ ਕਿਸੇ ਖੂਬਸੂਰਤ ਕੁੜੀ ਦਾ ਧਿਆਨ ਕਿਸ ਤਰ੍ਹਾਂ ਆਕਰਸ਼ਤ ਕਰਨਾ ਚਾਹੀਦੈ, ਇਸ ਦੀ ਰਣਨੀਤੀ ਬਣਾਉਣੀ ਹੋਵੇ, ਤਿੰਨੇ ਇਕ-ਦੂਜੇ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਨ।

ਇਸ਼ਾਨ, ਓਮੀ ਤੇ ਗੋਵਿੰਦ ਬਹੁਤ ਹੀ ਇੱਛਾਵਾਦੀ ਤੇ ਮਿਹਨਤੀ ਹਨ। ਉਹ 21ਵੀਂ ਸਦੀ ਦੇ ਸ਼ੁਰੂਆਤੀ ਦੌਰ ਵਾਲੇ ਭਾਰਤ ਵਿਚ ਕੁਝ ਵੱਖਰਾ ਕਰਨਾ ਚਾਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ 'ਨਾਂ ਤੇ ਕੀਮਤ' ਦੋਵੇਂ ਮਿਲ ਸਕਣ। ਸਮਾਂ ਬਹੁਤ ਬਲਵਾਨ ਹੈ। ਇਕ ਨਵੀਂ ਸਦੀ ਹੁਣੇ-ਹੁਣੇ ਸ਼ੁਰੂ ਹੋਈ ਹੈ, ਭਾਰਤ-ਪਾਕਿ ਸ਼ਕਤੀ ਬਣ ਕੇ ਉੱਭਰਿਆ ਹੈ ਤੇ ਬਾਹਰੋਂ ਹੀ ਸਹੀ, ਇਹ ਸ਼ਾਈਨਿੰਗ ਦਿਸ ਰਿਹਾ ਹੈ।

ਅਜਿਹੇ ਸਮੇਂ ਵਿਚ ਤਿੰਨੇ ਅਹਿਮਦਾਬਾਦੀ ਮੁੰਡੇ ਅਜਿਹਾ ਬਿਜ਼ਨੈੱਸ ਸ਼ੁਰੂ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਲਈ ਪ੍ਰਸਿੱਧੀ ਤੇ ਪੈਸੇ ਦੋਹਾਂ ਦਾ ਆਧਾਰ ਬਣੇ। ਜਿਸ ਦੇਸ਼ ਵਿਚ ਕ੍ਰਿਕਟ ਨੂੰ ਧਰਮ ਵਾਂਗ ਮੰਨਿਆ ਜਾਂਦਾ ਹੈ, ਉਥੇ ਉਨ੍ਹਾਂ ਤਿੰਨਾਂ ਨੂੰ ਇਕ ਸ਼ਾਨਦਾਰ ਯੋਜਨਾ ਦਾ ਖਿਆਲ ਆਉਂਦਾ ਹੈ-ਕਿਉਂ ਨਾ ਇਕ ਅਜਿਹੀ ਕ੍ਰਿਕਟ ਅਕਾਦਮੀ ਬਣਾਈ ਜਾਵੇ ਜੋ ਭਾਰਤ ਦੇ ਭਵਿੱਖ ਦੇ ਸੁਪਰ ਸਟਾਰਸ ਦਾ ਨਿਰਮਾਣ ਕਰ ਸਕਦੀ ਹੋਵੇ। ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਤਿੰਨੇ ਆਪਣਾ ਪੂਰਾ ਜ਼ੋਰ ਲਾ ਦਿੰਦੇ ਹਨ। ਅਜਿਹੇ ਵਿਚ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕੀ-ਕੀ ਉਤਰਾਅ-ਚੜ੍ਹਾਅ ਆਉਂਦੇ ਹਨ, ਕਿਹੜੀਆਂ ਰੁਕਾਵਟਾਂ ਨਾਲ ਉਨ੍ਹਾਂ ਦਾ ਵਾਹ ਪੈਂਦਾ ਹੈ, ਕਿਵੇਂ ਤੇ ਕੀ ਉਹ ਆਪਣੀ ਜ਼ਿੰਦਗੀ ਦੇ ਸੁਪਨੇ ਪੂਰੇ ਕਰ ਸਕਦੇ ਹਨ, ਇਹੀ ਇਸ ਫ਼ਿਲਮ ਵਿਚ ਦਿਖਾਇਆ ਗਿਆ ਹੈ। ਉਂਝ ਤੁਹਾਡੀ ਜਾਣਕਾਰੀ ਲਈ ਦੱਸ ਦੇਈਏ ਕਿ ਇਸ ਫ਼ਿਲਮ ਦਾ ਨਾਂ 'ਕਾਈ ਪੋ ਚੇ' ਇਕ ਗੁਜਰਾਤੀ ਵਾਕੰਸ਼ ਹੈ ਜਿਸ ਦਾ ਅਰਥ ਹੈ 'ਵੋ ਕਾਟਾ' (ਓ ਕੱਟਿਆ)।

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

## ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 63ਵੀਂ ਬਰਸੀ

ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ ਦੀ ਸਮੂਹ ਸਾਧ ਸੰਗਤ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ 2 ਜੂਨ 2013 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

**31 ਮਈ 2013** ਅਰੰਭ ਸ੍ਰੀ ਅਖੰਡ ਪਾਠ ਸਾਹਿਬ-10 ਵਜੇ ਸਵੇਰੇ

**2 ਜੂਨ 2013** ਭੋਗ ਸ੍ਰੀ ਅਖੰਡ ਪਾਠ ਸਾਹਿਬ-9 ਵਜੇ ਸਵੇਰੇ

ਪੰਥ ਪ੍ਰਸਿਧ ਰਾਗੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ

> ਗੁਰੂ ਕਾ ਲੰਗਰ ਅਤੁੱਟ ਵਰਤੇਗਾ। > ਗਰਮਾ ਗਰਮ ਛੋਲੇ-ਭਠੂਰਿਆਂ, ਜਲੇਬੀਆਂ, ਪਕੌੜਿਆਂ ਅਤੇ ਹਦਵਾਣੇ ਦੇ ਵਿਸ਼ੇਸ਼ ਸਟਾਲ ਲਗਣਗੇ।



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।





### Executive Committee

Baldev Singh Sallhan, Convenor (317-362-5843)

1. Harjinderpal Singh Dala, President (317-748-6911)
2. Inderjit Singh Dala, Vice president (317-605-2901)
3. Jasvir Singh Dipty, Chairman (812-344-4870)
4. Gurmeet Singh Sallhan, Vice chairman (317-987-3185)
5. Gurpreet Singh Sallhan, Cashier (317-748-7164)
6. Ranjit Singh Columbus, Secretary (812-375-4398)
7. Harpal Singh Jabbo, Joint Secretary (317-551-8199)
8. Sarbjit Singh Sallhan (317-362-5823)
9. Sukhwinder Singh Sukha (812-391-3062)
10. Lakhwant Singh S. P. (317-985-8513)
11. Neetu Ghotan (317-702-0112)
12. Swaran Singh (347-935-7439)
13. Amarinder Singh Rubal (732-581-8859)
14. Lakhwant Singh Khasria (317-985-1081)

### Committee Members

1. Davinder Singh (Guraya)
2. Gurinder Singh
3. Davinder Singh Duburji
4. Rick Singh Dala
5. Prithpal Singh Ghotra
6. Balwinder Singh Khak
7. Ranbir Singh Happy
8. Rocky Anderson
9. Amritpal Singh
10. Gurpreet Singh Billa
11. Baldev Singh (rice mill)
12. Ranjinder Singh New Castle
13. Lakhwinder Singh New Castle
14. Balvir Singh New Castle
15. Avtar Singh Muncie
16. Balwinder Singh (Bali Upland)
17. Lakhwinder Singh Jalalpur
18. Ranjit Singh Salempur
19. Satpal Singh Jabbo
20. Jatinder Singh
21. Raj Singh
22. Pradeep Singh
23. Ragbir Singh (Khalil)
24. Surinder Singh Sallhan
25. Satinder Singh Kaki
26. Lada Begowal
27. Bittu Begowal
28. Dilbag Singh Evansville
29. Yuvraj Singh (Ambala)
30. Palwinder Singh (Ambala)
31. Joginder Singh Columbus
32. Gurdev Singh Columbus
33. Dr. Kalyan Singh
34. Kamaljit Singh Kamal
35. Sujaan Singh Bedford
36. Manjit Singh Bittu
37. Surmukh Singh
38. Kulveer Singh Vicky
39. Rocky Briar
40. Kurbaan Singh
41. Ballu (Patnura)
42. Parmjit Singh (Maksudpur)
43. Nick (Kokomo)